ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 15 | 12 April to 18 April 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com





# ਚੁਰਾਸੀ ਦੀ ਪੀੜ : ਨਿਆਂ ਤਾਂ ਦੂਰ ਭਾਰਤੀ ਹਕੂਮਤ 'ਸਿੱਖ ਕਤਲੇਆਮ' ਮੰਨਣ ਤੋਂ ਵੀ ਭੱਜੀ

## ਓਂਟਾਰੀਓ ਅਸੈਂਬਲੀ ਨੇ ਮਤਾ ਪਾਸ ਕਰਕੇ ਸਿੱਖ ਮਨਾਂ ਦੀ ਕੀਤੀ ਟਕੋਰ • ਕਾਂਗਰਸ ਨੂੰ ਮਿਹਣੇ ਮਾਰਨ ਵਾਲੀ ਮੋਦੀ ਸਰਕਾਰ ਦਾ ਚਿਹਰਾ ਬੇਨਕਾਬ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਨੇਡਾ ਦੀ ਓਂਟਾਰੀਓ ਸੂਬਾ ਅਸੈਂਬਲੀ ਨੇ 1984 ਦੇ ਦੁਖਾਂਤ ਨੂੰ ਸਿੱਖ ਕਤਲੇਆਮ ਮੰਨਦਿਆਂ ਮਤਾ ਪਾਸ ਕਰਕੇ ਸਿੱਖ ਮਨਾਂ ਦੀ ਟਕੋਰ ਕੀਤੀ ਹੈ। ਪਰ ਮੋਦੀ ਸਰਕਾਰ ਨੂੰ ਇਹ ਵੀ ਹਜ਼ਮ ਨਹੀਂ ਹੋ ਰਿਹਾ। ਮੋਦੀ ਸਰਕਾਰ ਨੇ ਓਂਟਾਰੀਓ ਸੂਬਾ ਅਸੈਂਬਲੀ ਦਾ ਮਤਾ ਰੱਦ ਕਰਕੇ ਸਿੱਖ ਭਾਈਚਾਰੇ ਦੇ ਜ਼ਖ਼ਮਾਂ ਨੂੰ ਫੇਰ ਉਚੇੜ ਦਿੱਤਾ ਹੈ। ਹੈਰਾਨੀ ਨਹੀਂ, ਦੁੱਖ ਹੁੰਦਾ ਹੈ ਕਿ 33 ਵਰ੍ਹਿਆਂ ਬਾਅਦ ਵੀ ਸਿੱਖਾਂ ਨੂੰ ਨਿਆਂ ਮਿਲਣਾ ਤਾਂ ਦੂਰ, ਇਸ ਤਬਾਹੀ ਨੂੰ ਭਾਰਤੀ ਹਕੂਮਤਾਂ 'ਸਿੱਖਾਂ ਦਾ ਕਤਲੇਆਮ' ਮੰਨਣ ਲਈ ਵੀ ਤਿਆਰ ਨਹੀਂ ਹਨ। ਵਰ੍ਹਿਆਂ ਦੀ ਇਹ ਪੀੜ ਕਦੇ ਨਾ ਮੁੱਕਣ ਵਾਲੀ ਦਾਸਤਾਨ ਹੈ। ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਲੜੀ ਜਾ ਰਹੀ ਲੰਬੀ ਅਦਾਲਤੀ ਲੜਾਈ ਵੀ ਖ਼ਤਮ ਹੁੰਦੀ ਨਜ਼ਰ ਨਹੀਂ ਆ ਰਹੀ।



ਜਗਮੀਤ ਸਿੰਘ



ਰਵਿੰਦਰ ਕੌਰ ਮੱਲ੍ਹੀ

ਭਾਵੇਂ ਭਾਰਤੀ ਹਕੂਮਤ ਵਲੋਂ ਇਸ ਨੂੰ 'ਸਿੱਖ ਕਤਲੇਆਮ' ਮੰਨ ਲੈਣ ਨਾਲ ਨਿਆਂ ਨਹੀਂ ਮਿਲਣ ਲੱਗਾ ਪਰ ਨਿਆਂ ਲਈ ਲੜੀ ਜਾ ਰਹੀ ਲੜਾਈ ਨੂੰ ਹੋਰ ਤਾਕਤ ਮਿਲ ਸਕਦੀ ਹੈ ਤੇ ਕੌਮਾਂਤਰੀ ਦਬਾਅ ਅੱਗੇ ਇਨਸਾਫ਼ ਮਿਲਣ ਦੀ ਆਸ ਵੀ ਬੱਝਦੀ ਹੈ। ਓਂਟਾਰੀਓ ਅਸੈਂਬਲੀ ਦੇ ਮਤੇ ਦੀ ਸ਼ਲਾਘਾ ਕਰਦਿਆਂ ਸਿੱਖ ਭਾਈਚਾਰਾ ਆਪਣੀ ਲੜਾਈ ਨੂੰ ਹੋਰ ਤਿੱਖੀ ਕਰਨ ਲਈ ਡੱਟ ਗਿਆ ਹੈ। ਕੇਂਦਰ ਵਿਚ ਭਾਜਪਾ ਦੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣੀ ਹੀ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਅਕਾਲੀ ਦਲ ਦੇ ਨਰੇਸ਼ ਗੁਜਰਾਲ ਨੇ ਰਾਜ ਸਭਾ ਵਿਚ ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਲੋਕ ਸਭਾ ਵਿਚ ਸਿੱਖਾਂ ਦੇ ਹੱਕ-ਸੱਚ ਦੀ ਆਵਾਜ਼ ਬੁਲੰਦ ਕੀਤੀ। ਗੁਜਰਾਲ

ਬਾਕੀ ਸਫ਼ਾ 32 'ਤੇ

# ਅਮਰੀਕੀ ਕਾਂਗਰਸ ਵੱਲੋਂ ਵਿਸਾਖੀ ਨੂੰ ਸਿੱਖਾਂ ਦੇ ਧਾਰਮਿਕ ਤਿਉਹਾਰ ਵਜੋਂ ਮਾਨਤਾ ਦਾ ਮਤਾ ਪਾਸ

**ਵਾਸ਼ਿੰਗਟਨ ਡੀਸੀ/ਬਿਊਰੋ ਨਿਊਜ਼ :** ਵਿਸ਼ਵ ਵਿਚ ਰਹਿੰਦੀ ਸਾਰੀ ਸਿੱਖ ਕੌਮ ਲਈ ਇਹ ਵੱਡੀ ਅਤੇ ਖ਼ੁਸ਼ੀ ਦੀ ਖ਼ਬਰ ਹੈ ਕਿ ਅਮਰੀਕਾ ਦੇ ਸਮੁੱਚੇ ਕਾਂਗਰਸ ਮੈਨਾਂ ਦੇ ਇਜਲਾਸ ਵਿਚ ਸਿੱਖਾਂ ਦੇ ਤਿਉਹਾਰ ਵਿਸਾਖੀ ਨੂੰ ਮਾਨਤਾ ਦੇਣ ਦਾ ਮਤਾ ਪਾਸ ਕਰ ਦਿੱਤਾ ਗਿਆ। ਇਹ ਮਤਾ ਵਾਸ਼ਿੰਗਟਨ ਡੀਸੀ ਦੀ ਕੈਪੀਟਲ ਹਿੱਲ ਵਿਚ ਪਾਇਆ ਗਿਆ ਜਿੱਥੇ ਕਿ ਅਮਰੀਕਾ ਸਰਕਾਰ ਦੇ ਮਤੇ ਪੈਂਦੇ ਹਨ ਤੇ ਕਾਨੂੰਨ ਬਣਦੇ ਹਨ। ਇਹ ਮਤਾ ਪੈਣ ਨਾਲ ਅਮਰੀਕਾ ਵਿਚ ਵਿਸਾਖੀ ਨੂੰ 'ਨੈਸ਼ਨਲ ਸਿੱਖ ਡੇਅ' ਵਜੋਂ ਨਿਰਧਾਰਤ ਕਰਨ ਦਾ ਰਾਹ ਵੀ ਖੁੱਲ੍ਹ ਗਿਆ ਹੈ। ਵਾਸ਼ਿੰਗਟਨ ਡੀਸੀ ਦੀ ਕੈਪੀਟਲ ਹਿੱਲ ਵਿਚ ਅਮਰੀਕਾ ਦੇ ਸਾਰੇ ਕਾਂਗਰਸ ਮੈਨ ਸਪੀਕਰ ਪੌਲ ਰਾਇਨ ਦੀ ਪ੍ਰਧਾਨਗੀ ਵਿਚ ਹੋਈ 115ਵੀਂ ਕਾਂਗਰਸ ਦੇ ਪਹਿਲੇ ਇਜਲਾਸ ਵਿਚ ਇਕੱਤਰ ਹੋਏ ਸਨ, ਜਿਸ

ਬਾਕੀ ਸਫ਼ਾ 32 'ਤੇ



ਵਾਸ਼ਿੰਗਟਨ ਡੀਸੀ ਦੀ ਕੈਪੀਟਲ ਹਿੱਲ ਇਮਾਰਤ ਦੇ ਬਾਹਰ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਸਿੱਖ ਆਗੂ।

# ਖਾਲਸਾ ਸਾਜਣਾ ਦਿਵਸ ਨੂੰ ਸਮਰਪਿਤ ਕੱਢੀ ਗਈ 'ਨੈਸ਼ਨਲ ਸਿੱਖ ਡੇ ਪਰੇਡ' ਰਹੀ ਖਿੱਚ ਦਾ ਕੇਂਦਰ



ਵਾਸ਼ਿੰਗਟਨ ਡੀ.ਸੀ ਵਿਚ ਕੱਢੀ ਗਈ ਦੂਜੀ 'ਨੈਸ਼ਨਲ ਸਿੱਖ ਡੇ ਪਰੇਡ' ਵਿੱਚ ਸ਼ਾਮਲ ਸੰਗਤ।

**ਵਾਸ਼ਿੰਗਟਨ ਡੀ.ਸੀ/ਬਿਊਰੋ ਨਿਊਜ਼ :** ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਲਾਂ ਅਤੇ ਸਿੱਖਾਂ ਦੀ ਵੱਖਰੀ ਪਛਾਣ ਸਬੰਧੀ ਜਾਗਰੁਕਤਾ ਫੈਲਾਉਣ ਦੇ ਮੰਤਵ ਨਾਲ ਵਾਸ਼ਿੰਗਟਨ ਡੀ.ਸੀ ਵਿਚ 'ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ' ਦੀ ਕਮਾਂਡ ਹੇਠ ਇਸ ਸਾਲ ਦੂਜੀ 'ਨੈਸ਼ਨਲ ਸਿੱਖ ਡੇ ਪਰੇਡ' ਕੱਢੀ ਗਈ। ਹਜ਼ਾਰਾਂ ਦੇ ਇਕੱਠ ਵਾਲੀ ਇਸ ਪਰੇਡ ਵਿੱਚ ਅਮਰੀਕਾ ਦੀਆਂ ਕਰੀਬ 60 ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਪਰੇਡ ਦੀ ਸ਼ੁਰੂਆਤ ਤੋਂ ਹੀ ਖਾਲਸਾਈ ਜਲੌਅ ਅਮਰੀਕਨਾਂ ਦੀ ਖਿੱਚ ਦਾ ਕੇਂਦਰ ਰਿਹਾ ਕਿਉਂਕਿ ਇਸੇ ਦਿਨ ਚੈਰੀ ਬਲੌਸਮ ਪਰੇਡ ਵੀ ਕੱਢੀ ਗਈ ਸੀ ਜਿਸ ਵਿੱਚ ਸ਼ਾਮਲ ਹੋਣ ਲਈ ਅਮਰੀਕਾ ਭਰ ਤੋਂ ਲੋਕ

ਬਾਕੀ ਸਫ਼ਾ 32 'ਤੇ


ਵਿਸ਼ੇਸ਼ ਸੂਚਨਾ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਜੈ ਸਿੰਘ
ਫੋਨ ਨੰਬਰ
510-677-2777
















GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# 'ਦੀ ਬਲੈਕ ਪ੍ਰਿੰਸ' ਦੀ ਝੋਲੀ 'ਚ 'ਬੈਸਟ ਡਰਾਮਾ ਫੀਚਰ' ਐਵਾਰਡ ਵੀ ਪਿਆ

**ਲਾਸ ਏਂਜਲਸ/ਬਿਊਰੋ ਨਿਊਜ਼ :** ਪੰਜਾਬ ਦੀ ਰਿਆਸਤ ਦੇ ਆਖ਼ਰੀ ਵਾਰਿਸ ਮਹਾਰਾਜਾ ਦਲੀਪ ਸਿੰਘ ਦੀ ਜੀਵਨੀ 'ਤੇ ਆਧਾਰਤ ਫ਼ਿਲਮ 'ਦੀ ਬਲੈਕ ਪ੍ਰਿੰਸ' ਨੇ ਦੁਨੀਆ ਭਰ ਵਿਚ ਹੋਏ ਕੌਮੀ ਅਤੇ ਕੌਮਾਂਤਰੀ ਫ਼ਿਲਮਾਂ ਉਤਸਵਾਂ ਵਿਚ ਢੇਰ ਸਾਰੇ ਇਨਾਮ ਜਿੱਤੇ ਹਨ। ਭਾਰਤੀ-ਅਮਰੀਕੀ ਫ਼ਿਲਮਸਾਜ਼ ਕਵੀ ਰਾਜ਼ ਵਲੋਂ ਨਿਰਦੇਸ਼ਤ ਤੇ ਲਿਖੀ ਫ਼ਿਲਮ ਨੇ ਹਾਲ ਹੀ ਵਿਚ ਲਾਸ ਏਂਜਲਸ ਫ਼ਿਲਮ ਐਵਾਰਡਜ਼ ਮੌਕੇ 'ਬੈਸਟ ਡਰਾਮਾ ਫੀਚਰ' ਦਾ ਪੁਰਸਕਾਰ ਜਿੱਤਿਆ। ਲੰਡਨ ਦੇ ਮਾਨਚੈਸਟਰ ਫ਼ਿਲਮ ਫੈਸਟੀਵਲ ਵਿਖੇ 'ਬੈਸਟ ਪ੍ਰੋਡਕਸ਼ਨ' ਦਾ ਐਵਾਰਡ ਹਾਸਲ ਕੀਤਾ। ਫ਼ਿਲਮ ਵਿਚ ਪੰਜਾਬੀ ਗਾਇਕ-ਗੀਤਕਾਰ ਸਤਿੰਦਰ ਸਰਤਾਜ ਨੇ ਮਹਾਰਾਜਾ ਦਲੀਪ ਸਿੰਘ ਦਾ



ਕਿਰਦਾਰ ਨਿਭਾਇਆ ਹੈ। ਇਸ ਫ਼ਿਲਮ ਨੇ ਐਕਲੋਡ ਗਲੋਬਲ ਫ਼ਿਲਮ ਕੰਪੀਟਿਸ਼ਨ ਵਿਖੇ ਵੀ 'ਬੈਸਟ ਆਫ਼ ਸ਼ੋਅ' ਦਾ ਐਵਾਰਡ ਜਿੱਤਿਆ। ਸਤਿੰਦਰ ਸਰਤਾਜ ਨੂੰ ਬਿਹਤਰੀਨ ਅਦਾਕਾਰੀ ਲਈ 'ਐਵਾਰਡ ਆਫ਼ ਮੈਰਿਟ ਸਪੈਸ਼ਲ ਮੈਨਸ਼ਨ' ਨਾਲ ਨਿਵਾਜਿਆ ਗਿਆ। ਇਹ ਫ਼ਿਲਮ ਮਹਾਰਾਜਾ ਦਲੀਪ ਸਿੰਘ, ਜੋ ਮਹਿਜ਼ ਪੰਜ ਵਰ੍ਹਿਆਂ ਦੀ ਉਮਰ ਵਿਚ ਸੱਤਾ 'ਤੇ ਕਬਜ਼ੇ ਦੀ ਖਾਤਰ ਬਰਤਾਨਵੀ ਹਾਕਮਾਂ ਵਲੋਂ 'ਅਗਵਾ' ਕਰ ਲਏ ਜਾਂਦੇ ਹਨ, ਦੇ ਦੁੱਖਾਂ ਭਰੇ ਜੀਵਨ ਨੂੰ ਬਿਆਨ ਕਰਦੀ ਹੈ। ਮਹਾਰਾਜਾ ਦਲੀਪ ਸਿੰਘ ਦੀ ਮਾਂ ਦਾ ਰੋਲ ਬਾਲੀਵੁੱਡ ਦੀ ਉੱਘੀ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਨਿਭਾਇਆ ਹੈ। ਮਹਾਰਾਜਾ ਦਲੀਪ ਸਿੰਘ ਮਹਾਰਾਣਾ ਵਿਕਟੋਰੀਆ ਦੀ ਨਿਗਰਾਨੀ ਹੇਠ ਅੰਗਰੇਜ਼ ਪ੍ਰਿੰਸ ਵਜੋਂ ਵੱਡੇ ਹੁੰਦੇ ਹਨ। 13 ਸਾਲਾਂ ਬਾਅਦ ਮਹਾਰਾਜਾ ਦਲੀਪ ਸਿੰਘ ਦੀ ਮੁਲਾਕਾਤ ਆਪਣੀ ਮਾਂ ਨਾਲ ਹੁੰਦੀ ਹੈ, ਜਿਸ ਤੋਂ ਉਨ੍ਹਾਂ ਨੂੰ ਆਪਣੇ ਪੰਜਾਬ ਵਿਚ ਬੀਤੇ ਬਚਪਨ ਦਾ ਸੱਚ ਪਤਾ ਚਲਦਾ ਹੈ। ਆਪਣਾ ਮਾਣ-ਸਨਮਾਨ ਵਾਪਸ ਹਾਸਲ ਕਰਨ ਲਈ ਫੇਰ ਉਨ੍ਹਾਂ ਦਾ ਅਗਲਾ ਸਫ਼ਰ ਸ਼ੁਰੂ ਹੁੰਦਾ ਹੈ। ਲਾਸ ਏਂਜਲਸ ਫ਼ਿਲਮ ਐਵਾਰਡਜ਼ ਮੌਕੇ ਸ਼ਬਾਨਾ ਆਜ਼ਮੀ ਨੂੰ 'ਬਿਹਤਰੀਣ ਅਦਾਕਾਰਾ' ਪੁਰਸਕਾਰ ਨਾਲ ਨਿਵਾਜਿਆ ਗਿਆ ਸੀ। ਇਹ ਫ਼ਿਲਮ ਹਾਲ ਹੀ ਵਿਚ ਸੈਨ ਹੋਜ਼ੇ ਵਿਖੇ ਸਿਨੇਕੁਇਐਸਟ ਫ਼ਿਲਮ ਅਤੇ ਵੀ.ਆਰ. ਫੈਸੀਟਵਲ ਮੌਕੇ ਦਿਖਾਈ ਗਈ। ਇਹ ਫ਼ਿਲਮ ਹੁਣ ਨਿਊਪੋਰਟ ਫ਼ਿਲਮ ਫੈਸਟੀਵਲ ਦੌਰਾਨ ਦਿਖਾਈ ਜਾਵੇਗੀ ਜੋ 20 ਤੋਂ 27 ਅਪ੍ਰੈਲ ਦੌਰਾਨ ਨਿਊਪੋਰਟ ਬੀਚ, ਕੈਲੀਫੋਰਨੀਆ ਵਿਖੇ ਹੋ ਰਿਹਾ ਹੈ। ਇਹ ਫ਼ਿਲਮ ਦੁਨੀਆ ਭਰ ਦੇ ਸਿਨੇਮਾ ਘਰਾਂ ਵਿਚ 19 ਮਈ ਨੂੰ ਰਿਲੀਜ਼ ਹੋਣ ਜਾ ਰਹੀ ਹੈ।

# ਅਮਰੀਕੀ ਸੰਸਦ 'ਚ ਵਿਸਾਖੀ ਨੂੰ ਖ਼ਾਲਸਾ ਸਥਾਪਨਾ ਦਿਵਸ ਵਜੋਂ ਮਨਾਉਣ 'ਤੇ ਸਿੱਖ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ



**ਫ਼ਰੀਮੌਂਟ/ਬਿਊਰੋ ਨਿਊਜ਼:** ਅਮਰੀਕੀ ਕਾਂਗਰਸ 'ਚ ਵਿਸਾਖੀ ਤਿਉਹਾਰ ਨੂੰ ਖ਼ਾਲਸੇ ਦੀ ਸਥਾਪਨਾ ਵਜੋਂ ਮਨਾਉਣ 'ਤੇ ਸਮੂਹ ਸਿੱਖ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ ਫੈਲ ਗਈ ਹੈ। ਅਮਰੀਕੀ ਸਿੱਖ ਕਾਂਗਰਰੇਸ਼ਨਲ ਕਾਕਸ ਦੇ ਚੇਅਰਮੈਨ ਪੈਟਰਿਕ ਰੋਮੀ ਅਤੇ ਜੌਹਨ ਗਾਰਾਮੈਂਡੀ ਵਲੋਂ ਅਮਰੀਕੀ ਕਾਂਗਰਸ 'ਚ 6 ਅਪ੍ਰੈਲ ਨੂੰ ਪੇਸ਼ ਕੀਤੇ ਗਏ ਮਤੇ ਨੂੰ ਪ੍ਰਵਾਨਗੀ ਦਿੱਤੀ ਗਈ, ਜਿਸ 'ਚ ਹਰ ਸਾਲ ਅਪ੍ਰੈਲ ਦੇ ਮਹੀਨੇ ਵਿਸਾਖੀ ਖ਼ਾਲਸਾ ਸਥਾਪਨਾ ਦਿਵਸ ਵਜੋਂ ਮਨਾਈ ਜਾਵੇਗੀ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਕਿਹਾ ਕਿ ਮਤੇ 'ਚ ਸਿੱਖਾਂ ਦੇ ਅਮਰੀਕਾ ਦੀ ਖ਼ੁਸ਼ਹਾਲੀ ਤੇ ਤਰੱਕੀ 'ਚ ਭੂਮਿਕਾ ਦੀ ਸ਼ਲਾਘਾ ਵੀ ਕੀਤੀ ਗਈ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਅਮਰੀਕਨ ਸਮਾਜ ਦਾ ਸਿੱਖਾਂ ਪ੍ਰਤੀ ਦਰਸਾਏ ਮੋਹ 'ਤੇ ਉਹ ਖੁਸ਼ ਹਨ। ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਅਮਰੀਕਾ ਦੇ ਹਾਊਸ 'ਚ ਮਤਾ ਪਾਸ ਕਰਕੇ ਅਮਰੀਕਾ ਦੀ ਸਰਕਾਰ ਅਤੇ ਪ੍ਰਸ਼ਾਸ਼ਨ ਨੇ ਸਿੱਖਾਂ ਪ੍ਰਤੀ ਅਪਣਾਪਣ ਜਤਾਇਆ ਹੈ, ਜੋ ਸਿੱਖ ਕਦੇ ਨਹੀਂ ਭੁਲਣਗੇ। ਉਨਾਂ ਕਿਹਾ ਕਿ ਸਾਊਥ ਏਸ਼ੀਆ 'ਚ ਪੰਜਾਬ 'ਚ ਇਹ ਤਿਉਹਾਰ ਫ਼ਸਲ ਦੇ ਪੱਕਣ ਦੀ ਖੁਸ਼ੀ 'ਚ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਦੋਹਾਂ ਅਮਰੀਕੀ ਸਿੱਖ ਆਗੂਆਂ ਨੇ 'ਅਮਰੀਕੀ ਸਿੱਖ ਕਾਂਗਰਸ ਕਾਕਸ' ਦੇ ਕੋਚੇਅਰ ਕਾਂਗਰਸ ਵੂਮੈਨ ਜੂਡੀ ਚੂ (ਸੀਏ-27) ਅਤੇ

ਇਸ ਸਬੰਧੀ ਫੋਟੋਆਂ ਰੰਗਦਾਰ ਸਫ਼ਾ 25 ਉੱਤੇ ਦੇਖੋ

ਕੋਚੇਅਰ ਕਾਂਗਰਸ ਡੇਵਿਡ ਜੀ ਵਾਲਾਡਾਓ (ਸੀਏ-21) ਵੱਲੋਂ ਇਸ ਮਤੇ ਨੂੰ ਪਾਸ ਕਰਵਾਉਣ 'ਚ ਨਿਭਾਈ ਗਈ ਮਹੱਤਵਪੂਰਨ ਭੂਮਿਕਾ 'ਤੇ ਖੁਸ਼ੀ ਜ਼ਾਹਰ ਕੀਤੀ ਅਤੇ ਦਿਲ ਦੀਆਂ ਗਹਿਰਾਈਆਂ 'ਚੋਂ ਇਨਾਂ ਦੋਹਾਂ ਕਾਕਸ ਦੇ ਲੀਡਰਾਂ ਦਾ ਧੰਨਵਾਦ ਕੀਤਾ। ਮਤੇ 'ਚ ਸਿੱਖਾਂ ਦੁਆਰੇ ਮਨਾਏ ਜਾਂਦੇ ਇਸ ਤਿਉਹਾਰ ਦੌਰਾਨ ਸ਼ਮੂਲੀਅਤ ਕਰਨ ਅਤੇ ਸਾਰਿਆਂ ਨੂੰ ਇਸ 'ਚ ਭਾਗ ਲੈਣ ਦੀ ਪ੍ਰੇਰਣਾ ਵੀ ਦਿੱਤੀ ਗਈ ਅਤੇ ਕਿਹਾ ਗਿਆ ਕਿ ਪੂਰੇ ਅਮਰੀਕਾ ਭਰ 'ਚ ਸਿੱਖਾਂ ਦੀ ਮਿਹਨਤ ਅਤੇ ਲਗਨ ਸਦਕਾ ਹਮੇਸ਼ਾਂ ਹੀ ਸਮਾਜ ਭਲਾਈ ਦੇ ਕੰਮਾਂ 'ਚ ਆਪਣਾ ਯੋਗਦਾਨ ਦਿੱਤਾ ਹੈ, ਜਿਸ ਲਈ ਅਮਰੀਕਾ ਹਮੇਸ਼ਾਂ ਹੀ ਸਿੱਖਾਂ ਦਾ ਰਿਣੀ ਰਹੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਿੱਖ ਕੌਮ ਖੜੀ ਹੈ। ਉਨਾਂ ਅਮਰੀਕੀ ਪ੍ਰਸ਼ਾਸਨ ਦੀ ਸਿੱਖਾਂ ਦੇ ਗੰਭੀਰ ਮੁੱਦਿਆਂ ਨੂੰ ਵੱਡੇ ਪੱਧਰ 'ਤੇ ਉਠਾਉਣ ਲਈ ਵੀ ਸ਼ੁਕਰਾਨਾ ਕਰਦਿਆਂ ਕਿਹਾ ਕਿ ਪ੍ਰਸ਼ਾਸ਼ਨ ਹਮੇਸ਼ਾਂ ਸਿੱਖ ਕੌਮ 'ਤੇ ਹੁੰਦੇ ਵਿਤਕਰੇ ਤੇ ਅੱਤਿਆਚਾਰ ਲਈ ਹਮੇਸ਼ਾਂ ਆਵਾਜ਼ ਬੁਲੰਦ ਕਰਦਾ ਆਇਆ ਹੈ, ਲਈ ਵੀ ਉਹ ਉਨਾਂ ਦੇ ਰਿਣੀ ਹਨ। ਫ਼ਰੈਂਡਸ ਆਫ਼ ਸਿੱਖ ਕਾਕਸ ਵੱਲੋਂ ਸ. ਹਰਪ੍ਰੀਤ ਸਿੰਘ ਸੰਧੂ ਨੇ ਕਿਹਾ ਕਿ ਇਸ ਉਪਰਾਲੇ ਨਾਲ ਸਮੂਹ ਸਿੱਖਾਂ ਦੀ ਪਛਾਣ ਸਬੰਧੀ ਵਿਦੇਸ਼ਾਂ 'ਚ ਲੋਕ ਜਾਗ੍ਰਿਤ ਹੋਣਗੇ ਅਤੇ ਇਸ ਨਾਲ ਸਿੱਖਾਂ ਨੂੰ ਆਪਣੀ ਪਹਿਚਾਣ ਲਈ ਨਸਲੀ ਹਿੰਸਾ ਵਰਗੀਆਂ ਮੰਦਭਾਗੀਆਂ ਘਟਨਾਵਾਂ ਤੋਂ ਛੁਟਕਾਰਾ ਮਿਲ ਸਕੇਗਾ। ਸ. ਸੰਧੂ ਨੇ ਕਿਹਾ ਕਿ ਉਹ ਅਮਰੀਕੀ ਪ੍ਰਸ਼ਾਸਨ ਦੇ ਉਕਤ ਲੀਡਰਾਂ ਵੱਲੋਂ ਦਿੱਤੇ ਗਏ ਸਹਿਯੋਗ ਦੀ ਸ਼ਲਾਘਾ ਕਰਦੇ ਹਨ।





VIRSA ENTERTAINMENT PRESENTS
SPONSORED BY CHICAGO PIZZA BAY AREA
NIMRAT KHAIRA
MANKIRT AULAKH
HIMANSHI KHURANA
NINJA
SUNANDA SHARMA
VAISAKHI
ਮੇਲਾ
2017
DATE - 29TH APRIL 2017 , SATURDAY
TIMINGS 1PM-7PM
JAMES LOGAN HIGH SCHOOL
1800 H ST, UNION CITY, CA 94587
WWW.SULEKHA.COM/VIRSA
ASHA SHARMA
TICKETS
PRESALE $20
AT GATE $29
VIP,ELITE
SENIORS ABOVE 65 &
KIDS UNDER 7 FREE
CALL FOR VIP,ELITE
CONTACT FOR SPONSORSHIP , BOOTHS , BHANGRA & GIDDHA TEAMS PLEASE CONTACT
MICKEY SRA - 408-966-7019 , PREETI KANG - 510-509-8890 , JAGMIT JOSAN -408-658-3909
JASS AULAKH - 510-760-4275 , NIRAV GHUNCHALA- 510-396-0500 , SATWINDER SRA - 408-624-7857
MANNY BHANDAL 831-588-0725 PARDEEP SINGH BAJWA 916-917-0911
VIRSA ENTERTAINMENT
SPONSORED BY
CHICAGO'S PIZZA With-A-Twist
Fremont - Union City
SHALIMAR RESTAURANT SUNNYVALE
Raja SWEETS & CATERING
VANCO TRUCK & AUTO PLAZA
FRIENDS ENTERTAINMENT GROUP
SPEED HAULIER INC.
SIMRAN TRUCKING
ALL CITY TRUCKING INC.
SUMEL SINGH
IQBAL SINGH
AMOLAK SINGH
PALWINDER S GAKHAL
MEDIA PARTNER
Radio Punjab
ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over


FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA
DISCOVER NETWORK
AMERICAN EXPRESS


Opening Soon
Help wanted
★ Cook
★ Tandoria
★ server and
★ other helpers
Please call Manit Nagra at
317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐੱਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM

# ਲਾਸ ਏਂਜਲਸ ਦੇ ਕਨਵੈਨਸ਼ਨ ਸੈਂਟਰ 'ਚ ਸੰਗਤ ਨੇ ਚੜ੍ਹਦੀ ਕਲਾ ਵਿਚ ਮਨਾਈ ਵਿਸਾਖੀ







## *ਨਗਰ ਕੀਰਤਨ ਅਤੇ ਕੀਰਤਨ ਦਰਬਾਰ 'ਚ ਵੱਡੀ ਗਿਣਤੀ 'ਚ ਸੰਗਤ ਪੁੱਜੀ*

**ਲਾਸ ਏਂਜਲਸ/ਬਿਊਰੋ ਨਿਊਜ਼ :** ਇਥੋਂ ਦੇ ਕਨਵੈਨਸ਼ਨ ਸੈਂਟਰ ਵਿਚ ਸੰਗਤ ਨੇ ਪੂਰੀ ਚੜ੍ਹਦੀ ਕਲਾ ਵਿਚ ਵਿਸਾਖੀ ਮਨਾਈ। ਇਸ ਮੌਕੇ ਕੀਰਤਨ ਦਰਬਾਰ ਹੋਇਆ ਤੇ ਨਗਰ ਕੀਰਤਨ ਕੱਢਿਆ ਗਿਆ ਜਿਸ ਵਿਚ 15000 ਦੇ ਕਰੀਬ ਸੰਗਤ ਨੇ ਸ਼ਮੂਲੀਅਤ ਕੀਤੀ। ਕੈਲੀਫੋਰਨੀਆ ਦੇ ਨਾਲ ਨਾਲ ਮੈਕਸੀਕੋ ਤੇ ਭਾਰਤ ਤੋਂ ਵੀ ਸ਼ਰਧਾਲੂਆਂ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਤੜਕੇ 3:30 ਵਜੇ ਹੋਈ ਜਦੋਂ ਗੁਰੂ ਰਾਮ ਦਾਸ ਆਸ਼ਰਮ ਵਿਚ ਦਰਜਨਾਂ ਲੋਕ ਪ੍ਰੋ. ਰਣਜੀਤ ਸਿੰਘ ਵਲੋਂ 'ਆਸਾ ਦੀ ਵਾਰ' ਸੁਣਨ ਲਈ ਪੁੱਜੇ। ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਦੇ ਨਾਲ ਨਾਲ ਮੋਟਰਸਾਈਕਲ ਸਵਾਰ ਪੁਲੀਸ ਮੁਲਾਜ਼ਮ ਚੱਲ ਰਹੇ ਸਨ। ਖਾਲਸਾ ਦੇ ਕੇਸਰੀ ਨਿਸ਼ਾਨ ਝੂਲ ਰਹੇ ਸਨ। ਪੂਰਾ ਮਾਹੌਲ ਖਾਲਸਾਈ ਜਲੌਅ ਵਿਚ ਨਜ਼ਰ ਆ ਰਿਹਾ ਸੀ। ਇਹ ਨਗਰ ਕੀਰਤਨ ਕਰੀਬ 7:00 ਵਜੇ ਕਨਵੈਨਸ਼ਨ ਸੈਂਟਰ ਪੁੱਜਾ, ਜਿੱਥੇ ਕੀਰਤਨ ਦਰਬਾਰ ਹੋਇਆ। ਬੱਚਿਆਂ ਅਤੇ ਨੌਜਵਾਨਾਂ ਵਲੋਂ ਪੇਸ਼ ਕੀਰਤਨ ਨੇ ਸਾਰਿਆਂ ਨੂੰ ਮੰਤਰ ਮੁਗਦ ਕਰ ਦਿੱਤਾ। ਕੀਰਤਨ ਦਰਬਾਰ ਵਿਚ ਖਾਲਸਾ ਕੇਅਰ ਫਾਉਂਡੇਸ਼ਨ, ਕੌਰ ਐਂਡ ਸਿੰਘ ਅਕੈਡਮੀ, ਬਿਊਨਾ ਪਾਰਕ ਪੰਜਾਬੀ ਸਕੂਲ, ਵਾਲਨਟ ਗੁਰਦੁਆਰਾ ਕੀਰਤਨ ਗਰੁੱਪ, ਸੁਰ ਸੰਗਮ ਸੰਗੀਤ ਆਫ਼ ਕੋਰੋਨਾ, ਨਾਨਕ ਸਦਨ ਗੁਰਮਤਿ ਅਕੈਡਮੀ, ਉਜਲ ਦੀਦਾਰ ਸਿੰਘ ਮੈਮੋਰੀਅਲ ਫਾਉਂਡੇਸ਼ਨ, ਗੁਰੂ ਨਾਨਕਜ਼ ਚਿਲਡਰਨ ਅਕੈਡਮੀ ਆਫ਼ ਦੀ ਸਿੱਖ ਸੈਂਟਰ ਆਫ਼ ਓਰੇਂਜ, ਵੈਲੀ ਸਿੱਖ ਟੈਂਪਲ ਪੰਜਾਬੀ ਸਕੂਲ, ਸੁਰ ਸ਼ਬਦ ਪਰਿਵਾਰ ਆਫ਼ ਭਾਈ ਮਰਦਾਨਾ ਇੰਸਟੀਚਿਊਟ, ਗੁਰੂ ਰਾਮ ਦਾਸ ਆਸ਼ਰਮ ਖਾਲਸਾ ਯੂਥ ਗਰੁੱਪ ਅਤੇ ਬਾਬਾ ਫਰੀਦ ਸੰਗੀਤ ਅਕੈਡਮੀ ਨੇ ਸ਼ਮੂਲੀਅਤ ਕੀਤੀ। ਇਸ ਤੋਂ ਇਲਾਵਾ ਬੀਬੀ ਕਮਲਪ੍ਰੀਤ ਕੌਰ ਤੇ ਬਲਬੀਰ ਕੌਰ ਨੇ ਵੀ ਕੀਰਤਨ ਕੀਤਾ। ਲਾਸ ਏਂਜਲਸ, ਓਰੇਂਜ ਕਾਉਂਟੀ, ਰਿਵਰਸਾਈਡ ਕਾਉਂਟੀ, ਸੈਨ ਹੋਜ਼ੇ ਤੇ ਫਰਿਜ਼ਨੋ ਵਿਚਲੇ ਗੁਰਦੁਆਰਿਆਂ ਤੋਂ 20 ਦੇ ਕਰੀਬ ਰਾਗੀ ਸਿੰਘਾਂ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਨਵਾਂ ਸ਼ਹਿਰ (ਪੰਜਾਬ) ਦੇ ਢਾਡੀ ਜਥੇ ਕੁਲਜੀਤ ਸਿੰਘ ਦਿਲਬਰ ਨੇ ਵੀ ਗੁਰੂ ਦੇ ਦਰਬਾਰ ਵਿਚ ਹਾਜ਼ਰੀ ਭਰੀ। ਕੀਰਤਨੀ ਜਥਿਆਂ ਵਿਚ ਭਾਈ ਭੁਪਿੰਦਰਜੀਤ ਸਿੰਘ, ਭਾਈ ਸੰਤੋਖ ਸਿੰਘ, ਭਾਈ ਹੁਕਮ ਸਿੰਘ, ਭਾਈ ਸੁਰਦੀਪ ਸਿੰਘ, ਭਾਈ ਗਗਨਦੀਪ ਸਿੰਘ, ਭਾਈ ਸਤਪਾਲ ਸਿੰਘ, ਭਾਈ ਨੇਵ ਸਿੰਘ, ਭਾਈ ਗੋਪਾਲ ਸਿੰਘ, ਭਾਈ ਜਤਿੰਦਰ ਜੋਤ ਸਿੰਘ, ਭਾਈ ਗਿਆਨੀ ਅਜੀਤ ਸਿੰਘ, ਭਾਈ ਅਵਤਾਰ ਸਿੰਘ, ਭਾਈ ਸੁਭੇਗ ਸਿੰਘ, ਹਰਲਵ ਸਿੰਘ ਤੇ ਮਨਜੀਤ ਸਿੰਘ, ਭਾਈ ਗੁਰਦੀਪ ਸਿੰਘ ਤੇ ਭਾਈ ਸੁੱਚਾ ਸਿੰਘ ਦਾ ਜਥਾ ਸ਼ਾਮਲ ਸੀ। ਪੰਜ ਸਿੰਘਾਂ ਭਾਈ ਰਘਬੀਰ ਸਿੰਘ, ਭਾਈ ਜਸਵੰਤ ਸਿੰਘ, ਭਾਈ ਵਰਿੰਦਰ ਸਿੰਘ, ਭਾਈ ਖੇਮ ਸਿੰਘ ਤੇ ਭਾਈ ਸੁਰਦੀਪ ਸਿੰਘ (ਸੰਤ ਅਨੂਪ ਸਿੰਘ ਦੇ ਭਤੀਜੇ) ਦੇ ਰਾਗੀ ਜਥੇ ਵਲੋਂ ਸਾਂਝੇ ਤੌਰ 'ਤੇ ਪੇਸ਼ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਨਾਲ ਸਮਾਪਤੀ ਕੀਤੀ ਗਈ। ਹਰਦੇਵ ਸਿੰਘ ਖਾਲਸਾ, ਰਵਿੰਦਰ ਸਿੰਘ, ਹਰਦਲੀਪ ਸਿੰਘ ਤੇ ਬੀਰ ਇਸ਼ਵਰ ਸਿੰਘ ਨੇ ਕੀਰਤਨ ਦਰਬਾਰ ਦਾ ਸੰਚਾਲਨ ਕੀਤਾ।

ਅਮਰੀਕੀ ਕਾਂਗਰਸਵੂਮੈਨ ਜੂਡੀ ਚੂ ਸਮੇਤ ਦੱਖਣੀ ਕੈਲੀਫੋਰਨੀਆ ਦੀਆਂ ਕਈ ਸ਼ਖ਼ਸੀਅਤਾਂ ਨੂੰ ਸਿੱਖ ਭਾਈਚਾਰੇ ਵਲੋਂ ਸਨਮਾਨਤ ਕੀਤਾ ਗਿਆ। ਉਨ੍ਹਾਂ ਸਿੱਖ ਭਾਈਚਾਰੇ ਲਈ ਆਪਣੇ ਵਲੋਂ ਕੀਤੇ ਕਾਰਜਾਂ ਦਾ ਜ਼ਿਕਰ ਕੀਤਾ। ਕਾਂਗਰਸਮੈਨ ਬਰਾਡ ਸ਼ੇਰਮਨ, ਜੋ ਪੱਗ ਬੰਨ੍ਹ ਕੇ ਆਏ ਸਨ, ਨੇ ਪੰਥ ਦੀ ਸ਼ਲਾਘਾ ਕੀਤੀ ਅਤੇ ਸਿੱਖ ਭਾਈਚਾਰੇ ਨੂੰ ਆਪਣੀ ਪੂਰੀ ਹਮਾਇਤ ਦਾ ਭਰੋਸਾ ਦਿੱਤਾ। ਕਾਂਗਰਸਵੂਮੈਨ ਜੈਕਲੀਨ ਹਮਿਲਟਨ ਨੇ ਵੀ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ।

ਇਸ ਮੌਕੇ ਸਿੱਖ ਭਾਈਚਾਰੇ ਲਈ ਸੇਵਾਵਾਂ ਦੇਣ ਵਾਲੀਆਂ ਕਈ ਸ਼ਖ਼ਸੀਅਤਾਂ ਨੂੰ ਵੀ 'ਸਿਪਰਟ ਆਫ਼ ਵਿਸਾਖੀ ਐਵਾਰਡ' ਅਤੇ ਸਿਰੋਪਾਉ ਨਾਲ ਸਨਮਾਨਤ ਕੀਤਾ ਗਿਆ। ਇਨ੍ਹਾਂ ਵਿਚ ਅਮਰੀਕੀ ਕਾਂਗਰਸਵੂਮੈਨ ਕਾਰੇਨ ਬਾਸ (ਜਿਨ੍ਹਾਂ ਨੇ ਆਪਣੇ ਸੀਨੀਅਰ ਫੀਲਡ ਰਿਪਰੈਂਜ਼ਟੇਟਿਵ ਜੈਕਲੀਨ ਹਮਿਲਟਨ ਦਾ ਸਨਮਾਨ ਲਿਆ) ਸ਼੍ਰੀ ਸਿਕਦਰ ਸਾਹਿਬਾ ਸਰਦਾਰਨੀ ਗੁਰੂ ਅੰਮ੍ਰਿਤ ਕੌਰ ਖਾਲਸਾ, ਵਰਮੌਂਟ ਗੁਰਦੁਆਰਾ ਦੇ ਅਮਰਜੀਤ ਸਿੰਘ ਨੂੰ ਲੰਗਰ ਦੀ ਸੇਵਾ ਲਈ, ਲੋਓਲਾ ਮੈਰੀਮਾਉਂਟ ਯੂਨੀਵਰਸਿਟੀ ਵਿਖੇ ਸਿੱਖ ਅਤੇ ਜੈਨ ਸਟੱਡੀਜ਼ ਦੀ ਪ੍ਰੋਫੈਸਰ ਨਿਰੰਜਨ ਕੌਰ ਵੀ ਸ਼ਾਮਲ ਸਨ। ਬਿਊਨਾ ਪਾਰਕ ਸਥਿਤ ਗੁਰੂ ਨਾਨਕ ਸਿੱਖ ਸੈਂਟਰ ਦੇ ਮੈਨੇਜਿੰਗ ਡਾਇਰੈਕਟਰਾਂ ਨੂੰ ਡਾ. ਪਿਆਰਾ ਸਿੰਘ ਦੇ ਨਾਲ ਸਿਰੋਪਾਉ ਭੇਟ ਕੀਤੇ ਗਏ।

ਹੋਲੀਵੁੱਡ ਸਿੱਖ ਟੈਂਪਲ ਵਿਖੇ ਸਾਰਾ ਦਿਨ ਗੁਰੂ ਦਾ ਲੰਗਰ ਚਲਦਾ ਰਿਹਾ। ਲੰਗਰ ਦੀ ਸੇਵਾ ਵਿਚ ਅਮਰਜੀਤ ਸਿੰਘ, ਮਾਨਵਪ੍ਰੇਮ ਕੌਰ, ਡਾ. ਮਨਜੀਤ ਸਿੰਘ ਖਾਲਸਾ, ਟੋਨੀ ਸਿੰਘ, ਮਨਜੀਤ ਸਿੰਘ, ਬਿੱਕੀ ਸਿੰਘ ਤੇ ਭਾਈ ਕਨ੍ਹੱਈਆ ਸੇਵਾ ਦਲ ਨੇ ਵੀ ਸਹਿਯੋਗ ਦਿੱਤਾ। ਗੁਰੂ ਸਾਹਿਬ ਦੀ ਫਲੋਟ ਜੋਗਿੰਦਰ ਸਿੰਘ ਸਿੱਧੂ ਵਲੋਂ ਤਿਆਰ ਕੀਤੀ ਗਈ। ਖਾਲਸਾ ਕੇਅਰ ਫਾਉਂਡੇਸ਼ਨ ਦੀ ਸਾਧ ਸੰਗਤ ਨੇ ਫਲੋਟਾਂ ਦੀ ਸਜਾਵਟ ਕੀਤੀ। ਇਨ੍ਹਾਂ ਵਿਚ ਗੁਰਦੀਪ ਸਿੰਘ ਮਲਿਕ, ਜੋਗਿੰਦਰ ਸਿੰਘ ਸਿੱਧੂ, ਸੁਰਿੰਦਰ ਸਿੰਘ, ਸੁੱਖੀ ਸਿੰਘ ਤੇ ਸੋਹਨ ਸਿੰਘ ਚੌਧਰੀ ਸ਼ਾਮਲ ਸਨ। ਭਾਈ ਕਨ੍ਹੱਈਆ ਸੇਵਾ ਦਲ ਵਲੋਂ ਪਰੇਡ ਦੌਰਾਨ ਮਠਿਆਈਆਂ ਤੇ ਸਨੈਕ ਵੰਡੇ ਗਏ। ਇਸ ਦਿਨ ਨੂੰ ਖ਼ਾਸ ਬਣਾਉਣ ਲਈ ਸੈਂਕੜੇ ਵਲੰਟੀਅਰਾਂ ਦਿਨ-ਰਾਤ ਇਕ ਕਰਕੇ ਕੰਮ ਕੀਤਾ। ਸੇਵਾ ਕੌਰ ਖਾਲਸਾ ਵਲੋਂ ਦਰਬਾਰ ਹਾਲ ਦੀ ਸਜਾਵਟ ਕੀਤੀ ਗਈ। ਹੋਰਨਾਂ ਪ੍ਰਬੰਧਕੀ ਤੇ ਸਜਾਵਟੀ ਕੰਮਾਂ ਵਿਚ ਡਾ. ਹਰੀ ਭਜਨ ਸਿੰਘ ਖਾਲਸਾ, ਜੈ ਪਾਲ ਸਿੰਘ ਖਾਲਸਾ, ਹਰੀ ਕਿਰਨ ਕੌਰ ਖਾਲਸਾ, ਸ਼੍ਰੀ ਵਿਆਸ ਸਿੰਘ ਖਾਲਸਾ, ਬੀਬੀ ਮਨਜੀਤ ਕੌਰ ਖਾਲਸਾ, ਗੁਰਪ੍ਰਸਾਦ ਕੌਰ ਖਾਲਸਾ, ਸਿਮਰਨ ਸਤ ਸੰਗਤ ਕੌਰ ਖਾਲਸਾ, ਡਾ. ਹਰੀਦਾਸ ਕੌਰ ਖਾਲਸਾ, ਕੇਵਲ ਕੌਰ ਖਾਲਸਾ ਤੇ ਸ਼੍ਰੀ ਦਿਆਲ ਕੌਰ ਖਾਲਸਾ ਦਾ ਯੋਗਦਾਨ ਰਿਹਾ। ਫੋਟੋਗ੍ਰਾਫੀ ਸ਼੍ਰੀ ਦਿਆਲ ਕੌਰ ਖਾਲਸਾ ਨੇ ਕੀਤੀ।


LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
☞Chapter 7 & 13 Bankruptcy
☞Protect Your Assets- Home, Etc..
☞Start Fresh- Clear

Immigration Law
☞Deportation Cases- BIA Appeals
☞Ninth Circuit Appeals
☞Adjustment of Status (Green Card)
☞Visa Petitions, NVC

Family Law • Divorce

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



SINGH TRANSPORT INC
- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ Owner Operatiors ਦੀ ਲੋੜ ਹੈ।
- ਡਰਾਇਵਰ ਵੀਰ ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਉਣ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।




ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਜਗਤਾਰ ਸਿੰਘ (510) 918-2439, (510) 943-9578



SFO/LAX to DELHI
LOW FARE
Starting from
695 to 895




With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

# ਦੇਸੀ ਸਵੈਗ ਇੰਟਰਨੈਸਨਲ ਵੱਲੋਂ ਵਿਸਾਖੀ ਪ੍ਰੋਗਰਾਮ 22 ਅਪ੍ਰੈਲ ਨੂੰ

## ਲਖਵਿੰਦਰ ਵਡਾਲੀ, ਸਿੱਪੀ ਗਿੱਲ, ਆਤਮਾ ਬੁਢੇਵਾਲ ਅਤੇ ਅਮਨ ਰੋਜ਼ੀ ਕਰਨਗੇ ਸ਼ਮੂਲੀਅਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਦੇਸੀ ਸਵੈਗ ਇੰਟਰਨੈਸਨਲ ਵੱਲੋਂ ਵਿਸਾਖੀ ਪ੍ਰੋਗਰਾਮ ਸੈਕਰਾਮੈਂਟੋ 'ਚ 22 ਅਪ੍ਰੈਲ ਨੂੰ ਕਰਵਾਇਆ ਜਾ ਰਿਹਾ ਹੈ। ਇਹ ਵਿਸਾਖੀ ਪ੍ਰੋਗਰਾਮ ਸ਼ਨਿਚਰਵਾਰ ਨੂੰ ਸ਼ਾਮੀਂ 6 ਵਜੇ ਤੋਂ ਜੋਹਨਸਨ ਹਾਈ ਸਕੂਲ 6879, 14 ਐਵੇਨੀਓ ਸੈਕਰਾਮੈਂਟੋ ਵਿਖੇ ਹੋਵੇਗਾ। ਇਸ ਪ੍ਰੋਗਰਾਮ ਵਿਚ ਜਿੱਥੇ ਲਖਵਿੰਦਰ ਵਡਾਲੀ ਦਰਸ਼ਕਾਂ ਦੀ ਆਪਣੀ ਅਵਾਜ਼ ਨਾਲ ਸੰਗੀਤ ਭੁੱਖ ਨੂੰ ਪੂਰਾ ਕਰਨਗੇ ਉੱਥੇ ਅੱਜ ਦੇ ਦੋਗਾਣਿਆ ਦੀ ਹਿੱਟ ਜੋੜੀ ਆਤਮਾ ਬੁਢੇਵਾਲ ਤੇ ਅਮਨ ਰੋਜ਼ੀ ਵੀ ਸਟੇਜ ਉੱਤੇ ਰੌਣਕ ਲਾਉਣਗੇ। ਇਸ ਤੋਂ ਬਿਨਾਂ ਸਿੱਪੀ ਗਿੱਲ, ਜੌਰਡਨ ਸੰਧੂ ਤੇ ਜੀਨੀ ਜੌਹਲ ਵੀ ਆਪਣੇ ਫ਼ਨ ਦਾ ਮੁਜ਼ਾਹਰਾ ਕਰਨਗੇ। ਪੰਜਾਬੀ ਦੇ ਸਭਿਆਚਾਰਕ ਪ੍ਰੋਗਰਾਮਾਂ ਦੀਆਂ ਸਟੇਜਾਂ ਦੀ ਧਨੀ ਬੀਬੀ ਆਸ਼ਾ ਸ਼ਰਮਾ ਸਟੇਜ ਤੋਂ ਕਲਾਕਾਰਾਂ ਨੂੰ ਪੇਸ਼ ਕਰਨਗੇ।

# 'ਹੱਸਦਾ ਪੰਜਾਬ' ਵਿਸਾਖੀ ਮੇਲਾ 6 ਮਈ ਦਿਨ ਸ਼ਨਿਚਰਵਾਰ ਨੂੰ

## *ਪੰਜਾਬੀ ਵਿਰਸੇ ਵਾਲੇ ਪ੍ਰੋਗਰਾਮ ਦੀਆਂ ਤਿਆਰੀਆਂ ਜ਼ੋਰਾਂ 'ਤੇ*

**ਡੈਲਸ, ਟੈਕਸਸ/ਹਰਜੀਤ ਸਿੰਘ ਢੇਸੀ:**
ਸਥਾਨਕ ਪੰਜਾਬੀ ਸਭਿਆਚਾਰਕ ਸੰਸਥਾ 'ਹੱਸਦਾ ਪੰਜਾਬ' ਵੱਲੋਂ ਸਾਲਾਨਾ ਵਿਸਾਖੀ ਮੇਲੇ ਦੀਆਂ ਤਿਆਰੀਆਂ ਬੜੇ ਜ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ। ਪਿਛਲੇ ਦਿਨੀਂ ਐਸੋਸੀਏਸ਼ਨ ਦੀ ਹੋਈ ਮੀਟਿੰਗ ਵਿਚ ਦਸਿਆ ਗਿਆ ਕਿ ਇਹ ਮੇਲਾ ਇਸ ਵਰ੍ਹੇ 6 ਮਈ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 3.00 ਵਜੇ ਤੋਂ ਸ਼ੁਰੂ ਹੋ ਕੇ ਅੱਧੀ ਰਾਤ ਤੱਕ ਪਲੇਨੋ ਸੀਵਿਕ ਸੈਂਟਰ 2000 East Spring Creek Plano, Texas ਵਿਖੇ ਹੋਵੇਗਾ ਜਿਸ ਵਿਚ ਪੰਜਾਬੀ ਵਿਰਸਾ ਵਿਰਾਸਤ ਨਾਲ ਲਬਰੇਜ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤੇ ਜਾਣਗੇ। ਇਸ ਮੇਲੇ ਵਿਚ ਚੋਟੀ ਗਿੱਧੇ, ਭੰਗੜੇ ਦੀਆਂ ਟੀਮਾਂ ਪਹੁੰਚ ਰਹੀਆਂ ਹਨ। ਪੰਜਾਬ ਤੋਂ ਸਿਰਮੌਰ ਕਲਾਕਾਰਾਂ ਦੀ ਪੂਰੀ ਟੀਮ ਪਹੁੰਚ ਰਹੀ ਹੈ ਜੋ ਦਰਸ਼ਕਾਂ ਦਾ ਭਰਪੂਰ ਮੰਨੋਰੰਜਨ ਕਰੇਗੀ। ਪ੍ਰਬੰਧਕਾਂ ਵੱਲੋਂ ਸਭਨਾਂ ਨੂੰ ਇਸ ਮੇਲੇ ਦੀਆਂ ਰੌਣਕਾਂ ਵਧਾਉਣ ਦੀ ਬੇਨਤੀ ਹੈ ਜੀ।

# ਸਨ ਬਰਨਾਰਡਿਨੋ ਸਕੂਲ ਗੋਲੀਬਾਰੀ 'ਚ ਬੱਚੇ ਸਮੇਤ ਤਿੰਨ ਮੌਤਾਂ, ਇਕ ਬੱਚਾ ਗੰਭੀਰ

**ਸਾਨ ਬਰਨਾਰਡਿਨੋ/ਬਿਊਰੋ ਨਿਊਜ਼ :**
ਕੈਲੀਫੋਰਨੀਆ ਦੇ ਸਾਨ ਬਰਨਾਰਡਿਨੋ ਸਥਿਤ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਇਕ ਐਲੀਮੈਂਟਰੀ ਸਕੂਲ ਵਿਚ ਇਕ ਵਿਅਕਤੀ ਨੇ ਆਪਣੀ ਅਧਿਆਪਕਾ ਪਤਨੀ ਅਤੇ 8 ਸਾਲ ਦੇ ਇਕ ਬੱਚੇ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਤੇ ਖ਼ੁਦ ਨੂੰ ਵੀ ਗੋਲੀ ਮਾਰ ਲਈ। ਪੁਲੀਸ ਨੇ ਦੱਸਿਆ ਕਿ ਇਸ ਗੋਲੀਬਾਰੀ ਵਿਚ ਇਕ ਹੋਰ ਬੱਚਾ ਵੀ ਜ਼ਖ਼ਮੀ ਹੋ ਗਿਆ ਹੈ, ਜਿਸ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਉਸ ਦੀ ਹਾਲਤ ਵੀ ਗੰਭੀਰ ਬਣੀ ਹੋਈ ਹੈ। ਸੂਤਰਾਂ ਮੁਤਾਬਕ ਇਹ ਦੋਵੇਂ ਪਤੀ-ਪਤਨੀ ਸਨ ਪਰ ਵੱਖ ਵੱਖ ਰਹਿ ਰਹੇ ਸਨ। ਸਾਨ ਬਰਨਾਰਡਿਨੋ ਪੁਲੀਸ ਵਿਭਾਗ ਦੇ ਲੈਫਟੀਨੈਂਟ ਮਾਈਕ ਮੈਡੇਨ ਨੇ ਦੱਸਿਆ, "ਇਹ ਹੱਤਿਆ ਅਤੇ ਆਤਮਹੱਤਿਆ ਦਾ ਮਾਮਲਾ ਲਗਦਾ ਹੈ। ਇਸ ਵਿਚ ਇਕ ਪੁਰਸ਼ ਤੇ ਇਕ ਮਹਿਲਾ ਦੀ ਮੌਤ ਹੋ ਗਈ ਹੈ... ਹਮਲਾਵਰ ਆਪਣੇ ਆਪ ਨੂੰ ਗੋਲੀ ਮਾਰਨ ਕਰਕੇ ਮਾਰਿਆ ਗਿਆ।" ਉਨ੍ਹਾਂ ਦੱਸਿਆ ਕਿ ਇਸ ਘਟਨਾ ਵਿਚ ਦੋ ਵਿਦਿਆਰਥੀ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ ਤੇ ਇਕ ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲੀਸ ਨੇ ਇਸ ਗੋਲੀਬਾਰੀ ਵਿਚ ਮਾਰੇ ਗਏ 8 ਸਾਲਾ ਬੱਚੇ ਜੋਨਾਥਨ ਮਾਰਟੀਨੇਜ਼ ਦੀ ਮੌਤ ਹੋਣ ਦੀ ਪੁਸ਼ਟੀ ਕੀਤੀ ਹੈ। ਪੁਲੀਸ ਨੇ ਗੋਲੀ ਚਲਾਉਣ ਵਾਲੇ ਵਿਅਕਤੀ ਦੀ ਪਛਾਣ ਸਥਾਨਕ ਨਾਗਰਿਕ ਸੇਡਰਿਕ ਐਂਡਰਸਨ (53 ਸਾਲ) ਵਜੋਂ ਕੀਤੀ ਹੈ, ਜਦਕਿ ਘਟਨਾ ਵਿਚ ਮਾਰੀ ਗਈ ਅਧਿਆਪਕਾ ਦੀ ਪਛਾਣ ਕਰੇਨ ਇਲੇਨ ਸਮਿਥ ਵਜੋਂ ਹੋਈ ਹੈ।

# ਸੈਨ ਹੋਜ਼ੇ ਦੇ ਮੁਹਰ ਪਰਿਵਾਰ ਨੂੰ ਸਦਮਾ, ਸ. ਹਰਜੀਤ ਸਿੰਘ ਮੁਹਰ ਦਾ ਦੇਹਾਂਤ

## *ਅੰਤਿਮ ਸੰਸਕਾਰ ਤੇ ਅਰਦਾਸ 16 ਅਪ੍ਰੈਲ, ਐਤਵਾਰ ਨੂੰ*

**ਸੈਨ ਹੋਜ਼ੇ/ਬਿਊਰੋ ਨਿਊਜ਼ :** ਸੈਨ ਹੋਜ਼ੇ ਦੀ ਜਾਣੀ-ਪਛਾਣੀ ਸ਼ਖ਼ਸੀਅਤ ਸ. ਹਰਜੀਤ ਸਿੰਘ ਮੁਹਰ ਦਾ ਬੀਤੇ ਦਿਨੀਂ ਸੰਖੇਪ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ। ਸ. ਹਰਜੀਤ ਸਿੰਘ ਪਿੰਡ ਰੂਪੋਵਾਲੀ ਦੇ ਸਾਬਕਾ ਸਰਪੰਚ ਅਤੇ ਮਾਰਕੀਟ ਕਮੇਟੀ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਦੇ ਸਾਬਕਾ



ਚੇਅਰਮੈਨ ਰਹੇ ਹਨ। ਸ. ਹਰਜੀਤ ਸਿੰਘ ਮੁਹਰ ਦਾ ਅੰਤਿਮ ਸੰਸਕਾਰ 16 ਅਪ੍ਰੈਲ, ਐਤਵਾਰ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤਕ ਹੇਵਰਡ ਸਥਿਤ ਚੈਪਲ ਆਫ਼ ਚਾਈਮਜ਼ ਵਿਖੇ ਹੋਵੇਗਾ। ਉਨ੍ਹਾਂ ਨਮਿਤ ਭੋਗ ਤੇ ਅੰਤਿਮ ਅਰਦਾਸ ਉਸੇ ਦਿਨ ਸੈਨ ਹੋਜ਼ੇ ਸਿੱਖ ਗੁਰਦੁਆਰਾ ਸਾਹਿਬ, ਨਾਰਥ ਹਾਲ (3636 Murillo Ave. San Jose, CA) ਵਿਖੇ ਬਾਅਦ ਦੁਪਹਿਰ 2:30 ਵਜੇ ਤੋਂ ਸ਼ਾਮ 5:30 ਵਜੇ ਤਕ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਤਪਾਲ ਸਿੰਘ ਮੁਹਰ (ਭਰਾ), ਮਨਦੀਪ ਸਿੰਘ ਮੁਹਰ (ਪੁੱਤਰ), ਸੰਦੀਪ ਸਿੰਘ ਮੁਹਰ (ਭਤੀਜਾ), ਅਭਿਰਾਜ ਸਿੰਘ ਮੁਹਰ (ਪੋਤਾ) ਨਾਲ ੪੦੮-੭੬੮-੫੯੯੦, ੪੦੮-੬੨੪-੬੬੧੨, ੪੦੮-੬੪੬-੩੫੧੭ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿੱਖ ਕੌਮ ਨੂੰ ਦਰਪੇਸ਼ ਭਖਦੇ ਮਸਲਿਆਂ ਬਾਰੇ ਵਿਚਾਰ ਗੋਸ਼ਟੀ

**ਲੰਡਨ/ਸਿੱਖ ਸਿਆਸਤ ਬਿਊਰੋ:** ਪੰਚ ਪ੍ਰਧਾਨੀ ਯੂ ਕੇ ਵਲੋਂ ਮੌਜੂਦਾ ਹਾਲਾਤ ਬਾਰੇ 1 ਅਪ੍ਰੈਲ ਸ਼ਨੀਵਾਰ ਨੂੰ ਲੈਸਟਰ ਵਿਖੇ ਵਿਚਾਰ ਗੋਸ਼ਟੀ ਕਰਵਾਈ ਗਈ ਜਿਸ ਵਿੱਚ ਪੰਚ ਪ੍ਰਧਾਨੀ ਯੂਕੇ ਦੇ ਸਾਰੇ ਮੈਂਬਰਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਕਈ ਅਹਿਮ ਮੁਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਗੋਸ਼ਟੀ ਵਿੱਚ ਮੌਜੂਦਾ ਸਮੇਂ ਅੰਦਰ ਪੰਜਾਬ, ਹਿੰਦੁਸਤਾਨ ਅਤੇ ਸਮੁਚੇ ਸੰਸਾਰ ਅੰਦਰ ਚੱਲ ਰਹੇ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਘਟਨਾਕ੍ਰਮ ਨੂੰ ਘੋਖਿਆ ਗਿਆ ਅਤੇ ਗੁਰਮਤ ਦੇ ਸਿਧਾਂਤ ਦੀ ਕਸਵੱਟੀ 'ਤੇ ਪਰਖਿਆ ਗਿਆ। ਆਉਣ ਵਾਲੇ ਸਮੇਂ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਤੇ ਮੌਜੂਦਾ ਸਮੇਂ ਸਿੱਖ ਕੌਮ ਅੰਦਰ ਚੱਲ ਰਹੇ ਵਾਦ-ਵਿਵਾਦ ਵੀ ਵਿਸ਼ੇਸ਼ ਤੌਰ 'ਤੇ ਵਿਚਾਰ ਅਧੀਨ ਲਿਆਂਦੇ ਗਏ। ਕੌਮ ਅੰਦਰ ਵੱਧ ਰਹੇ ਇਸ ਤਰ੍ਹਾਂ ਦੇ ਆਪਾ ਵਿਰੋਧੀ ਰੁਝਾਨਾਂ 'ਤੇ ਚਿੰਤਾ ਪ੍ਰਗਟਾਈ ਗਈ। ਸਮੂਹ ਮੈਂਬਰਾਂ ਵਲੋਂ ਇਹ ਮਹਿਸੂਸ ਕੀਤਾ ਗਿਆ ਕਿ ਇਸ ਤਰ੍ਹਾਂ ਕਿਸੇ ਵੀ ਕੌਮ ਦੀ ਮਨੋਦਸ਼ਾ ਉਸ ਸਮੇਂ ਹੋਰ ਵੀ ਚਿੰਤਾ ਦਾ ਕਾਰਨ ਬਣ ਜਾਂਦੀ ਹੈ ਜਦੋਂ ਕੋਈ ਕੌਮ ਅਜ਼ਾਦੀ ਪ੍ਰਾਪਤੀ ਲਈ ਮੈਦਾਨ ਅੰਦਰ ਕੁੱਦ ਚੁੱਕੀ ਹੋਵੇ। ਜਿਸ ਸਮੇਂ ਕੌਮ ਬ੍ਰਾਹਮਣਵਾਦ ਜਿਹੇ ਦੁਸ਼ਮਣ ਨਾਲ ਦੋ-ਦੋ ਹੱਥ ਕਰ ਰਹੀ, ਆਪਸੀ ਵਿਵਾਦਾਂ ਵਿੱਚ ਪੈਣ ਉਪਰੰਤ ਕੌਮ ਦੇ ਦੁਸ਼ਵਾਰੀਆਂ ਵੱਸ ਪੈਣਾ ਸੁਭਾਵਿਕ ਹੀ ਹੈ। ਇਸ ਸੱਭ ਕੁਝ ਦਾ ਮੁੱਖ ਕਾਰਨ ਅੱਜ ਸਿੱਖ ਕੌਮ ਵਲੋਂ ਗੁਰਮੱਤ ਦੇ ਸਿਧਾਂਤ ਨੂੰ ਨਾ ਸਮਝਣਾ ਅਤੇ ਉਸ ਉੱਪਰ ਪਹਿਰਾ ਨਾ ਦੇਣਾ ਹੀ ਹੈ। ਅੱਜ ਹਿੰਦੋਸਤਾਨ ਅਤੇ ਸਮੁੱਚੇ ਸੰਸਾਰ ਅੰਦਰ ਰਾਜਨੀਤਕ ਪ੍ਰਸਥਿਤੀਆਂ ਬੜੀ ਤੇਜ਼ੀ ਨਾਲ ਬਦਲ ਰਹੀਆਂ ਹਨ। ਪੰਚ ਪ੍ਰਧਾਨੀ ਦੀ ਵਿਚਾਰ ਗੋਸ਼ਟੀ ਸਮੇਂ ਇਹ ਤੱਥ ਵੀ ਸਾਹਮਣੇ ਆਏ ਕਿ ਬਦਲ ਰਹੀਆਂ ਇਹ ਪ੍ਰਸਥਿਤੀਆਂ ਆਉਣ ਵਾਲੇ ਸਮੇਂ ਅੰਦਰ ਸਿੱਖ ਰਾਜ ਦੀ ਅਜ਼ਾਦੀ ਵਾਸਤੇ ਇਕ ਅਹਿਮ ਅਤੇ ਫੈਸਲਾਕੁਨ ਰੋਲ ਅਦਾ ਕਰਨਗੀਆਂ। ਇਸ ਗੋਸ਼ਟੀ ਸਮੇਂ ਪੰਜਾਬ ਦੀ ਧਰਤੀ 'ਤੇ ਵਿਚਰ ਰਹੇ ਖਾਲਸਾ ਰਾਜ ਦੇ ਅਜ਼ਾਦੀ ਘੁਲਾਟੀਆਂ, ਜੋ ਕੌਮ ਦਾ ਇਕ ਅਕਹਿ ਦਰਦ ਸੀਨੇ ਅੰਦਰ ਸਮੋਈ ਕੌਮੀ ਅਜ਼ਾਦੀ ਸੰਘਰਸ਼ ਨੂੰ ਬਹੁਦਿਸ਼ਾਵੀ ਅਗਵਾਈ ਦੇ ਰਹੇ ਹਨ, ਨੂੰ ਸਮਝਦਿਆਂ ਸਮੁੱਚੇ ਮੈਂਬਰਾਂ ਨੇ ਸੰਤੁਸ਼ਟੀ ਦਾ ਅਹਿਸਾਸ ਮਹਿਸੂਸ ਕੀਤਾ। ਇਸ ਵਿਚਾਰ ਗੋਸ਼ਟੀ ਦੀ ਸਮਾਪਤੀ ਇਕ ਦ੍ਰਿੜ ਅਹਿਸਾਸ ਨਾਲ ਕੀਤੀ ਗਈ ਕਿ ਭਵਿੱਖ ਸਾਡਾ ਹੀ ਹੈ।




# ਡੇਰਾਮੁਖੀ ਤੋਂ ਬਾਅਦ ਹੁਣ ਸਤਨਾਮ ਸਿੰਘ ਪਿਪਲੀਵਾਲੇ ਦੀ ਮਾਫੀ ਦੇ ਹੁਕਮਨਾਮੇ 'ਤੇ ਵਿਵਾਦ

ਅੰਮ੍ਰਿਤਸਰ/ਬਿਊਰੋ ਨਿਊਜ਼ : ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਮੁਆਫੀ ਦੇਣ ਦਾ ਮਾਮਲਾ ਹਾਲੇ ਸੁਲਝਿਆ ਨਹੀਂ ਕਿ ਨੀਲਧਾਰੀ ਭਾਈਚਾਰੇ ਦੇ ਮੁਖੀ ਸਤਨਾਮ ਸਿੰਘ ਨੀਲਧਾਰੀ ਪਿਪਲੀਵਾਲੇ ਨੂੰ ਮੁਆਫ ਕਰਨ ਵਾਲੇ ਹੁਕਮਨਾਮੇ 'ਤੇ ਵੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਿਵਾਦ 'ਚ ਫਸ ਗਏ ਹਨ। ਬੀਤੇ ਦਿਨ ਪ੍ਰੈੱਸ ਕਾਨਫਰੰਸ 'ਚ ਗਿਆਨੀ ਗੁਰਬਚਨ ਸਿੰਘ ਨੇ ਸਤਨਾਮ ਸਿੰਘ ਪਿਪਲੀਵਾਲੇ ਦੀ ਮੁਆਫੀ ਦਾ ਐਲਾਨ ਤਾਂ ਕਰ ਦਿੱਤਾ ਸੀ, ਪਰ ਅਕਾਲ ਤਖ਼ਤ ਦੇ ਸੂਤਰਾਂ ਅਨੁਸਾਰ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਗੁਰਮੁਖ ਸਿੰਘ ਅਤੇ ਪੰਜਵੇਂ ਜਥੇਦਾਰ ਵਜੋਂ ਸ਼ਾਮਲ ਹੋਏ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਰਘੁਵੀਰ ਸਿੰਘ ਨੇ ਮੁਆਫੀਨਾਮੇ 'ਤੇ ਹਸਤਾਖਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਇਸ ਤੋਂ ਪਹਿਲਾਂ ਅਜਿਹਾ ਕੰਮ ਗਿਆਨੀ ਗੁਰਬਚਨ ਸਿੰਘ ਨੇ ਰਾਮ ਰਹੀਮ ਨੂੰ ਮੁਆਫੀ ਦੇਣ ਦੇ ਸਮੇਂ ਕੀਤਾ ਸੀ। ਹਾਲਾਂਕਿ ਉਸ ਸਮੇਂ ਉਨ੍ਹਾਂ ਨੇ ਸਾਰੇ ਸਿੰਘ ਸਾਹਿਬਾਨ ਦੇ ਹਸਤਾਖਰ ਕਰਵਾ ਲਏ ਸਨ ਅਤੇ ਬਾਅਦ ਵਿਚ ਦਮਦਮਾ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਦੀ ਪਹਿਲ 'ਤੇ ਮੁਆਫੀਨਾਮੇ ਵਾਲਾ ਹੁਕਮਨਾਮਾ ਰੱਦ ਕਰ ਦਿੱਤਾ ਸੀ, ਜਦਕਿ ਗਿਆਨੀ ਗੁਰਬਚਨ ਸਿੰਘ ਉਸ ਨੂੰ ਵੀ ਰੱਦ ਕਰਵਾਉਣਾ ਚਾਹੁੰਦੇ ਸਨ।



## ਗਿਆਨੀ ਗੁਰਬਚਨ ਸਿੰਘ ਨੇ ਕਿਹਾ, ਪਹਿਲਾਂ ਐਲਾਨ ਹੁੰਦਾ ਹੈ ਬਾਅਦ ਵਿਚ ਹਸਤਾਖਰ ਹੁੰਦੇ ਹਨ



ਇਸ ਸਬੰਧੀ ਜਦੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਪਹਿਲਾਂ ਐਲਾਨ ਕੀਤਾ ਜਾਂਦਾ ਹੈ, ਬਾਅਦ 'ਚ ਹਸਤਾਖਰ ਹੁੰਦੇ ਹਨ, ਤਾਂ ਇਹ ਹਸਤਾਖਰ ਵੀ ਹੋ ਹੀ ਜਾਣਗੇ। ਉਨ੍ਹਾਂ ਕਿਹਾ ਕਿ ਇਸ ਲਈ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਇਤਿਹਾਸ ਦੀ ਘੋਖ ਕਰਨ ਲਈ ਸਿੱਖ ਵਿਦਵਾਨਾਂ ਦੀ ਕਮੇਟੀ ਗਠਿਤ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਸਤਨਾਮ ਸਿੰਘ ਨੇ ਮੁਆਫੀ ਮੰਗੀ ਹੈ।

## ਅਜਿਹਾ ਹੀ ਹੋਇਆ ਸੀ ਸਿਰਸਾ ਵਾਲੇ ਦੇ ਮਾਮਲੇ 'ਚ

ਪੰਥਕ ਹਲਕਿਆਂ 'ਚ ਅੱਜਕਲ੍ਹ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਲੋਕਾਂ ਨੂੰ ਮੁਆਫੀ ਦੇਣ ਦੇ ਮਾਮਲੇ 'ਚ ਜਥੇਦਾਰ ਦੀ ਹੋਮ ਡਿਲੀਵਰੀ ਵਜੋਂ ਪ੍ਰਚਾਰ ਹੋ ਰਿਹਾ ਹੈ। ਇਸ ਤੋਂ ਪਹਿਲਾਂ ਸਿਰਸਾ ਵਾਲੇ ਦਾ ਵੀ ਮੁਆਫੀਨਾਮਾ ਚੁੱਪ-ਚਾਪ ਪਹੁੰਚ ਗਿਆ ਸੀ ਅਤੇ ਹੁਣ ਸਤਨਾਮ ਸਿੰਘ ਵਾਲਾ ਮਾਮਲਾ ਵੀ ਉਸੇ ਪ੍ਰੀਕਿਰਿਆ 'ਤੇ ਹੈ। ਇਸ ਸਬੰਧੀ ਜਦੋਂ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਗੁਰਮੁਖ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਹਾਲੇ ਕੁੱਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।

### ਕੀ ਹੈ ਪਿਪਲੀਵਾਲੇ ਦਾ ਮਾਮਲਾ :

ਸਤਨਾਮ ਸਿੰਘ ਨੀਲਧਾਰੀ ਪਿਪਲੀਵਾਲੇ ਪਿਛਲੇ ਕਾਫੀ ਸਮੇਂ ਤੋਂ ਵਿਵਾਦਤ ਕਥਾ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਨੇ ਕੁੱਝ ਸਮਾਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਸਬੰਧੀ ਵਿਵਾਦਤ ਟਿੱਪਣੀਆਂ ਕਰ ਦਿੱਤੀਆਂ ਸਨ ਅਤੇ ਬਾਅਦ ਵਿਚ ਕੁੱਝ ਗੁਰੂ ਸਾਹਿਬਾਨ ਬਾਰੇ ਵੀ ਇਤਰਾਜ਼ ਯੋਗ ਕਥਾਵਾਂ ਕੀਤੀਆਂ ਸਨ। ਜਿਸ ਨੂੰ ਲੈ ਕੇ ਸਤਨਾਮ ਸਿੰਘ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਗਿਆ ਸੀ, ਪਰ ਉਹ ਪੇਸ਼ ਨਹੀਂ ਹੋ ਰਿਹਾ ਸੀ ਅਤੇ ਹੁਣ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਤੋਂ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਨੇ ਬਾਕੀ ਐਲਾਨਾਂ ਦੇ ਨਾਲ ਹੀ ਇਕ ਐਲਾਨ ਇਹ ਵੀ ਕਰ ਦਿੱਤਾ ਕਿ ਸਤਨਾਮ ਸਿੰਘ ਨੇ ਮੁਆਫੀਨਾਮਾ ਭੇਜਿਆ ਹੈ, ਜਿਸ 'ਤੇ ਉਸ ਨੇ ਇਤਿਹਾਸਿਕ ਹਵਾਲੇ ਦੇ ਕੇ ਮੁਆਫੀ ਮੰਗੀ ਹੈ ਅਤੇ ਉਸ ਨੂੰ ਮੁਆਫ ਕਰਨ ਦਾ ਹੁਕਮਨਾਮਾ ਜਾਰੀ ਕਰ ਦਿੱਤਾ ਗਿਆ ਹੈ।

### ਹੁਕਮਨਾਮੇ 'ਤੇ ਕਿਉਂ ਖੜ੍ਹਾ ਹੋਇਆ ਵੱਡਾ ਵਿਵਾਦ :

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਐਲਾਨ ਤਾਂ ਕਰ ਦਿੱਤਾ, ਪਰ ਅਕਾਲ ਤਖ਼ਤ ਦੇ ਸਕੱਤਰੇਤ ਦੇ ਸੂਤਰਾਂ ਅਨੁਸਾਰ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਗੁਰਮੁਖ ਸਿੰਘ ਅਤੇ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਰਘੁਵੀਰ ਸਿੰਘ ਨੇ ਇਹ ਕਹਿ ਕੇ ਹੁਕਮਨਾਮੇ 'ਤੇ ਹਸਤਾਖਰ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਪਹਿਲਾਂ ਤਾਂ ਅਕਾਲ ਤਖ਼ਤ ਦੇ ਜਥੇਦਾਰ ਨੇ ਕਿਸੇ ਵੀ ਜਥੇਦਾਰ ਨੂੰ ਉਹ ਮੁਆਫੀਨਾਮਾ ਵਿਖਾਇਆ ਤਕ ਨਹੀਂ, ਦੂਜਾ ਇਨ੍ਹਾਂ ਦੋ ਸਿੰਘ ਸਾਹਿਬਾਨ ਨੂੰ ਸਖ਼ਤ ਇਤਰਾਜ਼ ਸੀ ਕਿ ਆਖਰ ਇਹ ਮੁਆਫੀਨਾਮਾ ਅਕਾਲ ਤਖ਼ਤ ਸਾਹਿਬ 'ਤੇ ਪੁੱਜਿਆ ਕਿਵੇਂ। ਉਥੇ ਹੀ ਇਕ ਸਵਾਲ ਖੜ੍ਹਾ ਹੋ ਗਿਆ ਹੈ ਕਿ ਆਖਰ ਕਿਨ੍ਹਾਂ ਇਤਿਹਾਸਕ ਹਵਾਲਿਆਂ ਨੂੰ ਸਹੀ ਮੰਨ ਕੇ ਮੁਆਫੀ ਮੰਗੀ ਗਈ ਹੈ। ਹੁਣ ਇਸ ਮੁਆਫੀਨਾਮੇ ਵਾਲੇ ਹੁਕਮਨਾਮੇ 'ਤੇ ਰੋਕ ਲੱਗ ਗਈ ਹੈ, ਕਿਉਂਕਿ ਜਦੋਂ ਤਕ ਇਹ ਦੋ ਸਿੰਘ ਸਾਹਿਬਾਨ ਉਸ 'ਤੇ ਹਸਤਾਖਰ ਨਹੀਂ ਕਰਦੇ, ਉਦੋਂ ਤਕ ਹੁਕਮਨਾਮਾ ਨਹੀਂ ਮੰਨਿਆ ਜਾਵੇਗਾ।

# ਫੈਡਰੇਸ਼ਨ ਵਿਵਾਦ : ਕਰਨੈਲ ਸਿੰਘ ਪੀਰ ਮੁਹੰਮਦ ਤੇ ਜਗਰੂਪ ਚੀਮਾ ਕੀਤੇ 'ਸੇਵਾਮੁਕਤ'

ਅੰਮ੍ਰਿਤਸਰ/ਬਿਊਰੋ ਨਿਊਜ਼ : ਸਿੱਖ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੀਰ ਮੁਹੰਮਦ ਉਸ ਵੇਲੇ ਵਿਵਾਦਾਂ ਵਿੱਚ ਘਿਰ ਗਈ, ਜਦੋਂ ਕੁਝ ਸਿੱਖ ਨੌਜਵਾਨਾਂ ਨੇ ਅਕਾਲ ਤਖ਼ਤ ਵਿਖੇ ਅਰਦਾਸ ਕਰਨ ਮਗਰੋਂ ਐਲਾਨ ਕੀਤਾ ਕਿ ਜਥੇਬੰਦੀ ਵਿੱਚੋਂ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਜਗਰੂਪ ਸਿੰਘ ਚੀਮਾ ਨੂੰ ਸਾਰੇ ਅਹੁਦਿਆਂ ਅਤੇ ਫੈਡਰੇਸ਼ਨ ਦੀ ਮੁੱਢਲੀ ਮੈਂਬਰਸ਼ਿਪ ਤੋਂ ਸੇਵਾਮੁਕਤ ਕਰ ਦਿੱਤਾ ਗਿਆ ਹੈ। ਉਨ੍ਹਾਂ ਐਲਾਨ ਕੀਤਾ ਕਿ ਜਥੇਬੰਦੀ ਦਾ ਨਵਾਂ ਢਾਂਚਾ ਉਲੀਕਣ ਲਈ ਸੰਵਿਧਾਨਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਦੂਜੇ ਪਾਸੇ ਫੈਡਰੇਸ਼ਨ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਇਨ੍ਹਾਂ ਆਗੂਆਂ ਨੂੰ ਸੇਵਾਮੁਕਤ ਕਰਨ ਦਾ ਕੋਈ ਹੱਕ ਨਹੀਂ ਹੈ, ਕਿਉਂਕਿ ਉਹ ਨਾ ਤਾਂ ਜਥੇਬੰਦੀ ਦੇ ਅਹੁਦੇਦਾਰ ਹਨ ਅਤੇ ਨਾ ਹੀ ਮੈਂਬਰ ਹਨ। ਅਕਾਲ ਤਖ਼ਤ ਵਿਖੇ ਅਰਦਾਸ ਕਰਨ ਮਗਰੋਂ ਨੌਜਵਾਨ ਆਗੂ ਅਨਮੋਲਦੀਪ ਸਿੰਘ, ਗੁਰਵਿੰਦਰ ਸਿੰਘ ਤੇ ਸਰਬਜੀਤ ਸਿੰਘ ਨੇ ਦਾਅਵਾ ਕੀਤਾ ਕਿ ਕਰਨੈਲ ਸਿੰਘ ਪੀਰ ਮੁਹੰਮਦ ਵੱਲੋਂ ਜਥੇਬੰਦੀ ਦੇ ਪਿਛਲੇ ਸਾਲਾਨਾ ਇਜਲਾਸ ਮੌਕੇ ਐਲਾਨ ਕੀਤਾ ਗਿਆ ਸੀ ਕਿ 14 ਮਾਰਚ ਨੂੰ ਨਵੇਂ ਵਰ੍ਹੇ ਮੌਕੇ ਫੈਡਰੇਸ਼ਨ ਦੀ ਅਗਵਾਈ ਨੌਜਵਾਨ ਵਿਦਿਆਰਥੀਆਂ ਦੇ ਹੱਥ ਦਿੱਤੀ ਜਾਵੇਗੀ ਤੇ ਉਹ ਖੁਦ ਦਲ ਖਾਲਸਾ ਵਿੱਚ ਸ਼ਾਮਲ ਹੋ ਜਾਣਗੇ। ਇਹ ਐਲਾਨ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕੀਤਾ ਗਿਆ ਸੀ।

ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਪੀਰ ਮੁਹੰਮਦ ਇਸ ਐਲਾਨ ਤੋਂ ਮੁਕਰ ਗਏ ਹਨ। ਇਸੇ ਲਈ ਹੰਗਾਮੀ ਮੀਟਿੰਗ ਸੱਦ ਕੇ ਇਹ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਉਸ ਵੇਲੇ ਫੈਡਰੇਸ਼ਨ ਦਾ ਪੁਰਾਣਾ ਢਾਂਚਾ ਭੰਗ ਕਰਕੇ 12 ਮੈਂਬਰੀ ਐਡਹਾਕ ਕਮੇਟੀ ਬਣਾਈ ਗਈ ਸੀ ਪਰ ਬੀਤੇ ਅਰਸੇ ਦੌਰਾਨ ਐਡਹਾਕ ਕਮੇਟੀ ਦੀ ਇਕ ਵੀ ਮੀਟਿੰਗ ਨਹੀਂ ਸੱਦੀ ਗਈ ਅਤੇ ਨਾ ਹੀ ਕਿਸੇ ਮਾਮਲੇ ਵਿੱਚ ਰਾਇ ਲਈ ਹੈ। ਉਨ੍ਹਾਂ ਆਖਿਆ ਕਿ ਅਕਾਲ ਤਖ਼ਤ ਵਿਖੇ ਅਰਦਾਸ ਕਰਕੇ ਫੈਡਰੇਸ਼ਨ ਮੁਖੀ ਵੱਲੋਂ ਐਲਾਨ ਤੋਂ ਪਿਛਾਂਹ ਹਟਣ ਦੀ ਮੁਆਫ਼ੀ ਮੰਗੀ ਗਈ ਹੈ। ਇਸ ਦੌਰਾਨ ਕੁਝ ਮਤੇ ਵੀ ਪਾਸ ਕੀਤੇ ਗਏ ਹਨ, ਜਿਸ ਤਹਿਤ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਜਗਰੂਪ ਸਿੰਘ ਚੀਮਾ ਨੂੰ ਸਾਰੇ ਅਹੁਦਿਆਂ ਤੇ ਮੁੱਢਲੀ ਮੈਂਬਰਸ਼ਿਪ ਤੋਂ ਸੇਵਾਮੁਕਤ ਕੀਤਾ ਗਿਆ ਹੈ। ਫੈਡਰੇਸ਼ਨ ਦਾ ਨਵਾਂ ਜਥੇਬੰਦਕ ਢਾਂਚਾ ਉਲੀਕਣ ਲਈ ਅਨਮੋਲਦੀਪ ਸਿੰਘ ਦੀ ਅਗਵਾਈ ਹੇਠ ਸੰਵਿਧਾਨਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਵਿੱਚ ਅਰਸ਼ਦੀਪ ਸਿੰਘ, ਭੁਪਿੰਦਰਪਾਲ ਸਿੰਘ, ਕਰਣਵੀਰ ਸਿੰਘ, ਗੁਰਸ਼ਰਨ ਸਿੰਘ, ਗੁਰਪ੍ਰੀਤ ਸਿੰਘ ਤੇ ਹਰਪਾਲ ਸਿੰਘ ਸ਼ਾਮਲ ਹਨ।



ਅਕਾਲ ਤਖ਼ਤ ਵਿਖੇ ਅਰਦਾਸ ਕਰਦੇ ਹੋਏ ਫੈਡਰੇਸ਼ਨ ਦੇ ਨੌਜਵਾਨ ਆਗੂ।

### ਕਰਨੈਲ ਸਿੰਘ ਬੋਲੇ-ਨੌਜਵਾਨਾਂ ਦਾ ਫੈਡਰੇਸ਼ਨ ਨਾਲ ਕੋਈ ਸਬੰਧ ਨਹੀਂ

ਫੈਡਰੇਸ਼ਨ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਰਜਿਸਟਰਡ ਜਥੇਬੰਦੀ ਹੈ, ਜਿਸ ਦੀ ਦਸ ਮੈਂਬਰੀ ਸੁਪਰੀਮ ਕੌਂਸਲ ਅਤੇ ਸੱਤ ਮੈਂਬਰੀ ਕਮੇਟੀ ਵੀ ਹੈ। ਇਸ ਦਾ ਆਪਣਾ ਬੈਂਕ ਖਾਤਾ ਅਤੇ ਸੰਵਿਧਾਨ ਵੀ ਹੈ। ਇਨ੍ਹਾਂ ਨੌਜਵਾਨ ਆਗੂਆਂ ਦਾ ਫੈਡਰੇਸ਼ਨ ਨਾਲ ਕੋਈ ਸਬੰਧ ਨਹੀਂ ਹੈ। ਇਹ ਨਾ ਤਾਂ ਇਸ ਦੇ ਮੈਂਬਰ ਹਨ ਅਤੇ ਨਾ ਹੀ ਅਹੁਦੇਦਾਰ ਹਨ। ਇਨ੍ਹਾਂ ਵਿਚੋਂ ਦੋ ਆਗੂਆਂ ਨੂੰ ਪਹਿਲਾਂ ਹੀ ਪਾਰਟੀ ਤੋਂ ਬਾਹਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਦਾ ਫੈਡਰੇਸ਼ਨ ਪੀਰ ਮੁਹੰਮਦ ਨਾਲ ਕੋਈ ਸਬੰਧ ਨਹੀਂ ਹੈ।

# ਹਰਿਆਣਾ ਕਮੇਟੀ ਵਲੋਂ ਝੀਂਡਾ ਦੀ 'ਛੁੱਟੀ', ਨਲਵੀ ਨੂੰ ਸੌਂਪੀ ਜ਼ਿੰਮੇਵਾਰੀ

ਗੂਹਲਾ ਚੀਕਾ/ਬਿਊਰੋ ਨਿਊਜ਼ : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਬਾਡੀ ਅਤੇ ਕਾਰਜਕਾਰਨੀ ਦੀ ਮੀਟਿੰਗ ਕੈਥਲ ਦੇ ਨਿੰਮ ਸਾਹਿਬ ਗੁਰਦੁਆਰੇ ਵਿੱਚ ਹੋਈ, ਜਿਸ ਵਿੱਚ ਕਮੇਟੀ ਮੈਂਬਰਾਂ ਵੱਲੋਂ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਗਿਆ।



ਝੀਂਡਾ ਬਾਰੇ ਫੈਸਲੇ 'ਤੇ ਕਮੇਟੀ ਦੇ 28 ਵਿਚੋਂ 15 ਮੈਂਬਰਾਂ ਨੇ ਸਹਿਮਤੀ ਜਤਾਈ। ਕਮੇਟੀ ਦੇ ਅਹੁਦੇਦਾਰਾਂ ਨੇ ਝੀਂਡਾ 'ਤੇ ਸ਼ੰਕਾ ਜ਼ਾਹਰ ਕੀਤਾ ਕਿ ਉਨ੍ਹਾਂ ਨੇ ਪਿਛਲੇ ਦਿਨੀਂ ਬਾਦਲਾਂ ਨਾਲ ਸਮਝੌਤਾ ਕਰ ਲਿਆ, ਜਿਸ ਸਬੰਧੀ ਕਾਰਜਕਾਰਨੀ ਨਾਲ ਸਲਾਹ ਨਹੀਂ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਕੀਤੀ। ਉਨ੍ਹਾਂ ਦੱਸਿਆ ਕਿ ਝੀਂਡਾ ਨੂੰ ਅਹੁਦੇ ਤੋਂ ਹਟਾਉਣ ਮਗਰੋਂ ਉਨ੍ਹਾਂ ਦੀ ਥਾਂ ਦੀਦਾਰ ਸਿੰਘ ਨਲਵੀ ਨੂੰ 7 ਮਈ ਤੱਕ ਜਨਰਲ ਅਤੇ ਕਾਰਜਕਾਰਨੀ ਦਾ ਕਾਰਜਕਾਰੀ ਪ੍ਰਧਾਨ ਚੁਣਿਆ ਗਿਆ ਹੈ। ਕਮੇਟੀ ਦੀ ਅਗਲੀ ਮੀਟਿੰਗ 7 ਮਈ ਨੂੰ ਸੱਦੀ ਗਈ ਹੈ ਜਿਸ ਵਿੱਚ ਨਵੀਂ ਕਾਰਜਕਾਰਨੀ ਦਾ ਗਠਨ ਕੀਤਾ ਜਾਵੇਗਾ। ਉਨ੍ਹਾਂ ਨੇ ਹਰਿਆਣਾ ਦੀ ਸੰਗਤ ਤੋਂ ਨਵ ਨਿਯੁਕਤ ਪ੍ਰਧਾਨ ਨਲਵੀ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਦੀਦਾਰ ਸਿੰਘ ਨਲਵੀ ਨੇ ਇਸ ਮੌਕੇ ਕਿਹਾ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਉਸ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ।

# ਬਰਤਨ ਮਾਂਜ ਕੇ ਝੀਂਡਾ ਨੇ ਪੂਰੀ ਕੀਤੀ ਤਨਖ਼ਾਹ

ਅੰਮ੍ਰਿਤਸਰ/ਬਿਊਰੋ ਨਿਊਜ਼ : ਹਰਿਆਣਾ ਦੇ ਸਿੱਖ ਆਗੂ ਜਗਦੀਸ਼ ਸਿੰਘ ਝੀਂਡਾ ਨੇ ਪੰਥ ਵਿੱਚ ਵਾਪਸੀ ਲਈ ਅਕਾਲ ਤਖ਼ਤ ਵੱਲੋਂ ਲਾਈ ਤਨਖ਼ਾਹ ਪੂਰੀ ਕਰਨ ਲਈ ਇੱਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸਥਿਤ ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਇੱਕ ਘੰਟਾ ਜੂਠੇ ਬਰਤਨ ਸਾਫ਼ ਕਰਨ ਦੀ ਸੇਵਾ ਕੀਤੀ। ਇਸ ਮਗਰੋਂ ਅਕਾਲ ਤਖ਼ਤ 'ਤੇ ਖਿਮਾ ਯਾਚਨਾ ਦੀ ਅਰਦਾਸ ਕਰ ਕੇ ਉਨ੍ਹਾਂ ਪੰਥ ਵਿੱਚ ਵਾਪਸੀ ਕੀਤੀ।

ਕੁਝ ਸਾਲ ਪਹਿਲਾਂ ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੇ ਮਾਮਲੇ ਨੂੰ ਲੈ ਕੇ ਅਕਾਲ ਤਖ਼ਤ ਵੱਲੋਂ ਹਰਿਆਣਾ ਦੇ ਤਿੰਨ ਸਿੱਖ ਆਗੂਆਂ ਨੂੰ ਪੰਥ ਵਿੱਚੋਂ ਛੇਕ ਦਿੱਤਾ ਗਿਆ ਸੀ। ਬੀਤੇ ਦਿਨੀਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਮੇਂ ਜਗਦੀਸ਼ ਸਿੰਘ ਝੀਂਡਾ ਨੇ ਪੇਸ਼ ਹੋ ਕੇ ਖਿਮਾ ਯਾਚਨਾ ਲਈ ਅਪੀਲ ਕੀਤੀ ਸੀ, ਜਿਸ ਦੇ ਆਧਾਰ 'ਤੇ ਪੰਜ ਸਿੰਘ ਸਾਹਿਬਾਨ ਵੱਲੋਂ ਉਨ੍ਹਾਂ ਨੂੰ ਤਨਖ਼ਾਹ ਲਾਈ ਗਈ ਸੀ। ਸ੍ਰੀ ਝੀਂਡਾ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ

ਬਾਕੀ ਸਫ਼ਾ 34 'ਤੇ



ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਜੂਠੇ ਬਰਤਨਾਂ ਦੀ ਸੇਵਾ ਕਰ ਰਹੇ ਜਗਦੀਸ਼ ਸਿੰਘ ਝੀਂਡਾ।


Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਯੂ. ਐੱਨ. ਵੱਲੋਂ ਖ਼ਾਲਸਾ ਦੇ ਸਥਾਪਨਾ ਦਿਵਸ, ਵਿਸਾਖੀ ਦੀਆਂ ਵਧਾਈਆਂ ; ਏਜੀਪੀਸੀ ਅਤੇ ਫ਼ਰੈਂਡਸ ਆਫ਼ ਕਾਕਸ ਵੱਲੋਂ ਸਵਾਗਤ

**ਨਿਊਯਾਰਕ/ਬਿਊਰੋ ਨਿਊਜ਼:**ਦੁਨੀਆ ਦੀ ਸਰਵਉੱਚ ਬਾਡੀ ਯੂਨਾਈਟਿਡ ਨੇਸ਼ਨਜ਼ (ਯੂ. ਐੱਨ.) ਵੱਲੋਂ ਸਿੱਖਾਂ ਦੇ ਤਿਉਹਾਰ ਵਿਸਾਖੀ ਜੋ ਕਿ ਖ਼ਾਲਸਾ ਪੰਥ ਦੀ ਸਥਾਪਨਾ ਦੀਆਂ ਵਧਾਈਆਂ ਦਿੱਤੀਆਂ ਗਈਆਂ, ਤੇ ਭੇਜੇ ਜਨਤਕ ਸੰਦੇਸ਼ ਦਾ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਰਵਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਯੂ. ਐੱਸ. ਕਾਂਗਰਸ ਅਤੇ ਹੁਣ ਯੂ. ਐੱਨ. ਵੱਲੋਂ ਵਿਸਾਖੀ 'ਤੇ ਸੰਦੇਸ਼ ਜਾਰੀ ਕਰਨਾ ਪੂਰੀ ਦੁਨੀਆ ਦੇ ਸਿੱਖ ਜਗਤ ਲਈ ਮਾਣ ਵਾਲੀ ਗੱਲ ਹੈ। ਮਿਸਟਰ ਐਡਾਮਾ ਡੀਇੰਗ, ਅੰਡਰ ਸੈਕਟਰੀ-ਜਰਨਲ ਐਂਡ ਸਪੈਸ਼ਲ ਐਡਵਾਈਜ਼ਰ ਵੱਲੋਂ ਯੂ. ਐੱਨ. ਦੁਆਰਾ ਇਕ ਸੰਦੇਸ਼ ਜਾਰੀ ਕੀਤਾ ਗਿਆ, ਜਿਸ 'ਚ ਉਪਰੰਤ ਸਮੂਹ ਸਿੱਖ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ ਫੈਲ ਗਈ ਹੈ। ਵਿਸਾਖੀ ਸੰਨ 1699 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਿੱਖ ਕੌਮ ਨੂੰ ਵੱਖਰੀ ਪਛਾਣ ਦਿੰਦਿਆਂ ਖ਼ਾਲਸਾ ਪੰਥ ਦੀ ਸਥਾਪਨਾ ਦੇ ਦਿਨ ਨੂੰ ਯਾਦ ਕਰਕੇ ਹਰ ਸਾਲ ਅਪ੍ਰੈਲ ਦੇ ਮਹੀਨੇ 'ਚ ਮਨਾਏ ਜਾਣ ਵਾਲੇ ਤਿਉਹਾਰ ਦੀ ਪ੍ਰਸੰਸਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਇਕ ਮਹੱਤਵਪੂਰਨ ਤਿਉਹਾਰ ਹੈ, ਜੋ ਕਿ ਸਿੱਖ ਕੌਮ ਲਈ ਨਵੇਂ ਸਾਲ ਦੀ ਸ਼ੁਰੂਆਤ ਦੀ ਆਮਦ ਦਾ ਸੁਨੇਹਾ ਦਿੰਦਾ ਹੈ। ਸੰਦੇਸ਼ 'ਚ ਕਿਹਾ ਗਿਆ ਹੈ ਕਿ ਇਸ ਦਿਨ ਪੂਰੇ ਵਿਸ਼ਵ ਸਿੱਖ ਆਪਣੇ ਧਾਰਮਿਕ ਅਸਥਾਨਾਂ 'ਤੇ ਪਹੁੰਚ ਕੇ ਪਰਿਵਾਰਾਂ ਅਤੇ ਸੁਨੇਹਿਆ ਨਾਲ ਇਹ ਤਿਉਹਾਰ ਮਨਾਉਂਦੇ ਹਨ ਅਤੇ ਜਲੂਸ ਕੱਢਦੇ ਹਨ। ਇੱਥੇ ਇਹ ਵੀ ਕਿਹਾ ਗਿਆ ਕਿ ਸਿੱਖਾਂ ਦੀ ਪੂਰੇ ਵਿਸ਼ਵ ਨੂੰ ਆਪਸੀ ਭਾਈਚਾਰਾ ਸਥਾਪਿਤ ਕਰਨ ਲਈ ਪ੍ਰਾਥਨਾਵਾਂ ਕੀਤੀਆਂ ਜਾਂਦੀਆਂ ਹਨ, ਜੋ ਕਿ ਵਿਸ਼ਵ ਸ਼ਾਂਤੀ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ।

ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਮਿਸਟਰ ਡੀਇੰਗ ਅਤੇ ਸਮੂਹ ਯੂ. ਐੱਨ. ਦਾ ਧੰਨਵਾਦ ਕਰਦਿਆਂ ਦੱਸਿਆ ਕਿ ਵਿਸਾਖੀ ਸਬੰਧੀ ਪਾਸ ਕੀਤੇ ਗਏ ਸੰਦੇਸ਼ 'ਚ ਸਿੱਖਾਂ ਦੇ ਅਮਰੀਕਾ ਦੀ ਖ਼ੁਸ਼ਹਾਲੀ ਤੇ ਤਰੱਕੀ 'ਚ ਭੂਮਿਕਾ ਦੀ ਸ਼ਲਾਘਾ ਵੀ ਕੀਤੀ ਗਈ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਅਮਰੀਕਨ ਸਮਾਜ ਦਾ ਸਿੱਖਾਂ ਪ੍ਰਤੀ ਦਰਸਾਏ ਮੋਹ 'ਤੇ ਉਹ ਖ਼ੁਸ਼ ਹਨ। ਉਨ੍ਹਾਂ ਕਿਹਾ ਕਿ ਯੂ. ਐੱਨ. ਦੁਆਰਾ ਦਿੱਤੀਆਂ ਵਧਾਈਆਂ ਦੇ ਸੰਦੇਸ਼ ਪਾਸ ਕਰਕੇ ਇਸ ਸਰਵਉੱਚ ਸੰਸਥਾ ਨੇ ਸਿੱਖਾਂ ਪ੍ਰਤੀ ਅਪਨਾਪਨ ਜਤਾਇਆ ਹੈ। ਉਨ੍ਹਾਂ ਕਿਹਾ ਕਿ ਸਾਊਥ ਏਸ਼ੀਆ 'ਚ ਪੰਜਾਬ 'ਚ ਇਹ ਤਿਉਹਾਰ ਫ਼ਸਲ ਦੇ ਪੱਕਣ ਦੀ ਖ਼ੁਸ਼ੀ 'ਚ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।





UNITED NATIONS NATIONS UNIES

Message from Mr. Adama Dieng, Under Secretary-General and Special Adviser of the United Nations Secretary-General on the occasion of the Vaisakhi 2017 Celebrations

I offer my warmest wishes to the entire Sikh community around the world as they celebrate Vaisakhi. Vaisakhi is one of the most important observances of the year for Sikhs. It commemorates the founding of the Khalsa Sikh community in 1699 by Guru Gobind Singh Ji. It also marks the beginning of a new year in many parts of India and around the world. For many, it is a time to gather at gurdwaras (Sikh Temples) to pray, read from the sacred scripture and meditate, as well as celebrate with family and friends at vibrant parades and processions. Today, we should reflect on the many contributions of the Sikh community in all areas of endeavour. The Khalsa's commitment to justice and equality are values cherished by the United Nations Office of the Special Adviser on the Prevention of Genocide.

New York, 10 April 2017

ਇਸ ਮੌਕੇ ਫ਼ਰੈਂਡਸ ਆਫ਼ ਸਿੱਖ ਕਾਕਸ ਵੱਲੋਂ ਸ. ਹਰਪ੍ਰੀਤ ਸਿੰਘ ਸੰਧੂ ਨੇ ਕਿਹਾ ਕਿ ਇਸ ਉਪਰਾਲੇ ਨਾਲ ਸਮੂਹ ਸਿੱਖਾਂ ਦੀ ਪਛਾਣ ਸਬੰਧੀ ਵਿਦੇਸ਼ਾਂ 'ਚ ਲੋਕ ਜਾਗ੍ਰਿਤ ਹੋਣਗੇ ਅਤੇ ਇਸ ਨਾਲ ਸਿੱਖਾਂ ਨੂੰ ਆਪਣੀ ਪਹਿਚਾਨ ਲਈ ਨਕਸਕੁਸ਼ੀ ਹਿੰਸਾ ਵਰਗੀਆਂ ਘਿਨੌਣੀਆਂ ਤੇ ਮੰਦਭਾਗੀਆਂ ਘਟਨਾਵਾਂ ਤੋਂ ਰਾਹਤ ਪੁੱਜੇਗੀ। ਉਨ੍ਹਾਂ ਕਿਹਾ ਕਿ ਵਿਸਾਖੀ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਚੁਫ਼ੇਰਿਓ ਉਚਿੱਤ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਸ ਸਬੰਧੀ ਅਮਰੀਕੀ ਪ੍ਰਸ਼ਾਸ਼ਨ ਦੇ ਉਕਤ ਲੀਡਰਾਂ ਦੇ ਸਹਿਯੋਗ ਦੀ ਸ਼ਲਾਘਾ ਕਰਦੇ ਹਨ। ਇਸ ਮੌਕੇ 'ਤੇ ਡਾ. ਇਕਤਿਦਾਰ ਚੀਮਾ, ਜਿਹੜੇ ਕਿ ਯੂਨਾਈਟਿੰਡ ਨੇਸ਼ਨਜ਼ ਦੇ ਐਡਵਾਈਜ਼ਰੀ ਬੋਰਡ ਦੇ ਮੈਂਬਰ ਹਨ, ਨੇ ਯੂ. ਐੱਨ. ਵੱਲੋਂ ਜਾਰੀ ਕੀਤੇ ਗਏ ਸੰਦੇਸ਼ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੇ ਸਿੱਖ ਕੌਮ ਨੂੰ ਵਿਸਾਖੀ ਦੇ ਦਿਹਾੜੇ ਦੀ ਬਹੁਤ-ਬਹੁਤ ਮੁਬਾਰਕਾਂ ਦਿੱਤੀਆਂ।

## ਗੁਰਦੁਆਰਾ ਸਾਹਿਬ ਫਰੀਮੌਂਟ ਦੀ ਜਨਰਲ ਬਾਡੀ ਮੀਟਿੰਗ 30 ਅਪ੍ਰੈਲ ਨੂੰ ਦੁਪਹਿਰ 3 ਵਜੇ ਹੋਵੇਗੀ

**ਫਰੀਮੌਂਟ/ਬਿਊਰੋ ਨਿਊਜ਼:** ਗੁਰਦੁਆਰਾ ਸਾਹਿਬ ਫਰੀਮੌਂਟ ਦੀ ਜਨਰਲ ਬਾਡੀ ਦੀ ਮੀਟਿੰਗ 30 ਅਪ੍ਰੈਲ 2017 ਨੂੰ ਬਾਅਦ ਦੁਪਹਿਰ 3:00 ਵਜੇ ਰੱਖੀ ਗਈ ਹੈ। ਇਸ ਮੀਟਿੰਗ ਵਿਚ ਸਾਧ ਸੰਗਤ ਨੂੰ ਗੁਰਦੁਆਰਾ ਸਾਹਿਬ ਦੇ ਅਕਾਊਂਟਸ, ਚਲ ਰਹੇ ਅਤੇ ਉਲੀਕੇ ਗਏ ਪ੍ਰੋਜੈਕਟਸ ਦੀ ਜਾਣਕਾਰੀ ਦਿੱਤੀ ਜਾਵੇਗੀ।

## ਚੰਦੂਮਾਜਰਾ ਵਲੋਂ ਸਿੱਖ ਕਤਲੇਆਮ ਸੰਬੰਧੀ ਲੋਕ ਸਭਾ ਵਿਚ ਦਿੱਤਾ ਬਿਆਨ ਸਿਰਫ ਲੋਕ ਦਿਖਾਵਾ: ਫੂਲਕਾ





**ਚੰਡੀਗੜ੍ਹ/ ਸਿੱਖ ਸਿਆਸਤ ਬਿਊਰੋ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ ਨੇ ਲੋਕ ਸਭਾ ਵਿਚ ਬਾਦਲ ਦਲ ਦੇ ਆਗੂ ਅਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਵਲੋਂ 1984 ਦੇ ਸਿੱਖ ਕਤਲੇਆਮ ਦਾ ਮੁੱਦਾ ਚੁਕਣ ਉਤੇ ਪ੍ਰਤੀਕ੍ਰਿਆ ਜਾਹਿਰ ਕਰਦਿਆਂ ਇਸ ਨੂੰ ਲੋਕ ਦਿਖਾਵਾ ਅਤੇ ਅਕਾਲੀ-ਭਾਜਪਾ ਸਰਕਾਰ ਦੀ ਦੋਗਲੀ ਨੀਤੀ ਕਰਾਰ ਦਿੱਤਾ। ਸੋਮਵਾਰ ਨੂੰ ਜਾਰੀ ਇਕ ਪ੍ਰੈਸ ਬਿਆਨ ਵਿਚ ਫੂਲਕਾ ਨੇ ਕਿਹਾ ਕਿ ਕੇਂਦਰ ਵਿਚ ਅਕਾਲੀ-ਭਾਜਪਾ ਭਾਈਵਾਲ ਸਰਕਾਰ ਹੋਣ ਦੇ ਬਾਵਜੂਦ ਵੀ 1984 ਦੇ ਸਿੱਖ ਕਤਲੇਆਮ ਪੀੜਿਤਾਂ ਨੂੰ ਕੋਈ ਰਾਹਤ ਨਹੀਂ ਮਿਲੀ ਹੈ ਅਤੇ ਅਜਿਹੇ ਸਮੇਂ 'ਤੇ ਚੰਦੂਮਾਜਰਾ ਵਲੋਂ ਆਪਣੀ ਹੀ ਸਰਕਾਰ ਕੋਲੋਂ ਇਸ ਸੰਬੰਧੀ ਮੰਗ ਕਰਨਾ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਵਰਗਾ ਹੈ।

ਸ. ਫੂਲਕਾ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਹਰਸਮਿਰਤ ਕੌਰ ਬਾਦਲ ਮੋਦੀ ਸਰਕਾਰ ਵਿਚ ਮੰਤਰੀ ਹੈ ਅਤੇ ਉਸਨੂੰ ਪ੍ਰਧਾਨ ਮੰਤਰੀ ਮੋਦੀ ਨਾਲ ਇਹ ਮੁੱਦਾ ਸਿੱਧੇ ਤੌਰ 'ਤੇ ਚੁਕਣਾ ਚਾਹੀਦਾ ਹੈ।


ੴ ਸਤਿਗੁਰ ਪ੍ਰਸਾਦਿ ॥

ਗੁਰਦੁਆਰਾ ਸਿੰਘ ਸਭਾ ਬੇਅ ਏਰੀਆ ਮਿਲਪੀਟਸ

680 East Calaveras Blvd. Milpitas CA 95035

ਵਲੋਂ ਵਿਸ਼ੇਸ਼ ਪ੍ਰੋਗਰਾਮ



ਬੱਚਿਆਂ ਦੇ ਪਬਲਿਕ ਸਪੀਕਿੰਗ ਮੁਕਾਬਲੇ

ਜਿੱਤੋ ਢੇਰ ਸਾਰੇ ਵੱਡੇ ਇਨਾਮ

ਸਮਾਂ: ਐਤਵਾਰ 30 ਅਪ੍ਰੈਲ ਸਵੇਰੇ 11:00 ਵਜੇ ਤੋਂ

ਉਮਰ ਅਨੁਸਾਰਾਂ ਗਰੁੱਪਾਂ ਦੀ ਵੰਡ

ਗਰੁੱਪ 1: 4 ਤੋਂ 6 ਗਰੇਡ ਤੱਕ

ਗਰੁੱਪ 2: 7 ਤੋਂ 8 ਗਰੇਡ ਤੱਕ

ਗਰੁੱਪ 3: 9 ਤੋਂ 12 ਗਰੇਡ ਤੱਕ



ਮੁਕਾਬਲਿਆਂ ਵਿੱਚ ਭਾਗ ਲੈਣ ਦੇ ਚਾਹਵਾਨ ਕ੍ਰਿਪਾ ਕਰਕੇ 17 ਅਪ੍ਰੈਲ 2017 ਤੱਕ ਨਿੱਜੀ ਤੌਰ ਉੱਤੇ ਜਾਂ ਈਮੇਲ igosmilpitas@gmail.com ਰਾਹੀਂ ਅਪਣੇ ਨਾਂਮ ਦਰਜ ਕਰਵਾ ਲੈਣ

# ਸਿੱਖ ਨਸਲਕੁਸ਼ੀ: ਕੇਂਦਰੀ ਮੰਤਰੀ ਨੇ ਸੰਸਦ ਵਿੱਚ ਮੁਆਫ਼ੀ ਬਾਰੇ ਨਹੀਂ ਦਿੱਤਾ ਜਵਾਬ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਨਵੰਬਰ 1984 ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦਿੰਦਿਆਂ ਸੰਸਦ ਵਿੱਚ ਮੁਆਫ਼ੀ ਦਾ ਮਤਾ ਲਿਆਉਣ ਸਬੰਧੀ ਮੰਗ ਨੂੰ ਇੱਥੇ ਕੇਂਦਰੀ ਵਿੱਤ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਨਜ਼ਰਅੰਦਾਜ਼ ਕਰ ਦਿੱਤਾ। ਉਹ ਇੱਥੇ ਭਾਜਪਾ ਦੇ ਸਥਾਪਨਾ ਦਿਵਸ ਦੇ ਸਬੰਧ ਵਿੱਚ ਆਏ ਸਨ ਅਤੇ ਉਨ੍ਹਾਂ ਦੀ ਹਾਜ਼ਰੀ ਵਿੱਚ ਭਾਜਪਾ ਦੇ ਸੀਨੀਅਰ ਵਰਕਰਾਂ ਦਾ ਸਨਮਾਨ ਕੀਤਾ ਗਿਆ।

ਇੱਥੇ ਸਰਕਟ ਹਾਊਸ ਵਿੱਚ ਮੀਡੀਆ ਨਾਲ ਗੱਲਬਾਤ ਦੌਰਾਨ ਜਦੋਂ ਸ੍ਰੀ ਮੇਘਵਾਲ ਨੂੰ ਪੁੱਛਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਮੰਗ ਕੀਤੀ ਗਈ ਹੈ ਕਿ ਸਿੱਖ ਨਸਲਕੁਸ਼ੀ ਸਬੰਧੀ ਸੰਸਦ ਵਿੱਚ ਮੁਆਫ਼ੀ ਮੰਗੀ ਜਾਵੇ ਤਾਂ ਉਨ੍ਹਾਂ ਇਸ ਦਾ ਉਤਰ ਦੇਣ ਤੋਂ ਟਾਲਾ ਵੱਟਿਆ ਪਰ ਸਿੱਖ ਕਤਲੇਆਮ ਨੂੰ ਭਾਰਤੀ ਜਮਹੂਰੀਅਤ 'ਤੇ ਕਾਲਾ ਧੱਬਾ ਕਰਾਰ ਦਿੱਤਾ। ਉਨ੍ਹਾਂ ਖ਼ੁਲਾਸਾ ਕੀਤਾ ਕਿ ਭਾਜਪਾ ਦਾ ਅਗਲਾ ਨਿਸ਼ਾਨਾ 2019 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਬਹੁਮਤ ਨਾਲ ਜਿੱਤਣਾ ਹੈ। ਇਸ ਟੀਚੇ ਨੂੰ ਸਾਹਮਣੇ ਰੱਖ ਕੇ ਭਾਜਪਾ ਨੇ ਹੁਣ ਤੋਂ ਹੀ ਜਥੇਬੰਦਕ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਖਾਸ ਕਰਕੇ ਉਨ੍ਹਾਂ ਹਲਕਿਆਂ ਵਿੱਚ ਵਧੇਰੇ ਧਿਆਨ ਕੇਂਦ੍ਰਿਤ ਕੀਤਾ ਜਾ ਰਿਹਾ ਹੈ, ਜਿੱਥੇ ਇਸ ਵੇਲੇ ਭਾਜਪਾ ਦੇ ਸੰਸਦ ਮੈਂਬਰ ਨਹੀਂ ਹਨ। ਉਨ੍ਹਾਂ ਦੱਸਿਆ ਕਿ ਭਾਜਪਾ ਦੇ ਸੰਸਦ ਮੈਂਬਰਾਂ, ਵਿਧਾਇਕਾਂ ਤੇ ਅਹੁਦੇਦਾਰਾਂ ਨਾਲ ਗੱਲਬਾਤ ਕਰਕੇ ਜਥੇਬੰਦਕ ਪੱਧਰ 'ਤੇ ਖਾਮੀਆਂ ਦੂਰ ਕਰਨ ਦੇ ਸੁਝਾਅ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਆਦੇਸ਼ਾਂ 'ਤੇ ਹਰੇਕ ਸੰਸਦ ਮੈਂਬਰ ਉਨ੍ਹਾਂ ਹਲਕਿਆਂ ਦਾ ਦੌਰਾ ਕਰ ਰਿਹਾ ਹੈ, ਜਿੱਥੇ ਭਾਜਪਾ ਨੂੰ ਹਾਰ ਮਿਲੀ ਹੈ।


ਅੰਮ੍ਰਿਤਸਰ ਵਿੱਚ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਕੇਂਦਰੀ ਵਿੱਤ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ।

## ਭਾਰਤ ਸਰਕਾਰ ਨੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ : ਚੰਦੂਮਾਜਰਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਇੱਥੇ ਕਿਹਾ ਹੈ ਕਿ ਨਵੰਬਰ, '84 ਦੇ ਸਿੱਖ ਕਤਲੇਆਮ ਨੂੰ ਕੈਨੇਡਾ ਦੇ ਓਨਟਾਰੀਓ ਸੂਬੇ ਦੀ ਅਸੈਂਬਲੀ ਵਲੋਂ 'ਸਿੱਖ ਨਸਲਕੁਸ਼ੀ' ਕਰਾਰ ਦੇਣ ਦੇ ਮਤੇ ਦੀ ਨਿੰਦਾ ਕਰਕੇ ਭਾਰਤ ਸਰਕਾਰ ਨੇ ਇੱਕ ਵਾਰੀ ਫਿਰ ਸਿੱਖਾਂ ਦੇ ਜ਼ਖ਼ਮ ਉਚੇੜ ਕੇ ਰੱਖ ਦਿੱਤੇ ਹਨ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਇਸ ਮਤੇ ਦੀ ਨਿੰਦਾ ਕਰਨ ਤੇ ਇਸ ਨੂੰ ਵਾਪਸ ਲੈਣ ਦੀਆਂ ਬੇਤੁਕੀਆਂ ਗੱਲਾਂ ਦੀ ਥਾਂ ਸਗੋਂ ਖੁਦ ਸੰਸਦ ਵਿਚ ਇਸ ਨਸਲਕੁਸ਼ੀ ਦੀ ਨਿੰਦਾ ਦਾ ਮਤਾ ਪਾਸ ਕਰਕੇ ਸਿੱਖ ਭਾਈਚਾਰੇ ਦੀਆਂ ਵਲੂੰਧਰੀਆਂ ਭਾਵਨਾਵਾਂ ਨੂੰ ਸ਼ਾਂਤ ਕਰਨਾ ਚਾਹੀਦਾ ਹੈ। ਅਕਾਲੀ ਆਗੂ ਨੇ ਕਿਹਾ ਕਿ ਉਹ ਇਹ ਮਾਮਲਾ ਲੋਕ ਸਭਾ ਵਿਚ ਉਠਾਉਣਗੇ ਤੇ ਮੰਗ ਕਰਨਗੇ ਕਿ ਸੰਸਦ ਦੇ ਦੋਹਾਂ ਸਦਨਾਂ ਵਿਚ ਅਜਿਹੇ ਮਤੇ ਪਾਸ ਕੀਤੇ ਜਾਣ।

## ਓਂਟਾਰੀਓ 'ਚ 1984 ਸਿੱਖ ਨਸਲਕੁਸ਼ੀ ਸਬੰਧੀ ਮਤੇ ਦੀ ਭਾਰਤ ਵਲੋਂ ਵਿਰੋਧਤਾ ਮੰਦਭਾਗੀ : ਸ਼੍ਰੋਮਣੀ ਕਮੇਟੀ

**ਪਟਿਆਲਾ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕੈਨੇਡਾ ਦੇ ਓਂਟਾਰੀਓ ਸੂਬੇ ਦੀ ਵਿਧਾਨ ਸਭਾ ਵੱਲੋਂ 1984 ਦੀ ਸਿੱਖ ਨਸਲਕੁਸ਼ੀ 'ਤੇ ਪਾਸ ਕੀਤੇ ਮਤੇ ਦੀ ਭਾਰਤ ਸਰਕਾਰ ਵੱਲੋਂ ਨਿੰਦਾ ਕਰਨ ਨੂੰ ਮੰਦਭਾਗਾ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫਰਾਖ਼ਦਿਲੀ ਦਿਖਾਉਣ ਲਈ ਕਿਹਾ ਹੈ।



ਪ੍ਰੋ. ਬਡੂੰਗਰ ਨੇ ਇੱਥੇ ਪੱਤਰਕਾਰ ਮਿਲਣੀ ਦੌਰਾਨ ਓਂਟਾਰੀਓ ਵਿਧਾਨ ਸਭਾ ਦੇ ਮਤੇ ਦਾ ਸਵਾਗਤ ਕੀਤਾ ਅਤੇ ਮੰਗ ਕੀਤੀ ਕਿ ਭਾਰਤ ਸਰਕਾਰ ਵੀ 1984 ਦੀ ਸਿੱਖ ਨਸਲਕੁਸ਼ੀ ਸਬੰਧੀ ਮੁਆਫ਼ੀ ਮੰਗੇ। ਦੱਸਣਯੋਗ ਹੈ ਕਿ ਓਂਟਾਰੀਓ ਵਿਧਾਨ ਸਭਾ ਵੱਲੋਂ ਪਾਸ ਕੀਤੇ ਮਤੇ ਦੀ ਭਾਰਤ ਸਰਕਾਰ ਨੇ ਨਿੰਦਾ ਕੀਤੀ ਹੈ। ਭਾਰਤ ਦੇ ਵਿਦੇਸ਼ ਵਿਭਾਗ (MEA) ਦੇ ਬੁਲਾਰੇ ਨੇ ਅਜਿਹੇ ਮਤੇ ਦੀ ਜਿੱਥੇ ਨਿਖੇਧੀ ਕੀਤੀ ਹੈ, ਉਥੇ ਇਸ ਨੂੰ ਰੱਦ ਕਰਨ ਲਈ ਵੀ ਕਿਹਾ ਹੈ। ਉਧਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਹੈ ਕਿ ਸਿੱਖ ਨਸਲਕੁਸ਼ੀ ਕਾਰਨ ਸਿੱਖਾਂ ਦੇ ਜ਼ਖ਼ਮ ਅਜੇ ਵੀ ਅੱਲ੍ਹੇ ਹਨ। ਉਨ੍ਹਾਂ ਕਿਹਾ ਕਿ ਅਜਿਹੀ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਖ਼ਿਲਾਫ਼ ਅਜੇ ਤੱਕ ਕਾਨੂੰਨੀ ਕਾਰਵਾਈ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਅਜਿਹੇ ਵਿੱਚ ਜੇਕਰ ਓਂਟਾਰੀਓ ਵਿਧਾਨ ਸਭਾ ਨੇ ਸਿੱਖਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਹੈ ਤਾਂ ਇਸ ਵਿੱਚ ਹਰਜ਼ ਵੀ ਕੀ ਹੈ ? ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਕੇਂਦਰ ਸਰਕਾਰ ਨੂੰ ਮੁੜ ਪੱਤਰ ਲਿਖਿਆ ਜਾਵੇਗਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੀ ਭਾਰਤ ਫੇਰੀ ਦੌਰਾਨ 20 ਅਪ੍ਰੈਲ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਪੁੱਜਣ 'ਤੇ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਦੇ ਸਨਮਾਨ ਦਾ ਪ੍ਰੋਗਰਾਮ ਉਲੀਕਿਆ ਹੈ।

## ਕੀ ਸਿੱਖ ਨਸਲਕੁਸ਼ੀ ਮਤੇ 'ਤੇ ਵਿਰੋਧ ਦਰਜ ਕਰਾਉਣ ਵੇਲੇ ਕੇਂਦਰ ਨੇ ਬਾਦਲਾਂ ਤੋਂ ਸਲਾਹ ਲਈ ਸੀ: ਫੂਲਕਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਐਚ ਐਸ ਫੂਲਕਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਹੈ ਕਿ ਉਹ ਸਪਸ਼ਟ ਕਰਨ ਕਿ ਕੈਨੇਡਾ ਸਰਕਾਰ ਵੱਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਕਤਲੇਆਮ ਕਰਾਰ ਦੇਣ ਵਾਲੇ ਮਤੇ 'ਤੇ ਕੇਂਦਰ ਸਰਕਾਰ ਨੇ ਵਿਰੋਧ ਦਰਜ ਕਰਾਉਣ ਤੋਂ ਪਹਿਲਾਂ ਕੀ ਉਨ੍ਹਾਂ ਨਾਲ ਸਲਾਹ ਕੀਤੀ ਸੀ।



ਸ੍ਰੀ ਫੂਲਕਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਕੇਂਦਰ ਵਿੱਚ ਮੰਤਰੀ ਹਨ। ਇਸ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਲੋਕਾਂ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਕੇਂਦਰ ਸਰਕਾਰ ਨੇ ਓਂਟਾਰੀਓ ਅਸੈਂਬਲੀ ਵੱਲੋਂ 84 ਦੰਗਿਆਂ ਬਾਰੇ ਪਾਸ ਮਤੇ ਨੂੰ ਗੁਮਰਾਹਕੁਨ ਕਰਾਰ ਦੇਣ ਤੋਂ ਪਹਿਲਾਂ ਉਨ੍ਹਾਂ ਤੋਂ ਮਨਜ਼ੂਰੀ ਲਈ ਸੀ। ਇਸ ਸਬੰਧੀ ਫੋਨ 'ਤੇ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਆਗੂ ਨੇ ਕਿਹਾ ਕਿ ਜੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਓਂਟਾਰੀਓ ਅਸੈਂਬਲੀ ਵੱਲੋਂ ਪਾਸ ਮਤੇ ਤੋਂ ਸਹਿਮਤ ਸੀ ਤਾਂ ਉਸ ਨੂੰ ਤੁਰਤ ਕੋਰ ਕਮੇਟੀ ਦੀ ਮੀਟਿੰਗ ਬੁਲਾਉਣੀ ਚਾਹੀਦੀ ਸੀ ਅਤੇ ਇਸ ਦੇ ਹੱਕ ਵਿੱਚ ਮਤਾ ਪਾਸ ਕਰਨਾ ਚਾਹੀਦਾ ਸੀ ਤੇ ਸਿੱਖ ਵਿਰੋਧੀ ਦੰਗਿਆਂ ਨੂੰ ਕਤਲੇਆਮ ਐਲਾਨਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਨੂੰ ਕੇਂਦਰ ਦੇ ਇਸ ਮਤੇ ਸਬੰਧੀ ਲਏ ਸਟੈਂਡ ਖ਼ਿਲਾਫ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਵਿਰੋਧ ਦਰਜ ਕਰਾਉਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਉਹ ਅਕਾਲੀ ਦਲ ਨੂੰ ਸੂਬੇ ਨਾਲ ਸਬੰਧਤ ਮੁੱਦਿਆਂ 'ਤੇ ਦੋਹਰੀ ਰਾਜਨੀਤੀ ਨਹੀਂ ਕਰਨ ਦੇਣਗੇ, ਜਿਸ ਕਾਰਨ ਸੂਬੇ ਨੂੰ ਦਹਾਕਿਆਂ ਤੋਂ ਬਹੁਤ ਨੁਕਸਾਨ ਹੋਇਆ ਹੈ।

## ਸਿੱਖ ਕਤਲੇਆਮ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਦਾ ਦਲ ਖ਼ਾਲਸਾ ਵਲੋਂ ਸਵਾਗਤ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਅਮਰੀਕਾ ਦੀ ਕਾਂਗਰਸ ਵਿਚ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਸਿੱਖਾਂ ਦੇ ਕੌਮੀ ਤਿਉਹਾਰ 'ਵਿਸਾਖੀ' ਨੂੰ ਮਾਨਤਾ ਦੇਣ ਲਈ ਦਲ ਖ਼ਾਲਸਾ ਨੇ ਅਮਰੀਕੀ ਕਾਂਗਰਸ ਦਾ ਧੰਨਵਾਦ ਕਰਦਿਆਂ ਇਸ ਹਾਂ-ਪੱਖੀ ਕਾਰਜ ਲਈ ਅਮਰੀਕਾ ਵਿਚ ਵਸਦੇ ਸਮੁੱਚੇ ਸਿੱਖ ਜਗਤ ਨੂੰ ਵਧਾਈ ਦਿੱਤੀ ਹੈ। ਏਸੇ ਤਰ੍ਹਾਂ ਜਥੇਬੰਦੀ ਨੇ ਬੀਤੇ ਦਿਨ ਕੈਨੇਡਾ ਦੀ ਸਟੇਟ ਓਂਟਾਰੀਓ ਦੀ ਅਸੈਂਬਲੀ ਵਲੋਂ ਨਵੰਬਰ 1984 ਵਿਚ ਭਾਰਤ ਦੀ ਰਾਜਧਾਨੀ ਦਿੱਲੀ ਸਮੇਤ ਹੋਰ ਥਾਵਾਂ 'ਤੇ ਹੋਏ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦੇਣ ਦੇ ਫੈਸਲੇ ਨੂੰ ਮਹੱਤਵਪੂਰਨ ਕਦਮ ਦੱਸਿਆ ਹੈ। ਦਲ ਖ਼ਾਲਸਾ ਦੇ ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ ਅਤੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਅੱਜ ਜਦੋਂ ਅਮਰੀਕਾ ਵਿਚ ਸਿੱਖਾਂ ਉੱਤੇ ਨਸਲੀ ਹਮਲੇ ਵੱਧ ਰਹੇ ਹਨ ਤਾਂ ਅਜਿਹੇ ਮੌਕੇ ਇਹ ਫੈਸਲਾ ਵੱਖਰੀ ਸਿੱਖ ਪਛਾਣ ਨੂੰ ਪੁਖਤਾ ਕਰਨ ਅਤੇ ਅਮਰੀਕਾ ਵਿਚ ਵਸਦੀਆਂ ਹੋਰਨਾਂ ਕੌਮਾਂ ਅਤੇ ਨਸਲਾਂ ਅੰਦਰ ਸਿੱਖ ਪਛਾਣ ਨੂੰ ਉਜਾਗਰ ਕਰਨ ਵਿੱਚ ਸਹਾਈ ਹੋਵੇਗਾ।

# ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗੁਰਮੁਖ ਸਿੰਘ ਐਨ ਵਿਸਾਖੀ ਮੌਕੇ 'ਗੈਰਹਾਜ਼ਰ'

**ਬਠਿੰਡਾ/ਬਿਊਰੋ ਨਿਊਜ਼ :** ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਵਿਸਾਖੀ ਸਮਾਗਮਾਂ ਦੀ ਤਿਆਰੀ ਵਿਚੋਂ ਬਿਲਕੁਲ 'ਆਊਟ' ਹੋ ਗਏ ਹਨ। ਵਿਸਾਖੀ ਦਿਹਾੜੇ ਦੇ ਐਨ ਮੌਕੇ ਉਤੇ ਜਥੇਦਾਰ ਦੀ ਤਖ਼ਤ ਸਾਹਿਬ ਤੋਂ ਗੈਰਹਾਜ਼ਰੀ ਤੋਂ ਜਾਪਦਾ ਹੈ ਕਿ 'ਸਭ ਅੱਛਾ ਨਹੀਂ ਹੈ'। ਬਠਿੰਡਾ ਤੇ ਮਾਨਸਾ ਦੇ ਸ਼੍ਰੋਮਣੀ ਕਮੇਟੀ ਮੈਂਬਰ ਵੀ ਜਥੇਦਾਰ ਗੁਰਮੁਖ ਸਿੰਘ ਤੋਂ ਅੰਦਰਖਾਤੇ ਔਖੇ ਹਨ। ਇਨ੍ਹਾਂ ਮੈਂਬਰਾਂ ਨੇ ਜਥੇਦਾਰ ਦੀ ਗੈਰਹਾਜ਼ਰੀ ਵਿੱਚ ਵਿਸਾਖੀ ਦਿਹਾੜੇ ਦੇ ਸਭ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਏ ਹਨ। ਇਹ ਰਵਾਇਤ ਰਹੀ ਹੈ ਕਿ ਤਖ਼ਤ ਦੇ ਜਥੇਦਾਰ ਵੱਲੋਂ ਵਿਸਾਖੀ ਮੇਲੇ ਦੇ ਪ੍ਰਬੰਧਾਂ ਬਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਮੀਟਿੰਗ ਆਪਣੀ ਰਿਹਾਇਸ਼ 'ਤੇ ਸੱਦੀ ਜਾਂਦੀ ਹੈ।

ਜਾਣਕਾਰੀ ਅਨੁਸਾਰ ਪਿਛਲੇ ਵਰ੍ਹੇ ਦੀ ਵਿਸਾਖੀ ਉਤੇ ਜਥੇਦਾਰ ਗੁਰਮੁਖ ਸਿੰਘ ਨੇ ਆਪਣੀ ਰਿਹਾਇਸ਼ 'ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਮੀਟਿੰਗ ਸੱਦੀ ਸੀ ਅਤੇ ਮੈਂਬਰਾਂ ਦੀਆਂ ਡਿਊਟੀਆਂ ਲਾਈਆਂ ਸਨ। ਐਤਕੀਂ ਜਥੇਦਾਰ ਨੇ ਮੀਟਿੰਗ ਸੱਦਣ ਤੋਂ ਪਾਸਾ ਵੱਟ ਲਿਆ ਹੈ। ਉਹ ਕਾਫ਼ੀ ਦਿਨ ਪਹਿਲਾਂ ਤਖਤ ਸਾਹਿਬ ਤੋਂ ਚਲੇ ਗਏ ਸਨ। ਬਠਿੰਡਾ ਲੋਕ ਸਭਾ ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਆਪਣੇ ਪੱਧਰ 'ਤੇ 5 ਅਪ੍ਰੈਲ ਨੂੰ ਦਮਦਮਾ ਸਾਹਿਬ ਵਿਖੇ ਮੀਟਿੰਗ ਸੱਦ ਲਈ ਸੀ, ਜਿਸ ਵਿਚ ਪ੍ਰਬੰਧਾਂ ਦੇ ਅਧਿਕਾਰ ਸ਼੍ਰੋਮਣੀ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ ਨੂੰ ਦੇ ਦਿੱਤੇ ਸਨ। ਇਨ੍ਹਾਂ ਮੈਂਬਰਾਂ ਦੀ ਮੀਟਿੰਗ ਵਿਚੋਂ ਜਥੇਦਾਰ ਗੈਰਹਾਜ਼ਰ ਸਨ।

ਸੂਤਰਾਂ ਮੁਤਾਬਕ ਥੋੜ੍ਹੇ ਦਿਨ ਪਹਿਲਾਂ ਜਥੇਦਾਰ ਗੁਰਮੁਖ ਸਿੰਘ ਦੀ ਦਮਦਮਾ ਸਾਹਿਬ ਵਿਖੇ ਰਿਹਾਇਸ਼ 'ਤੇ ਧਾਰਮਿਕ ਸਮਾਗਮ ਸਨ ਅਤੇ ਇਨ੍ਹਾਂ ਸਮਾਗਮਾਂ ਵਿੱਚ ਆਏ ਰਿਸ਼ਤੇਦਾਰਾਂ ਲਈ ਜਦੋਂ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਤੋਂ ਚਾਰ ਏਸੀ ਕਮਰੇ ਮੰਗੇ ਤਾਂ ਸ਼੍ਰੋਮਣੀ ਕਮੇਟੀ ਦੇ ਸਥਾਨਕ ਪ੍ਰਬੰਧਕਾਂ ਨੇ ਪਹਿਲਾਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਪ੍ਰਵਾਨਗੀ ਲਈ ਸੀ। ਜਾਣਕਾਰੀ ਅਨੁਸਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਅਕਾਲੀ ਉਮੀਦਵਾਰ ਡੇਰਾ ਸਿਰਸਾ ਤੋਂ ਵੋਟਾਂ ਮੰਗਣ ਗਏ ਸਨ ਤਾਂ ਚੋਣਾਂ ਤੋਂ ਇੱਕ ਦਿਨ ਪਹਿਲਾਂ ਜਥੇਦਾਰ ਗੁਰਮੁਖ ਸਿੰਘ ਨੇ ਖੁੱਲ੍ਹ ਕੇ ਇਸ ਦਾ ਵਿਰੋਧ ਕੀਤਾ ਸੀ। ਉਦੋਂ ਤੋਂ ਬਾਦਲ ਪਰਿਵਾਰ ਵੀ ਅੰਦਰਖਾਤੇ ਜਥੇਦਾਰ ਤੋਂ ਖੁਸ਼ ਨਹੀਂ ਹੈ। ਜੋ ਸ਼੍ਰੋਮਣੀ ਕਮੇਟੀ ਮੈਂਬਰ ਪਹਿਲਾਂ ਜਥੇਦਾਰ ਦੇ ਨੇੜੇ ਸਨ, ਉਨ੍ਹਾਂ ਨੇ ਵੀ ਦੂਰੀ ਬਣਾ ਲਈ ਹੈ। ਸ਼੍ਰੋਮਣੀ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ ਨੇ ਕਿਹਾ ਕਿ ਜਥੇਦਾਰ ਗੁਰਮੁਖ ਸਿੰਘ ਵਿਸਾਖੀ ਦਿਹਾੜੇ ਮੌਕੇ ਗੈਰਹਾਜ਼ਰ ਹੋ ਗਏ ਹਨ ਅਤੇ ਐਤਕੀਂ ਉਨ੍ਹਾਂ ਨੇ ਕੋਈ ਤਿਆਰੀ ਮੀਟਿੰਗ ਨਹੀਂ ਬੁਲਾਈ। ਉਨ੍ਹਾਂ ਕਿਹਾ ਕਿ ਜਥੇਦਾਰ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਨੂੰ ਹੀ ਸਾਰੇ ਪ੍ਰਬੰਧ ਦੇਖਣੇ ਪੈ ਰਹੇ ਹਨ, ਜਿਨ੍ਹਾਂ ਵਿੱਚ ਮੁੱਖ ਤੌਰ

ਬਾਕੀ ਸਫ਼ਾ 34 'ਤੇ

## ਭਾਈ ਗੁਰਮੁਖ ਸਿੰਘ ਨੇ ਮਰਿਆਦਾ ਕਮੇਟੀ ਬਣਾਉਣ ਲਈ ਕਿਹਾ

ਅੰਮ੍ਰਿਤਸਰ : ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਗੁਰਮੁਖ ਸਿੰਘ ਨੇ ਸਰਕਾਰੀ ਏਜੰਸੀਆਂ ਦੀਆਂ ਸਿੱਖ ਕੌਮ ਪ੍ਰਤੀ ਸਾਜ਼ਿਸ਼ਾਂ ਨੂੰ ਰੋਕਣ ਲਈ ਇਕ ਮਰਿਆਦਾ ਕਮੇਟੀ ਬਣਾਉਣ ਦਾ ਸੁਝਾਅ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਮਰਿਆਦਾ ਕਮੇਟੀ ਹੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਮਾਮਲੇ ਦੀ ਮੁੱਢ ਤੋਂ ਪੜਤਾਲ ਕਰੇ ਅਤੇ ਸਪੱਸ਼ਟ ਕਰੇ ਕਿ ਡੇਰਾ ਮੁਖੀ ਨਾਲ ਕੀਹਦੇ ਕੀਹਦੇ ਸਬੰਧ ਹਨ ਅਤੇ ਉਸ ਦੀ ਮੁਆਫੀ ਵਾਲੀ ਚਿੱਠੀ ਕੌਣ ਲੈ ਕੇ ਆਇਆ ਸੀ ? ਦੱਸਣਯੋਗ ਹੈ ਕਿ ਭਾਈ ਗੁਰਮੁਖ ਸਿੰਘ ਇਸ ਤੋਂ ਪਹਿਲਾਂ ਡੇਰਾ ਸਿਰਸਾ ਗਏ ਸਿੱਖ ਆਗੂਆਂ ਦਾ ਵਿਰੋਧ ਕਰ ਚੁੱਕੇ ਹਨ ਅਤੇ ਹੁਣ ਉਨ੍ਹਾਂ ਨੇ ਨੀਲਧਾਰੀ ਮੁਖੀ ਸਤਨਾਮ ਸਿੰਘ ਨੂੰ ਬਿਨਾਂ ਹਾਜ਼ਰ ਹੋਏ ਮੁਆਫੀ ਦੇਣ ਦੇ ਮਾਮਲੇ ਵਿੱਚ ਵੀ ਅਸਹਿਮਤੀ ਪ੍ਰਗਟਾਈ ਹੈ। ਆਪਣੇ ਗ੍ਰਹਿ ਵਿਖੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਖਾਲਸਾ ਪੰਥ ਦੇ ਨਾਂ ਚਾਰ ਸਫਿਆਂ ਦਾ ਪੱਤਰ ਜਾਰੀ ਕੀਤਾ ਸੀ। ਇਸ ਪੱਤਰ ਬਾਰੇ ਉਨ੍ਹਾਂ ਕਿਹਾ ਕਿ 2015 ਵਿਚ ਸਰਕਾਰੀ ਏਜੰਸੀਆਂ ਨੇ ਉਸ ਖ਼ਿਲਾਫ਼ ਕੂੜ ਪ੍ਰਚਾਰ ਕੀਤਾ। ਉਨ੍ਹਾਂ 'ਤੇ ਅਦਾਕਾਰ ਅਕਸ਼ੈ ਕੁਮਾਰ ਦੀ ਮੁੰਬਈ ਸਥਿਤ ਕੋਠੀ ਤੋਂ ਡੇਰਾ ਸਿਰਸਾ ਦੇ ਮੁਖੀ ਦਾ ਮੁਆਫੀਨਾਮਾ ਲਿਆਉਣ ਦੇ ਦੋਸ਼ ਲਾਏ ਸਨ। ਇਸ ਬਦਲੇ ਬਾਦਲਾਂ ਵੱਲੋਂ ਉਨ੍ਹਾਂ ਨੂੰ 60 ਏਕੜ ਜ਼ਮੀਨ, ਸੱਤ ਪਲਾਟ, ਅੰਮ੍ਰਿਤਸਰ ਵਿਚ 2000 ਗਜ਼ ਵਿੱਚ ਤਿੰਨ ਮੰਜ਼ਿਲਾ ਕੋਠੀ, 7 ਕਰੋੜ ਰੁਪਏ ਅਤੇ ਦੁਬਈ ਵਿਚ ਮਹਿੰਗਾ ਫਲੈਟ ਦਿੱਤੇ ਜਾਣ ਦੇ ਦੋਸ਼ ਲਾਏ ਗਏ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਸ਼ਾਂ ਬਾਰੇ ਸਿੱਖ ਕੌਮ ਨੂੰ ਆਰਟੀਆਈ ਤਹਿਤ ਸਰਕਾਰ ਕੋਲੋਂ ਜਾਣਕਾਰੀ ਲੈ ਕੇ ਜਨਤਕ ਕਰਨੀ ਚਾਹੀਦੀ ਹੈ। ਜੇਕਰ ਉਹ ਜਹਾਜ਼ ਰਾਹੀਂ ਮੁੰਬਈ ਗਏ ਸਨ ਤਾਂ ਉਸ ਦਿਨ ਦੀ ਹਵਾਈ ਅੱਡੇ ਦੀ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਨੂੰ ਘੋਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਸ਼ਾਂ ਦੀ ਘੋਖ ਲਈ ਇਕ ਮਰਿਆਦਾ ਕਮੇਟੀ ਦਾ ਗਠਨ ਕਰਕੇ ਡੇਰਾ ਸਿਰਸਾ ਦੇ 2007 ਵਾਲੇ ਮਾਮਲੇ ਦੀ ਮੁੱਢੋਂ ਪੜਤਾਲ ਕਰਾਈ ਜਾਵੇ। ਇਸ ਤੋਂ ਇਲਾਵਾ ਸਰਬ ਧਰਮ ਮਰਿਆਦਾ ਕਮੇਟੀ ਦਾ ਵੀ ਗਠਨ ਹੋਣਾ ਚਾਹੀਦਾ ਹੈ, ਜਿਸ ਵਿਚ ਸਮੂਹ ਧਰਮਾਂ ਦੇ ਨੁਮਾਇੰਦੇ ਸ਼ਾਮਲ ਹੋਣ। ਸਰਬ ਧਰਮ ਕਮੇਟੀ ਧਰਮਾਂ ਦੇ ਆਪਸੀ ਖਲਾਅ ਤੇ ਤਣਾਅ ਨੂੰ ਦੂਰ ਕਰ ਸਕਦੀ ਹੈ।



## ਮੈਂ ਮੇਲੇ ਤੋਂ ਬੇਮੁੱਖ ਨਹੀਂ ਹੋਇਆ: ਗਿਆਨੀ ਗੁਰਮੁਖ ਸਿੰਘ

**ਅੰਮ੍ਰਿਤਸਰ :** ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵਿਸਾਖੀ ਮੇਲੇ ਦੇ ਪ੍ਰਬੰਧਾਂ ਤੋਂ ਬੇਮੁੱਖ ਹੋਣ ਦੇ ਲਾਏ ਗਏ ਦੋਸ਼ਾਂ ਨੂੰ ਰੱਦ ਕਰਦਿਆਂ ਜਥੇਦਾਰ ਭਾਈ ਗੁਰਮੁਖ ਸਿੰਘ ਨੇ ਆਖਿਆ ਕਿ ਉਹ ਅੰਮ੍ਰਿਤਸਰ ਇਸ ਲਈ ਆਏ ਸਨ ਤਾਂ ਜੋ ਸਮਾਗਮ ਸਬੰਧੀ ਪ੍ਰਬੰਧਾਂ ਬਾਰੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨਾਲ ਮਸ਼ਵਰਾ ਕੀਤਾ ਜਾ ਸਕੇ। ਉਨ੍ਹਾਂ ਆਖਿਆ ਕਿ ਸਮਾਗਮ ਸਬੰਧੀ ਸਾਰੇ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਤਖਤ ਸਾਹਿਬ ਦੇ ਮੈਨੇਜਰ ਦੀ ਹੈ, ਜਦਕਿ ਧਾਰਮਿਕ ਪ੍ਰੋਗਰਾਮਾਂ ਦੇ ਪ੍ਰਬੰਧ ਦੀ ਦੇਖ ਰੇਖ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵੱਲੋਂ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਇੱਕ ਸ਼੍ਰੋਮਣੀ ਕਮੇਟੀ ਮੈਂਬਰ ਆਪੇ ਹੀ ਕਰਤਾ ਧਰਤਾ ਬਣ ਗਿਆ ਹੈ ਅਤੇ ਮੇਲੇ ਦੇ ਪ੍ਰਬੰਧਾਂ ਦੀਆਂ ਸਾਰੀਆਂ ਤਿਆਰੀਆਂ ਦੀ ਜ਼ਿੰਮੇਵਾਰੀ ਲੈ ਲਈ ਹੈ।

# ਬੀਬੀ ਬਲਜੀਤ ਕੌਰ ਖਾਲਸਾ ਦੇ ਕੀਰਤਨੀ ਜੱਥੇ ਵਲੋਂ ਹ.ਫਤਾ ਭਰ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਲਗਵਾਈ ਗਈ





**ਸ਼ਿਕਾਗੋ/ਮੱਖਣ ਸਿੰਘ ਕਲੇਰ:**
ਇੱਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕਾਂ ਵੱਲੋਂ ਖਾਲਸੇ ਦੇ ਸਾਜਨਾ ਦਿਵਸ ਸਬੰਧੀ ਉਲੀਕੇ ਗਏ ਪ੍ਰੋਗਰਾਮਾਂ ਦੇ ਤਹਿਤ ਬੀਬੀ ਬਲਜੀਤ ਕੌਰ ਖਾਲਸਾ ਦੇ ਜਥੇ ਵੱਲੋਂ ਪ੍ਰਬੰਧਕਾਂ ਦੇ ਵਿਸ਼ੇਸ਼ ਸਦੇ ਤੇ ਇਕ ਹ.ਫਤਾ ਸੰਗਤਾਂ ਨੂੰ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਵਾਇਆ। ਐਤਵਾਰ ਦੇ ਦੀਵਾਨ ਵਿਚ ਸੰਗਤਾਂ ਭਾਰੀ ਗਿਣਤੀ ਵਿਚ ਬੀਬੀ ਬਲਜੀਤ ਕੌਰ ਦੇ ਜਥੇ ਨੂੰ ਸੁਨਣ ਵਾਸਤੇ ਗੁਰੂਘਰ ਪਹੁੰਚੀਆਂ। ਇਨ੍ਹਾਂ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਇੰਡੀਆ ਤੋਂ ਪਹੁੰਚੇ ਢਾਡੀ ਭਾਈ ਸੁਖਵਿੰਦਰ ਸਿੰਘ ਦੇ ਜਥੇ ਵੱਲੋਂ ਢਾਡੀ ਵਾਰਾਂ ਗਾਈਆਂ ਗਈਆਂ। ਗੁਰਦੁਆਰਾ ਸਾਹਿਬ ਹਾਜ਼ੂਰੀ ਰਾਗੀ ਭਾਈ ਰਾਜਿੰਦਰ ਸਿੰਘ ਜੀ ਜਲੰਧਰ ਵਾਲਿਆਂ ਦੇ ਜਥੇ ਵੱਲੋਂ ਅਤੇ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਵੀ ਹਾਜ਼ਰੀ ਲਗਵਾਈ।
ਗੁਰੂਘਰ ਦੇ ਸਟੇਜ ਸਕੱਤਰ ਤਰਜੀਤ ਸਿੰਘ ਗਿੱਲ ਨੇ ਸੰਗਤਾਂ ਨੂੰ ਖਾਲਸੇ ਦੇ ਸਾਜਨਾ ਦੇ ਗੁਰੂਘਰ ਵਿਚ ਹੋਣ ਕਰਵਾਏ ਜਾ ਰਹੇ ਸਮਾਗਮਾਂ ਸਬੰਧੀ ਜਾਣਕਾਰੀ ਦਿੱਤੀ। ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਬੀਬੀ ਬਲਜੀਤ ਕੌਰ ਖਾਲਸਾ ਤੇ ਉਨ੍ਹਾਂ ਦੇ ਜਥੇ ਨੂੰ ਗੁਰੂਘਰ ਵੱਲੋਂ ਸਿਰਪਾਉ ਦੀ ਬਖਸ਼ਸ ਕੀਤੀ।

# ਰਾਣਾ ਅਯੂਬ ਖ਼ਿਲਾ.ਫ ਮੰਦਾ ਬੋਲਣ ਵਾਲੇ ਭਾਰਤੀ ਨੂੰ ਦੁਬਈ ਵਿੱਚੋਂ ਕੱਢਣ ਦਾ ਫੈਸਲਾ

**ਦੁਬਈ/ਬਿਊਰੋ ਨਿਊਜ਼ :** ਸੰਯੁਕਤ ਅਰਬ ਅਮੀਰਾਤ ਦੇ ਪ੍ਰਮੁੱਖ ਸ਼ਹਿਰ ਦੁਬਈ ਵਿੱਚ ਉਸ ਭਾਰਤੀ ਨੂੰ ਦੇਸ਼ ਵਾਪਸ ਭੇਜਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਨੇ ਸੋਸ਼ਲ ਮੀਡੀਆ 'ਤੇ ਹਮਵਤਨ ਮਹਿਲਾ ਪੱਤਰਕਾਰ ਬਾਰੇ ਮੰਦੀ ਭਾਸ਼ਾ ਵਰਤੀ ਸੀ ਤੇ ਫੇਸਬੁੱਕ 'ਤੇ ਇਸਲਾਮ ਖ਼ਿਲਾ.ਫ ਪੋਸਟਾਂ ਪਾਈਆਂ ਸਨ। ਨਵੀਂ ਦਿੱਲੀ ਦੀ ਖੋਜੀ ਪੱਤਰਕਾਰ ਰਾਣਾ ਅਯੂਬ ਨੇ ਅਸ਼ਲੀਸ ਸੰਦੇਸ਼ਾਂ ਬਾਰੇ ਟਵਿੱਟਰ 'ਤੇ ਦੱਸਿਆ, ਜਿਸ ਤੋਂ ਬਾਅਦ ਉਨ੍ਹਾਂ ਦੇ ਕੁੱਝ ਫਾਲੋਅਰਾਂ ਨੇ ਮਾਮਲੇ ਬਾਰੇ ਯੂਏਈ ਦੀ ਉਸ ਕੰਪਨੀ ਨੂੰ ਜਾਣੂ ਕਰਵਾਇਆ, ਜਿਥੇ ਭਾਰਤੀ ਕੰਮ ਕਰਦਾ ਸੀ। ਕੇਰਲ ਦੇ ਰਹਿਣ ਵਾਲੇ ਇਸ ਵਿਅਕਤੀ ਦੀ ਪਛਾਣ ਬੀਬੀ ਵਜੋਂ ਕੀਤੀ ਗਈ ਹੈ, ਜੋ ਦੁਬਈ ਵਿੱਚ ਅਲਫਾ ਪੇਂਟ ਨਾਮਕ ਕੰਪਨੀ ਵਿਚ ਕੰਮ ਕਰਦਾ ਹੈ। ਉਹ 20




15 ਤੋਂ ਇਸ ਕੰਪਨੀ ਨਾਲ ਜੁੜਿਆ ਹੋਇਆ ਹੈ ਤੇ ਗਾਹਕ ਸੇਵਾ ਵਿਭਾਗ ਵਿੱਚ ਕੰਮ ਕਰਦਾ ਹੈ। ਬੀਬੀ ਨੇ ਰਾਣਾ ਨੂੰ ਫੇਸਬੁੱਕ 'ਤੇ ਅਸ਼ਲੀਲ ਸੰਦੇਸ਼ ਭੇਜੇ। ਰਾਣਾ ਨੇ ਛੇ ਅਪ੍ਰੈਲ ਨੂੰ ਇਸ ਸੰਦੇਸ਼ ਦਾ ਸਕਰੀਨ ਸ਼ਾਰਟ ਲੈ ਕੇ ਇਸ ਨੂੰ ਪੋਸਟ ਕੀਤਾ। ਕੰਪਨੀ ਨੇ ਕਿਹਾ ਕਿ ਇਸ ਵਿਅਕਤੀ ਦਾ ਕਰਾਰ ਖ਼ਤਮ ਕਰ ਦਿੱਤਾ ਗਿਆ ਹੈ ਤੇ ਉਸ ਨੂੰ ਵਾਪਸ ਭੇਜਣ ਲਈ ਟਿਕਟ ਦੇ ਪੈਸੇ ਦਿੱਤੇ ਜਾਣਗੇ। ਇਸ ਵਿਅਕਤੀ ਦਾ ਵੀਜ਼ਾ ਵੀ ਰੱਦ ਕਰ ਦਿੱਤਾ ਗਿਆ ਅਤੇ ਹੁਣ ਉਸ ਨੂੰ ਭਾਰਤ ਭੇਜਿਆ ਜਾ ਰਿਹਾ ਹੈ। ਕੰਪਨੀ ਦਾ ਕਹਿਣਾ ਹੈ ਕਿ ਬੀਬੀ ਨੂੰ ਜਦੋਂ ਸੱਦ ਕੇ ਇਸ ਮਾਮਲੇ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਆਪਣੀ ਗਲਤੀ ਮੰਨੀ ਤੇ ਭਵਿੱਖ ਵਿੱਚ ਮੁੜ ਅਜਿਹਾ ਨਾ ਕਰਨ ਦੀ ਗੱਲ ਕਹੀ ਪਰ ਉਸ ਦੀ ਗਲਤੀ ਮੁਆ.ਫੀ ਯੋਗ ਨਹੀਂ ਹੈ। ਇਸ ਦੌਰਾਨ ਪਤਾ ਲੱਗਿਆ ਹੈ ਕਿ ਰਾਣਾ ਅਯੂਬ ਇਸ ਵਿਅਕਤੀ ਖ਼ਿਲਾ.ਫ ਦਿੱਲੀ ਵਿੱਚ ਪੁਲੀਸ ਕੋਲ ਕੇਸ ਦਰਜ ਕਰਵਾ ਰਹੀ ਹੈ।

# ਜਥੇਦਾਰ ਦਾਦੂਵਾਲ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਜ਼ਮੀਨ ਅਲਾਟ ਨੂੰ ਲੈ ਕੇ ਬਣਿਆ ਟਕਰਾਅ ਟਲਿਆ

**ਬਠਿੰਡਾ/ਬਿਊਰੋ ਨਿਊਜ਼ :** ਬਠਿੰਡਾ ਪ੍ਰਸ਼ਾਸਨ ਅਤੇ ਪੁਲੀਸ ਅ.ਫਸਰਾਂ ਨੇ ਮੁਤਵਾਜ਼ੀ ਜਥੇਦਾਰ ਬਲਵੰਤ ਸਿੰਘ ਦਾਦੂਵਾਲ ਨੂੰ ਅਲਾਟ ਜਗ੍ਹਾ ਦੇ ਮਾਮਲੇ ਤੋਂ ਬਣੀ ਤਲਖ਼ੀ ਨੂੰ ਸ਼ਾਂਤ ਕਰ ਦਿੱਤਾ ਹੈ। ਪੁਲੀਸ ਅਤੇ ਪ੍ਰਸ਼ਾਸਨ ਨੇ ਸੁੱਖ ਦਾ ਸਾਹ ਲਿਆ। ਪੁਲੀਸ ਅ.ਫਸਰ ਪੂਰਾ ਦਿਨ ਸ਼੍ਰੋਮਣੀ ਕਮੇਟੀ ਅਤੇ ਧਾਰਮਿਕ ਸ਼ਖ਼ਸੀਅਤਾਂ ਨਾਲ ਤਾਲਮੇਲ ਕਰਨ ਵਿੱਚ ਰੁੱਝੇ ਰਹੇ ਅਤੇ ਅਖ਼ੀਰ ਸਭ ਨੂੰ ਰਜ਼ਾਮੰਦ ਕਰਨ ਮਗਰੋਂ ਦਮਦਮਾ ਸਾਹਿਬ ਤੋਂ ਪਰਤੇ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਐਤਕੀਂ ਭਾਈ ਦਾਦੂਵਾਲ



ਨੂੰ ਧਾਰਮਿਕ ਦੀਵਾਨਾਂ ਅਤੇ ਲੰਗਰਾਂ ਵਾਸਤੇ ਜਗ੍ਹਾ ਅਲਾਟ ਕਰ ਦਿੱਤੀ ਸੀ। ਜਥੇਦਾਰ ਦਾਦੂਵਾਲ ਧਿਰ ਵੱਲੋਂ ਵੱਧ ਜਗ੍ਹਾ ਹਾਸਲ ਕਰਨ ਤੋਂ ਸ਼੍ਰੋਮਣੀ ਕਮੇਟੀ ਖ.ਫਾ ਹੋ ਗਈ ਸੀ ਤੇ ਤਲਖ਼ੀ ਵਾਲਾ ਮਾਹੌਲ ਬਣ ਗਿਆ ਸੀ। ਪੁਲੀਸ ਅ.ਫਸਰਾਂ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਮੁਤਵਾਜ਼ੀ ਜਥੇਦਾਰ ਦਾਦੂਵਾਲ ਨਾਲ ਮੀਟਿੰਗਾਂ ਕੀਤੀਆਂ। ਅਖ਼ੀਰ ਇਨ੍ਹਾਂ ਮੀਟਿੰਗਾਂ ਮਗਰੋਂ ਸਭ ਧਿਰਾਂ ਸ਼ਾਂਤ ਹੋ ਗਈਆਂ ਤੇ ਪੂਰੇ ਤਾਲਮੇਲ ਅਤੇ ਸਹਿਯੋਗ ਦਾ ਭਰੋਸਾ ਦਿੱਤਾ। ਸ਼੍ਰੋਮਣੀ ਕਮੇਟੀ ਦਾ ਕਹਿਣਾ ਸੀ ਕਿ ਭਾਈ ਦਾਦੂਵਾਲ ਨੇ ਅਲਾਟ ਕੀਤੀ ਜਗ੍ਹਾ ਤੋਂ ਵੱਧ ਜਗ੍ਹਾ ਹਾਸਲ ਕਰ ਲਈ ਹੈ। ਦੂਜੇ ਪਾਸੇ ਭਾਈ ਦਾਦੂਵਾਲ ਦਾ ਕਹਿਣਾ ਸੀ ਕਿ ਹੁਣ ਅਲਾਟ ਕੀਤੀ ਜਗ੍ਹਾ ਦੇ ਨਾਲ ਲੱਗਣ ਵਾਲੇ ਲੰਗਰਾਂ ਦੇ ਪ੍ਰਬੰਧਕਾਂ ਨੇ ਹੀ ਉਨ੍ਹਾਂ ਨੂੰ ਜਗ੍ਹਾ ਦੇ ਦਿੱਤੀ ਹੈ, ਜਿਸ ਕਰਕੇ ਮਸਲਾ ਹੱਲ ਹੋ ਗਿਆ ਹੈ। ਭਾਈ ਦਾਦੂਵਾਲ ਨੇ ਇਹ ਵੀ ਆਖਿਆ ਕਿ ਉਹ ਧਾਰਮਿਕ ਦੀਵਾਨਾਂ ਵਿੱਚੋਂ ਹੀ ਆਪਣਾ ਸੰਦੇਸ਼ ਪੜ੍ਹਨਗੇ। ਸੂਤਰ ਦੱਸਦੇ ਹਨ ਕਿ ਪ੍ਰਸ਼ਾਸਨ ਅਤੇ ਸ਼੍ਰੋਮਣੀ ਕਮੇਟੀ ਇਸ ਗੱਲੋਂ ਹਰਕਤ ਵਿੱਚ ਸਨ ਕਿ ਤਖ਼ਤ ਸਾਹਿਬ ਤੋਂ ਦਾਦੂਵਾਲ ਵੱਲੋਂ ਸੰਦੇਸ਼ ਪੜ੍ਹਨ ਨਾਲ ਮਾਹੌਲ ਵਿੱਚ ਤਲਖ਼ੀ ਪੈਦਾ ਹੋ ਸਕਦੀ ਹੈ। ਸੂਤਰਾਂ ਅਨੁਸਾਰ ਪੁਲੀਸ ਅ.ਫਸਰਾਂ ਅਤੇ ਪ੍ਰਸ਼ਾਸਨ ਨੇ ਅਖ਼ੀਰ ਭਾਈ ਦਾਦੂਵਾਲ ਨੂੰ ਵੀ ਰਾਜ਼ੀ ਕਰ ਲਿਆ।










ਅੰਮ੍ਰਿਤਸਰ ਟਾਈਮਜ਼ AMRITSAR TIMES

12 ਅਪ੍ਰੈਲ 2017 ਤੋਂ 18 ਅਪ੍ਰੈਲ 2017

## ਵਿਦੇਸ਼ਾਂ ’ਚ ਸਨਮਾਨ, ਦੇਸ਼ ’ਚ ਅਪਮਾਨ

20ਵੀਂ ਸਦੀ ਦੇ ਸ਼ੁਰੂ ਤੋਂ ਹੀ ਆਪਣੇ ਦੇਸ਼ ਭਾਰਤ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਦੀ ਜਕੜ ਤੋਂ ਆਜ਼ਾਦ ਕਰਵਾਉਣ ਲਈ ਅਥਾਹ ਕੁਰਬਾਨੀਆਂ ਦੇਣ ਵਾਲੇ ਸਿੱਖਾਂ ਲਈ ਮੌਜੂਦਾ ਸਮਿਆਂ ਵਿੱਚ ‘ਵਿਦੇਸ਼ਾਂ ’ਚ ਸਨਮਾਨ, ਦੇਸ਼ ’ਚ ਅਪਮਾਨ’ ਦਾ ਮਾਹੌਲ ਕਈ ਅਹਿਮ ਸਵਾਲ ਖੜ੍ਹੇ ਕਰਦਾ ਹੈ। ਸਿੱਖ ਕੌਮ ਨੂੰ ਪਿਛਲੇ ਸਮਿਆਂ ਦੌਰਾਨ ਜਿਨ੍ਹਾਂ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ, ਉਹ ਵਰਨਣ ਤੋਂ ਬਾਹਰ ਹਨ। ਹੋਰ ਪਿੱਛੇ ਇਤਿਹਾਸ ਦੇ ਵਰਕੇ ਫਰੋਲੀਏ ਤਾਂ ਮੌਜੂਦਾ ਹਾਕਮ ਜਮਾਤ ਹਿੰਦੂਆਂ ਦੇ ਧਰਮ ਦੀ ਰੱਖਿਆ ਵਾਸਤੇ 15ਵੀਂ ਸਦੀ ’ਚ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਵਲੋਂ ਉਸ ਵੇਲੇ ਦੀ ਮੁਗ਼ਲ ਸਲਤਨਤ ਖਿਲਾਫ਼ ਆਵਾਜ਼ ਬੁਲੰਦ ਕਰਨ ਅਤੇ ਆਪਣੀ ਸ਼ਹਾਦਤ ਦੇਣਾ, ਦੂਜੇ ਦੇ ਧਰਮ ਵਾਸਤੇ ਜਾਨ ਕੁਰਬਾਨ ਕਰਨ ਦੀ ਵਿਸ਼ਵ ਦੀ ਪਹਿਲੀ (ਸ਼ਾਇਦ ਆਖ਼ਰੀ ਵੀ) ਅਦੁੱਤੀ ਮਿਸਾਲ ਹੈ। ਪਰ ਇਸੇ ਹਿੰਦੂ ਕੌਮ ਦੇ ਆਗੂਆਂ, ਉਹ ਭਾਵੇਂ ਕਾਂਗਰਸੀ ਲਿਬਾਸ ਵਿੱਚ ਹੋਣ ਜਾਂ ਭਗਵੇਂ ’ਚ, ਨੇ ਸਿੱਖਾਂ ਨਾਲ ਜੋ ਵਿਤਕਰੇ, ਵਧੀਕੀਆਂ, ਜ਼ੁਲਮ ਅਤੇ ਵਿਸਵਾਸ਼ਘਾਤ ਕੀਤਾ ਹੈ, ਉਸ ਦੀ ਮਿਸਾਲ ਵੀ ਸ਼ਾਇਦ ਹੀ ਕਿਤੇ ਮਿਲੇ। ਸਿੱਖਾਂ ਲਈ ਵੱਖਰੇ ਪੰਜਾਬੀ ਸੂਬੇ ਦੀ ਮੰਗ ਦਾ ਜਿਹੜਾ ਅੰਨ੍ਹੇਵਾਹ ਅਤੇ ਅੱਡੀ ਚੋਟੀ ਦੇ ਜ਼ੋਰ ਨਾਲ ਵਿਰੋਧ ਹਿੰਦੂਆਂ ਵਲੋਂ ਕੀਤਾ ਗਿਆ, ਉਹ ਹਿੰਦੂ ਦੇ ਅਕ੍ਰਿਤਘਣੀ ਕਿਰਦਾਰ ਨੂੰ ਸ਼ਰੇਆਮ ਸਾਹਮਣੇ ਉਭਾਰਦਾ ਹੈ। ਵੈਸੇ ਤਾਂ ਮੁਗ਼ਲਾਂ ਵੇਲੇ ਵੀ ਹਿੰਦੂਆਂ ਨੇ ਸਿੱਖੀ ਨੂੰ ਢਾਹ ਲਾਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ ਪਰ ਭਾਰਤ ਦੇ ਆਜ਼ਾਦ ਹੋਣ ਬਾਅਦ ਹਿੰਦੂ ਲਾਬੀ, ਉਹ ਭਾਵੇਂ ਕਾਂਗਰਸ ਵਿੱਚ ਭਾਰੂ ਸੀ ਜਾਂ ਉਸ ਵੇਲੇ ਦੀ ਜਨਸੰਘ ’ਚ, ਨੇ ਸਿੱਖ ਹਿੱਤਾਂ ਨੂੰ ਨੁਕਸਾਨ ਪਹੁੰਚਾਇਆ। ਸਿੱਖ ਮੰਗਾਂ ਦਾ ਬਿਨਾਂ ਵਜ੍ਹਾ ਵਿਰੋਧ ਹਿੰਦੂ ਖ਼ਾਸ ਕਰ ਪੰਜਾਬ ਦੀ ਮਹਾਸ਼ਾ ਅਤੇ ਆਰੀਆ ਸਮਾਜੀ ਲਾਬੀ ਦਾ ਮੁੱਖ ਏਜੰਡਾ ਰਿਹਾ। 1952 ਦੀ ਮਰਦਮਸ਼ੁਮਾਰੀ ਮੌਕੇ ਹਿੰਦੂਆਂ ਨੇ ਜਾਣ ਬੁੱਝ ਕੇ ਆਪਣੀ ਮਾਂ ਬੋਲੀ ਨਾਲ ਦਗ਼ਾ ਕਮਾਉਂਦਿਆਂ ਪੰਜਾਬੀ ਦੀ ਥਾਂ ਹਿੰਦੀ ਨੂੰ ਆਪਣੀ ਮਾਂ ਬੋਲੀ ਲਿਖਾ ਕੇ ਪੰਜਾਬੀਆਂ ਵਿੱਚ ਫਿਰਕੂ ਵੰਡ ਅਤੇ ਨਫ਼ਰਤ ਦੇ ਬੀਜ ਬੀਜੇ। ਮਹਾਸ਼ਾ ਲਾਬੀ, ਹਿੰਦੂ ਮੀਡੀਆ ਅਖ਼ਬਾਰ ਅਤੇ ਸਭ ਤੋਂ ਵੱਧ ਲਾਲਾ ਜਗਤ ਨਾਰਾਇਣ ਨੇ ਪੰਜਾਬ ਦੇ ਸ਼ਾਂਤ ਪਾਣੀਆਂ ਨੂੰ ਅੱਗ ਲਾਉਣ ਦਾ ਕੰਮ ਕੀਤਾ। ਪੰਜਾਬੀ ਸੂਬਾ ਬਣਨ ਵੇਲੇ ਪੰਜਾਬੀ ਬੋਲਦੇ ਇਲਾਕਿਆਂ ਅਤੇ ਦਰਿਆਈ ਪਾਣੀਆਂ ਦੀ ਵੰਡ ਮੌਕੇ ਕੀਤੀ ਕਾਣੀਵੰਡ ਦੇ ਜ਼ੁੰਮੇਵਾਰ ਇਹੋ ਹਿੰਦੂ ਆਗੂ ਸਨ। ਇਸ ਦੇ ਸਿੱਟੇ ਵਜੋਂ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਅਤੇ ਸਰਕਾਰ ਦੇ ਇਸ ਸਰਾਸਰ ਧੱਕੇ ਵਿਰੁੱਧ ਸ਼ਾਂਤਮਈ ਮੋਰਚੇ ਦਾ ਧਰਮ ਯੁੱਧ ਮੋਰਚੇ ਵਿੱਚ ਬਦਲਣਾ ਪੰਜਾਬ ਨੂੰ ਸਮਾਜਿਕ ਤੇ ਰਾਜਸੀ ਸੰਕਟ ਦਾ ਮੁੱਖ ਕਾਰਨ ਕਿਹਾ ਜਾ ਸਕਦਾ ਹੈ। ਉਸ ਵੇਲੇ ਦੇ ਬੜੇ ਨਾਜ਼ੁਕ ਸ਼ਾਂਤਮਈ ਮੋਰਚੇ ਲਾਉਣ ਵਾਲੇ ਸਿੱਖਾਂ ਨੂੰ ਸੰਘਰਸ਼ ਵੱਲ ਧੱਕਿਆ। ਪੰਜਾਬ ਅਤੇ ਸਿੱਖਾਂ ਵਿਰੁੱਧ ਦਿੱਲੀ ਦਰਬਾਰ ਦੀ ਜ਼ੁਲਮੀ ਲੜਾਈ ਦਾ ਮੁੱਢ ਬਣੀ। ਬੇਸ਼ੱਕ ‘ਅਪਰੇਸ਼ਨ ਬਲਿਊ ਸਟਾਰ’ ਦੀ ਨਾਇਕਾ ਇੰਦਰਾ ਗਾਂਧੀ ਸੀ ਪਰ ਉਸ ਨੂੰ ਥਾਪੜਾ ਕੱਟੜ ਹਿੰਦੂ ਪਾਰਟੀ ਭਾਜਪਾ ਅਤੇ ਅਟੱਲ ਬਿਹਾਰੀ ਵਾਜਪਾਈ, ਲਾਲ ਕ੍ਰਿਸਨ ਅਡਵਾਨੀ ਵਰਗਿਆਂ ਦਾ ਸੀ। ਇਨ੍ਹਾਂ ਹਿੰਦੂ ਕੱਟੜਵਾਦੀਆਂ ਨੇ ਹੀ ਸਿੱਖਾਂ ਦੇ ਸਰਬ ਉੱਚ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਫੌਜੀ ਹਮਲੇ ਦੇ ਜਸ਼ਨ ਨੂੰ ਮਾਨਤਾ ਵਜੋਂ ਆਪਣੀ ਰਾਜਸੀ ਦੁਸ਼ਮਣ ਇੰਦਰਾ ਗਾਂਧੀ ਨੂੰ ‘ਦੁਰਗਾ’ ਦੇ ਖ਼ਿਤਾਬ ਨਾਲ ਨਿਵਾਜ਼ਿਆ। ਇੰਦਰਾ ਗਾਂਧੀ ਦੀ ਹਤਿਆ ਬਾਅਦ ਦੇਸ਼ ਭਰ ਵਿੱਚ ਸਿੱਖ ਵਿਰੋਧੀ ਹਿੰਸਾ ਅਤੇ ਕਤਲੇਆਮ ਨੂੰ ‘ਸਿੱਖ ਨਸਲਕੁਸ਼ੀ’ ਵਜੋਂ ਮਾਨਤਾ ਦਿੱਲੀ ਵਿਚਲੇ ਮੌਜੂਦਾ ਹਾਕਮਾਂ ਅਤੇ ਹਿੰਦੂ ਕੱਟੜਵਾਦੀਆਂ ਲਈ ‘ਨੈਤਿਕ ਹਾਰ’ ਹੈ, ਜਿਨ੍ਹਾਂ ਨੇ ਆਪਣੇ ਸੌੜੇ ਰਾਜਸੀ, ਧਾਰਮਿਕ ਅਤੇ ਵਪਾਰਕ ਹਿੱਤਾਂ ਵਾਸਤੇ ਉਸ ਵੇਲੇ ਮੁਲਕ ਭਰ ਵਿੱਚ ਸਿੱਖਾਂ ਵਿਰੁੱਧ ਨਫ਼ਰਤ ਦੀ ਲਹਿਰ ਖੜ੍ਹੀ ਕੀਤੀ ਜੋ ਇਨ੍ਹਾਂ ਅਣਮਨੁੱਖੀ ਜ਼ੁਲਮਾਂ ਦੇ ਰੂਪ ਵਿੱਚ ਸਾਹਮਣੇ ਆਈ।

ਗੁਜਰਾਤ ਦੰਗਿਆਂ, ਦਲਿਤਾਂ ਉੱਤੇ ਸਦੀਆਂ ਤੋਂ ਜ਼ੁਲਮ ਕਰਨ, ਘੱਟ ਗਿਣਤੀਆਂ ਦਾ ਮਲੀਆਮੇਟ ਕਰਨ ਉੱਤੇ ਉਤਾਰੂ ਹਿੰਦੂਆਂ, ਜਿਨ੍ਹਾਂ ਦੀ ਅਸਲੀਅਤ ਹੁਣ ਸਰਕਾਰੀ ਸ਼ਹਿ ਹੇਠ ਅਖੌਤੀ ਗਊਸੇਵਕਾਂ ਵਲੋਂ ਨਿੱਤ ਦਿਨ ਸ਼ਰੇਆਮ ਮੁਸਲਮਾਨਾਂ ਦੇ ਕਤਲਾਂ ਦੇ ਰੂਪ ਵਿੱਚ ਸਾਹਮਣੇ ਉਭਰ ਕੇ ਆ ਰਹੀ ਹੈ, ਦਾ ਓਂਟਾਰੀਓ ਦੀ ਪਾਰਲੀਮੈਂਟ ਵਲੋਂ ਪਾਸ ਕੀਤੇ ‘ਸਿੱਖ ਨਸਲਕੁਸ਼ੀ’ ਮਤੇ ਤੋਂ ਬੇਹੱਦ ਖਫ਼ਾ ਹੋਣਾ ਸੁਭਾਵਕ ਹੈ। ਇਸ ਲਈ ਭਾਰਤ ਦੀ ਪਾਰਲੀਮੈਂਟ ਵਿੱਚ ਅਜਿਹੇ ਮਤੇ ਨੂੰ ਪਾਸ ਤਾਂ ਕੀ ਪੇਸ਼ ਵੀ ਨਹੀਂ ਹੋਣ ਦਿੱਤਾ ਜਾਵੇਗਾ। ਸਿੱਖਾਂ ਵਿਰੁੱਧ ਲਗਾਤਾਰ ਸਰਗਰਮ ਦਿੱਲੀ ਦਰਬਾਰ ਦੇ ਟੁੱਕੜਬੋਚ ਅਖੌਤੀ ਸਿੱਖ ਆਗੂ ਅਤੇ ਭਾਜਪਾ ਦੇ ਸੀਰੀਆਂ ਦਾ ਕੰਮ ਕਰਦੇ ਆ ਰਹੇ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਵਲੋਂ ਅਜਿਹੇ ਮਤੇ ਪੇਸ਼ ਕਰਨ ਦਾ ਢਕਵੰਜ ‘ਮਗਰਮੱਛੀ ਅੱਥਰੂਆਂ’ ਤੋਂ ਵੱਧ ਕੁਝ ਨਹੀਂ। ਸਿੱਖਾਂ ਨੂੰ ਭਾਰਤ ਵਿੱਚ ਆਪਣੇ ਅਧਿਕਾਰਾਂ ਦੀ ਪੂਰਤੀ, ਹਕੂਮਤੀ ਜ਼ੁਲਮਾਂ ਵਿਰੁੱਧ ਇਨਸਾਫ਼, ਪੰਜਾਬ ਦੇ ਪਾਣੀਆਂ ਦੀ ਲੁੱਟ ਰੋਕਣ ਅਤੇ ਪੰਜਾਬੀ ਬੋਲਦੇ ਇਲਾਕੇ ਪ੍ਰਾਪਤ ਕਰਨ ਲਈ ਲਗਾਤਾਰ ਚੌਕਸ ਅਤੇ ਸੰਘਰਸ਼ਸ਼ੀਲ ਰਹਿਣਾ ਪਵੇਗਾ।

ਨਿਰਸੰਦੇਹ ਅਜੋਕੇ ਸੰਕਟ ਭਰੇ ਸਮਿਆਂ ਵਿੱਚ ਕੈਨੇਡਾ ਅਤੇ ਅਮਰੀਕਾ ਵਿਚਲੇ ਸਿੱਖ ਭਾਈਚਾਰੇ ਦੀਆਂ ‘ਸਿੱਖ ਨਸਲਕੁਸ਼ੀ’ ਅਤੇ ਵਿਸਾਖੀ ਨੈਸ਼ਨਲ ਡੇਅ’ ਜਿਹੀਆਂ ਪ੍ਰਾਪਤੀਆਂ ਬਹੁਤ ਅਹਿਮ ਅਤੇ ਇਤਿਹਾਸਕ ਹਨ। ਅਜਿਹਾ ਉੱਤਰੀ ਅਮਰੀਕਾ ਵਿਚਲੇ ਸਿੱਖਾਂ ਵਲੋਂ ਵਰ੍ਹਿਆਂ ਤੋਂ ਅਮਰੀਕਾ ਤੇ ਕੈਨੇਡਾ ਵਿੱਚ ਰਹਿੰਦਿਆਂ ਸਮਾਜਿਕ, ਪ੍ਰੋਫੈਸ਼ਨਲ ਅਤੇ ਰਾਜਸੀ ਖੇਤਰਾਂ ਵਿੱਚ ਯੋਗਦਾਨ ਕਾਰਨ ਸੰਭਵ ਹੋ ਸਕਿਆ ਹੈ। ਵਿਦੇਸ਼ੀਂ ਵਸਦੇ ਸਿੱਖਾਂ ਨੇ ਜੋ ਮੱਲ੍ਹਾਂ ਮਾਰੀਆਂ ਹਨ, ਉਹ ਕਾਬਲੇ ਤਾਰੀਫ਼ ਤਾਂ ਹਨ ਪਰ ਉਹ ਪੰਜਾਬ ਅਤੇ ਭਾਰਤ ਵਿਚਲੇ ਸਿੱਖਾਂ ਲਈ ਚਾਨਣਮੁਨਾਰਾ ਵੀ ਹੋਣੀਆਂ ਬਣਦੀਆਂ ਹਨ। ਸਿੱਖ ਕਿਰਦਾਰ ਦੀ ਇਸੇ ਖ਼ਾਸੀਅਤ ਸਦਕਾ ਹੀ ਸਿੱਖ ਲਗਾਤਾਰ ਬਾਹਰਲੇ ਮੁਲਕਾਂ ਖ਼ਾਸ ਕਰ ਉੱਤਰੀ ਅਮਰੀਕਾ ਦੇ ਰਾਜਸੀ ਅਤੇ ਸਮਾਜਿਕ ਜੀਵਨ ਆਪਣੀ ਸਤਿਕਾਰਤ ਥਾਂ ਬਣਾ ਰਹੇ ਹਨ। ਓਂਟਾਰੀਓ ਦੀ ਪਾਰਲੀਮੈਂਟ ਵਲੋਂ ‘ਸਿੱਖ ਨਸਲਕੁਸ਼ੀ ਮਤਾ’ ਪਾਸ ਕਰਨਾ ਸਿਰਫ਼ ਕੈਨੇਡੀਅਨ ਭਾਈਚਾਰੇ ਦੇ ਨਹੀਂ ਬਲਕਿ ਸਿੱਖ ਭਾਈਚਾਰੇ ਦੀ ਮਾਨਵੀ ਅਧਿਕਾਰਾਂ ਪ੍ਰਤੀ ਪ੍ਰਤੀਬੱਧਤਾ ਨੂੰ ਸਜਦਾ ਹੈ। ਇਸ ਦੇ ਨਾਲ ਹੀ ਅਮਰੀਕੀ ਕਾਂਗਰਸ ਵਲੋਂ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਨੂੰ ਸਿੱਖ ਨੈਸ਼ਨਲ ਡੇਅ ਵਜੋਂ ਮਨਾਉਣ ਦਾ ਫੈਸਲਾ ਮੌਜੂਦਾ ਸਮੇਂ ਸੰਕਟ ਵਿਚੋਂ ਲੰਘ ਰਹੇ ਬਹੁਕੌਮੀ ਅਮਰੀਕੀ ਸਮਾਜ ਵਿੱਚ ਸਿੱਖਾਂ ਨੂੰ ਉਨ੍ਹਾਂ ਬਣਦੀ ਥਾਂ ਤੇ ਸਿੱਖ ਸਿਧਾਂਤਾਂ ਨੂੰ ਸਤਿਕਾਰ ਦੇਣਾ ਹੈ। ਦੁਨੀਆ ਦੀ ਸਰਵਉੱਚ ਬਾਡੀ ਯੂਨਾਈਟਿਡ ਨੇਸ਼ਨਜ਼ (ਯੂ.ਐੱਨ.) ਵੱਲੋਂ ਸਿੱਖਾਂ ਦੇ ਤਿਉਹਾਰ ਵਿਸਾਖੀ ਮੌਕੇ ਖ਼ਾਲਸਾ ਪੰਥ ਦੀ ਸਥਾਪਨਾ ਦੀਆਂ ਵਧਾਈਆਂ ਦਿੱਤੇ ਜਾਣਾ ਵਿਸ਼ਵ ਭਰ ਵਿੱਚ ਸਿੱਖਾਂ ਦੇ ਸ਼ਾਨਦਾਰ ਇਤਿਹਾਸ ਨੂੰ ਕੌਮਾਂਤਰੀ ਮਾਨਤਾ ਵੱਲ ਬੜਾ ਅਹਿਮ ਕਦਮ ਹੈ। ਭਾਰਤ ਤੇ ਪੰਜਾਬ ਵਿਚਲੇ ਸਿੱਖਾਂ ਲਈ ਵਿਦੇਸ਼ਾਂ ਵਰਗਾ ਸਨਮਾਨ ‘ਦੇਸ਼ ਵਿੱਚ ਬਹਾਲ ਕਰਾਉਣ ਲਈ’ ਜਦੋ-ਜਹਿਦ ਜਾਰੀ ਰੱਖਣਾ ਹੀ ਦੁਨੀਆ ਦੇ ਹਰ ਕੋਨੇ ਵਿੱਚ ਵਸਦੇ ਸਿੱਖ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ।

# ਖਾਲਿਸਤਾਨ ਦੀ ਕਰੀਬ ਆ ਰਹੀ ਮੰਜ਼ਿਲ

## ਉਂਟਾਰੀਓ ਸਟੇਟ ਦੀ ਪਾਰਲੀਮੈਂਟ ਵਲੋਂ 1984 ਨੂੰ ਸਿੱਖ ਨਸਲਕੁਸ਼ੀ ਮੰਨਦਿਆਂ ਨਿਖੇਧੀ ਮਤਾ ਪਾਸ

**ਡਾ. ਅਮਰਜੀਤ ਸਿੰਘ ਵਾਸ਼ਿੰਗਟਨ**

ਮੂਲ ਨਾਨਕਸ਼ਾਨੀ ਕੈਲੰਡਰ 2003 ਮੁਤਾਬਿਕ 14 ਅਪ੍ਰੈਲ ਨੂੰ ਖਾਲਸਾ ਸਾਜਨਾ ਦਿਵਸ ਦੁਨੀਆਂ ਭਰ ਵਿੱਚ ਵਸਦੀ ਸਿੱਖ ਕੌਮ ਵਲੋਂ ਬੜੇ ਜਾਹੋ-ਜਲਾਲ ਅਤੇ ਆਨ-ਸ਼ਾਨ ਨਾਲ



ਮਨਾਇਆ ਜਾ ਰਿਹਾ ਹੈ। ਇਸ ਦਿਨ ਨੂੰ ਸਮਰਪਿਤ ਪ੍ਰੋਗਰਾਮ ਅਪ੍ਰੈਲ ਦੇ ਪਹਿਲੇ ਹਫਤੇ ਤੋਂ ਹੀ ਸ਼ੁਰੂ ਹੋ ਜਾਂਦੇ ਹਨ। ਇਹ ਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਖਾਲਸੇ ਦਾ ਕ੍ਰਿਸ਼ਮਾ ਹੈ ਕਿ ਪਿਛਲੀਆਂ ਲਗਭਗ ਤਿੰਨ ਸਦੀਆਂ ਦੌਰਾਨ ਸਾਊਥ ਏਸ਼ੀਆ ’ਤੇ ਕਾਬਜ਼ ਚਾਰ ਸ਼ਕਤੀਸ਼ਾਲੀ ਪਾਤਸ਼ਾਹੀਆਂ- ਮੁਗਲ, ਅਫਗਾਨ, ਅੰਗਰੇਜ਼ ਅਤੇ ਹਿੰਦੁਸਤਾਨੀਆਂ ਵਲੋਂ ਖਾਲਸੇ ਦਾ ਖੁਰਾ-ਖੋਜ ਮਿਟਾਉਣ ਦੀਆਂ ਬਦਨੀਤੀਆਂ ਦੇ ਬਾਵਜੂਦ ਖਾਲਸਾ ਪੰਥ ਚੜ੍ਹਦੀ ਕਲਾ ਵਿੱਚ ਵਿਚਰਦਿਆਂ ਮਨੁੱਖੀ ਇਤਿਹਾਸ ਵਿੱਚ ਆਪਣੀ ਅਮਿੱਟ ਥਾਂ ਬਣਾ ਚੁੱਕਾ ਹੈ। ਅਠ੍ਹਾਰਵੀਂ ਸਦੀ ਵਿੱਚ ਘੱਲੂਘਾਰਿਆਂ ਦਾ ਸਾਹਮਣਾ ਕਰਦਿਆਂ ਹੋਇਆਂ ਖਾਲਸੇ ਨੇ ਕਈ ਖ਼ੂਨ ਡੋਲ੍ਹਵੀਆਂ ਲੜਾਈਆਂ ਤੋਂ ਬਾਅਦ ਡੇਢ ਲੱਖ ਮੁਰੱਬਾ ਮੀਲ ਧਰਤੀ ’ਤੇ ਸਰਕਾਰ-ਏ-ਖਾਲਸਾ ਦੇ ਪਰਚੱਮ ਝੁਲਾਏ ਸਨ।

ਅੰਗਰੇਜ਼ਾਂ ਦੀ ਮੱਕਾਰੀ ਅਤੇ ਡੋਗਰਿਆਂ-ਮਿਸਰਾਂ ਦੀ ਗੱਦਾਰੀ ਕਰਕੇ 1849 ਈਸਵੀ ਵਿੱਚ ਇਸ ਸਿੱਖ ਰਾਜ ਨੂੰ ਅੰਗਰੇਜ਼ਾਂ ਨੇ ਭਾਵੇਂ ਹਥਿਆ ਲਿਆ ਪਰ 98 ਸਾਲ ਦੇ ਬ੍ਰਿਟਿਸ਼ ਰਾਜ ਨੂੰ ਸੰਨ 1947 ਵਿੱਚ ਚਲਦਾ ਕਰਨ ਵਿੱਚ ਖਾਲਸੇ ਨੇ ਆਪਣੀ ਗਿਣਤੀ ਤੋਂ ਕਿਤੇ ਵੱਧ ਕੁਰਬਾਨੀਆਂ ਕੀਤੀਆਂ। ਇਹ ਵੱਖਰੀ ਗੱਲ ਹੈ ਕਿ 1947 ਦੌਰ ਦੀ ਅਕਾਲੀ ਲੀਡਰਸ਼ਿਪ ਦੀ ਨਾਂ-ਅਹਿਲੀਅਤ ਦੀ ਵਜ੍ਹਾ ਕਰਕੇ ਸਿੱਖ ਕੌਮ ਅੰਗਰੇਜ਼ਾਂ ਦੀ ਗੁਲਾਮੀ ਤੋਂ ਨਿੱਕਲਕੇ, ਹਿੰਦੂ ਗੁਲਾਮੀ ਦਾ ਸ਼ਿਕਾਰ ਹੋਈ। ਦਿੱਲੀ ਦਰਬਾਰ ਨੇ ਸਿੱਖਾਂ ਦੀਆਂ ਰਾਜਸੀ ਉਮੰਗਾਂ ਨੂੰ ਹਮੇਸ਼ਾਂ-ਹਮੇਸ਼ਾਂ ਲਈ ਖਤਮ ਕਰਨ ਵਾਸਤੇ ਜੂਨ-84, ਨਵੰਬਰ-84 ਦੇ ਘੱਲੂਘਾਰੇ ਵਰਤਾਏ ਅਤੇ ਪੰਜਾਬ ਵਿੱਚ ਇੱਕ ਪੂਰੀ ਦੀ ਪੂਰੀ ਸਿੱਖ ਨਸਲ ਮਾਰ ਮੁਕਾਈ ਪਰ ਇਸ ਘੋਰ-ਨਸਲਕੁਸ਼ੀ ਦੇ ਬਾਵਜੂਦ ਖਾਲਸੇ ਦਾ ਕਾਫਲਾ ਆਪਣੀ ਮੰਜ਼ਿਲੇ-ਮਕਸੂਦ ਖਾਲਿਸਤਾਨ ਦੇ ਹੋਰ ਕਰੀਬ ਹੁੰਦਾ ਜਾ ਰਿਹਾ ਹੈ। ਅਪ੍ਰੈਲ ਮਹੀਨੇ ਦੇ ਮੁੱਢਲੇ ਦਿਨਾਂ ਦੀਆਂ ਖਬਰਾਂ ਵਿੱਚ ਖਾਲਸੇ ਦੇ ਵਧਦੇ ਜਲਾਲ ਦਾ ਝਲਕਾਰਾ ਵੇਖਿਆ ਜਾ ਸਕਦਾ ਹੈ। ਖਾਲਸੇ ਦਾ ਤੇਜ-ਪ੍ਰਤਾਪ, ਹੁਣ ਗੁਰਦੁਆਰਿਆਂ ਵਿਚਲੇ ਸ਼ਰਧਾ-ਗੜੂੰਦ ਦੀਵਾਨਾਂ ਅਤੇ ਲੱਖਾਂ ਦੀ ਗਿਣਤੀ ਵਾਲੀਆਂ ਸ਼ਾਨਦਾਰ ਪਰੇਡਾਂ, ਨਗਰ ਕੀਰਤਨਾਂ ਤੱਕ ਹੀ ਸੀਮਤ ਨਹੀਂ ਹੈ। ਖਾਲਸੇ ਦੀ ਆਜ਼ਾਦ-ਹਸਤੀ ਅਤੇ ਸਿਆਸੀ ਪ੍ਰਭਾਵ ਹੁਣ ਅਮਰੀਕਾ-ਕੈਨੇਡਾ-ਇੰਗਲੈਂਡ ਵਰਗੇ ਦੇਸ਼ਾਂ ਦੀ ਸੱਤਾ ਦੇ ਗਲਿਆਰਿਆਂ ਵਿੱਚ ਸਪੱਸ਼ਟ ਤੌਰ ’ਤੇ ਵੇਖਿਆ ਜਾ ਸਕਦਾ ਹੈ।



ਉਂਟਾਰੀਓ ਸਟੇਟ (ਕੈਨੇਡਾ) ਦੀ ਸੰਸਦ ਮੈਦਾਨ ’ਚ ਨਿਸ਼ਾਨ ਸਾਹਿਬ ਝੁਲਾ ਕੇ ਇਤਿਹਾਸ ਸਿਰਜਿਆ ਗਿਆ




ਉਂਟਾਰੀਓ ਸਟੇਟ (ਕੈਨੇਡਾ) ਦੀ ਸੰਸਦ ’ਚ 1984 ਨੂੰ ਸਿੱਖ ਨਸਲਕੁਸ਼ੀ ਵਜੋਂ ਮੰਨਣ ਲਈ ਮਤਾ ਪੇਸ਼ ਕਰਦੇ ਹੋਏ ਐਨ.ਡੀ.ਪੀ. ਦੇ ਮੈਂਬਰ ਜਗਮੀਤ ਸਿੰਘ

ਅਮਰੀਕਾ ਇਸ ਵੇਲੇ ਦੁਨੀਆਂ ਦੀ ਇੱਕੋ-ਇੱਕ ਸੁਪਰ ਪਾਵਰ ਹੈ, ਜਿੱਥੇ 7 ਲੱਖ ਦੇ ਕਰੀਬ ਸਿੱਖਾਂ ਦੀ ਅਬਾਦੀ ਹੈ। ਲਗਭਗ ਤਿੰਨ ਸਾਲ ਪਹਿਲਾਂ ਸਿੱਖਾਂ ਨੇ ਆਪਣੀ ਰਾਜਸੀ ਸ਼ਕਤੀ ਦਾ ਮੁਜ਼ਾਹਰਾ ਕਰਦਿਆਂ, ਅਮਰੀਕਨ ਕਾਂਗਰਸ ਵਿੱਚ ਸਿੱਖ ਹਿੱਤਾਂ ਦੀ ਰਖਵਾਲੀ ਲਈ, ਸਿੱਖ ਦੋਸਤ ਕਾਂਗਰਸਮੈਨਾਂ ’ਤੇ ਆਧਾਰਿਤ ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ’ ਹੋਂਦ ਵਿੱਚ ਲਿਆਂਦੀ ਸੀ। ਇਸ ਵੇਲੇ 50 ਤੋਂ ਜ਼ਿਆਦਾ ਕਾਂਗਰਸਮੈਨ ਇਸ ਸਿੱਖ-ਕਾਕਸ ਦੇ ਮੈਂਬਰ ਹਨ, ਜਿਨ੍ਹਾਂ ਵਿੱਚ ਡੈਮੋਕਰੈਟਿਕ ਅਤੇ ਰੀਪਬਲੀਕਨ ਦੋਵਾਂ ਪਾਰਟੀਆਂ ਨਾਲ ਸਬੰਧਿਤ ਕਾਂਗਰਸਮੈਨ ਸ਼ਾਮਲ ਹਨ। ਇਸ ਸਿੱਖ ਕਾਕਸ ਦੇ ਦੋ ਚੇਅਰਮੈਨ ਹਨ। ਡੈਮੋਕਰੈਟਿਕ ਪਾਰਟੀ ਦੇ ਬੜੇ ਸੀਨੀਅਰ ਤੇ ਮਜਬੂਤ ਕਾਂਗਰਸਮੈਨ ਜੌਹਨ ਗੈਰਮੰਡੀ ਅਤੇ ਰੀਪਬਲਿਕਨ ਪਾਰਟੀ ਦੇ ਪ੍ਰਭਾਵਸ਼ਾਲੀ ਕਾਂਗਰਸਮੈਨ ਪੈਟਰਿਕ ਮੀਹਾਨ ਦੋਵੇਂ ਸਾਂਝੇ ਤੌਰ (ਕੋ-ਚੇਅਰ) ’ਤੇ ਸਿੱਖ ਕਾਕਸ ਦੀ ਅਗਵਾਈ ਕਰਦੇ ਹਨ।

5 ਅਪ੍ਰੈਲ ਨੂੰ ਯੂ.ਐਸ. ਕਾਂਗਰਸ ਦੇ ਮੁੱਖ ਕਾਂਗਰਸ ਹਾਲ ਵਿੱਚ ਚੱਲ ਰਹੇ ਸੈਸ਼ਨ ਦੌਰਾਨ ਸਿੱਖ ਕਾਕਸ ਵਲੋਂ ਕਾਂਗਰਸਮੈਨ ਪੈਟਰਿਕ ਮੀਹਾਨ ਨੇ ਮਤਾ ਨੰਬਰ 189 ਪੇਸ਼ ਕੀਤਾ। ਇਸ ਮਤੇ ਸਬੰਧੀ ਸਪੀਕਰ ਪਾਲ ਰੀਆਨ ਨੇ ਪ੍ਰਵਾਨਗੀ ਦਿੱਤੀ। ਇਸ ਮੌਕੇ ਅਮਰੀਕਾ ਭਰ ਤੋਂ ਵੱਖ-ਵੱਖ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਦੇ 50 ਦੇ ਕਰੀਬ ਨੁਮਾਇੰਦੇ ਦਰਸ਼ਕ ਗੈਲਰੀ ਵਿੱਚ ਮੌਜੂਦ ਸਨ। ਇਸ ਮਤੇ ਵਿੱਚ ਵਿਸਾਖੀ ਨਾਲ ਸਬੰਧਿਤ ਸਿੱਖਾਂ ਦੇ ਧਾਰਮਿਕ, ਇਤਿਹਾਸਕ ਅਤੇ ਸੱਭਿਆਚਾਰਕ ਵਿਰਸੇ ਨੂੰ ਮਾਨਤਾ ਦਿੱਤੀ ਗਈ। ਇਸ ਮਤੇ ਵਿੱਚ ਸਪੱਸ਼ਟਤਾ ਨਾਲ ਕਿਹਾ ਗਿਆ ਕਿ ਵਿਸਾਖੀ ਉਹ ਇਤਿਹਾਸਕ ਅਹਿਮੀਅਤ ਵਾਲਾ ਦਿਨ ਹੈ, ਜਿਸ ਦਿਨ 1699 ਈਸਵੀ ਵਿੱਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ-ਪੰਥ ਦੀ ਸਾਜਨਾ ਕੀਤੀ ਸੀ। ਯੂ.ਐਸ. ਕਾਂਗਰਸ ਵਿੱਚ ਇਸ ਮਤੇ ਦਾ ਪੇਸ਼ ਹੋਣਾ ਇੱਕ ਬੜਾ ਹੀ ਅਹਿਮ ਵਾਕਿਆ ਹੈ, ਜਿਹੜਾ ਖਾਲਸਾ ਪੰਥ ਦੀ ਵਿਲੱਖਣਤਾ ਨੂੰ ਮਾਨਤਾ ਦਿੰਦਾ ਹੈ। 5 ਅਪ੍ਰੈਲ ਨੂੰ ਦੁਪਹਿਰ 12 ਵੱਜ ਕੇ 15 ਮਿੰਟ ’ਤੇ ਇਹ ਮਤਾ ਪੇਸ਼ ਕੀਤਾ ਗਿਆ।

5 ਅਪ੍ਰੈਲ ਨੂੰ ਸ਼ਾਮ 5:00 ਵਜੇ ਤੋਂ 7:00 ਵਜੇ ਤੱਕ ਕਾਂਗਰਸੈਸ਼ਨਲ ਬਿਲਡਿੰਗ ਰੇਅਬਰਨ ਦੇ ਕਾਨਫਰੰਸ ਰੂਮ 2253 ਵਿੱਚ ਵਿਸਾਖੀ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਹੋਇਆ, ਜਿਸ ਵਿੱਚ ਕਈ ਕਾਂਗਰਸਮੈਨਾਂ ਅਤੇ ਸਟਾਫ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਨੂੰ ਸਿੱਖ ਨੌਜਵਾਨਾਂ-ਮੁਟਿਆਰਾਂ ਵਲੋਂ ਕਰਵਾਇਆ ਗਿਆ। ਇਸ ਸਾਲ ਦਾ ਥੀਮ ਸੀ - ਵਿਸਾਖੀ ਵਿਦ ਸਿੱਖਸ ਇਨ ਸਪੋਰਟਸ’ ਭਾਵ ਖੇਡਾਂ ਵਿੱਚ ਰੁੱਤਬਾ ਹਾਸਲ ਕਰਨ ਵਾਲੇ ਸਿੱਖਾਂ ਦੇ ਨਾਲ ਵਿਸਾਖੀ’। ਇਸ ਸਮਾਗਮ ਵਿੱਚ, ਸਪੋਰਟਸ ਵਿੱਚ ਸਿੱਖ ਕੌਮ ਦੇ ਨਾਂ ਰੌਸ਼ਨ ਕਰਨ ਵਾਲੇ ਕੁਝ ਖਿਡਾਰੀਆਂ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ।

ਸਨਮਾਨਿਤ ਕੀਤੇ ਗਏ ਖਿਡਾਰੀਆਂ ਵਿੱਚ, ਬਾਸਕਟਬਾਲ ਦੇ ਐਨ. ਬੀ. ਏ. ਖਿਡਾਰੀ 7 ਫੁੱਟ 3 ਇੰਚ ਕੱਦ ਵਾਲੇ ਸਤਿਨਾਮ ਸਿੰਘ, ਰੱਟਗਰਜ਼ ਕਾਲਜ ਨਿਊਜਰਸੀ ਦੀ ਫੀਲਡ ਹਾਕੀ ਖਿਡਾਰਨ ਸੋਫੀਆ ਵਾਲੀਆ, ਓਰੀਗਨ ਯੂਨੀਵਰਸਿਟੀ ਦੀ ਬਾਸਕਟਬਾਲ ਖਿਡਾਰਨ ਸੁਮੀਤ ਗਿੱਲ, ਟੈਨਿਸ ਖਿਡਾਰੀ ਜਸਰਾਜ ਸੰਧੂ ਅਤੇ ਹਰਪ੍ਰੀਤ ਸਿੰਘ ਸੰਧੂ, ਬੱਚਿਆਂ ਦੀ ਟੈਨਿਸ ਟੀਮ ਵਿੱਚ ਵਿਸ਼ੇਸ਼ ਥਾਂ ਬਣਾਉਣ ਵਾਲੀ 4 ਭੈਣਾਂ-ਭਰਾਵਾਂ ਦੀ ਟੀਮ ਹਰਮਨ ਕੌਰ ਵੜੈਚ, ਜਸਜੀਤ ਸਿੰਘ, ਦਿਲਾਵਰ ਸਿੰਘ ਅਤੇ ਅਵਲੀਨ ਕੌਰ ਸ਼ਾਮਲ ਹਨ। ਇਸ ਸਮਾਗਮ ਨੂੰ ਸਫਲ ਬਣਾਉਣ ਵਿੱਚ ਫਰੈਂਡਜ਼ ਆਫ ਸਿੱਖ ਕਾਕਸ’ ਦੇ ਹਰਪ੍ਰੀਤ ਸਿੰਘ ਸੰਧੂ ਨੇ ਵਿਸ਼ੇਸ਼-ਰੋਲ ਅਦਾ ਕੀਤਾ। ਟੀ.ਵੀ.-84 ਚੈਨਲ ਵਲੋਂ ਇਸ ਸਾਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਕੀਤਾ ਗਿਆ, ਜਿਸ ਨੂੰ ਦੁਨੀਆਂ ਭਰ ਵਿੱਚ ਵੇਖਿਆ ਗਿਆ ਅਤੇ ਵਧਾਈ ਦੇ ਹਜ਼ਾਰਾਂ ਸੁਨੇਹੇ ਸਿੱਖ ਸੰਗਤਾਂ ਵਲੋਂ ਦਿੱਤੇ ਗਏ।

6 ਅਪ੍ਰੈਲ ਨੂੰ ਕੈਨੇਡਾ ਦੀ ਉਂਟਾਰੀਓ ਸਟੇਟ ਦੀ ਪਾਰਲੀਮੈਂਟ ਵਲੋਂ 1984 ਨੂੰ ਸਿੱਖ ਨਸਲਕੁਸ਼ੀ ਮੰਨਦਿਆਂ, ਇਸ ਦੀ ਨਿਖੇਧੀ ਦਾ ਮਤਾ ਪਾਸ ਕੀਤਾ ਗਿਆ। ਇਹ ਮਤਾ ਲਿਬਰਲ ਪਾਰਟੀ ਦੀ ਐਮ. ਪੀ. ਪੀ. ਹਰਿੰਦਰ ਕੌਰ ਮੱਲ੍ਹੀ ਵਲੋਂ ਪੇਸ਼ ਕੀਤਾ ਗਿਆ, ਜਿਸ ਦੀ ਹਮਾਇਤ ਐਨ. ਡੀ.ਪੀ. ਅਤੇ ਕਨਜ਼ਰਵੇਟਿਵ ਪਾਰਟੀ ਦੇ ਮੈਂਬਰਾਂ ਵਲੋਂ ਵੀ ਕੀਤੀ ਗਈ। ਯਾਦ ਰਹੇ 2 ਜੂਨ, 2016 ਨੂੰ ਐਨ. ਡੀ. ਪੀ. ਦੇ ਹਰਮਨ ਪਿਆਰੇ ਐਮ. ਪੀ. ਪੀ. ਸ. ਜਗਮੀਤ ਸਿੰਘ ਵਲੋਂ ਨਵੰਬਰ-84 ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦੇਣ ਦਾ ਮਤਾ ਪੇਸ਼ ਕੀਤਾ ਗਿਆ ਸੀ, ਜਿਸ ਦੀ ਕਨਜ਼ਰਵੇਟਿਵ ਪਾਰਟੀ ਵਲੋਂ ਵੀ ਹਮਾਇਤ ਕੀਤੀ ਗਈ ਸੀ ਪਰ ਉਂਟਾਰੀਓ ਵਿੱਚ ਸਰਕਾਰ ਚਲਾ ਰਹੀ ਲਿਬਰਲ ਪਾਰਟੀ

ਬਾਕੀ ਸਫ਼ਾ 34 ’ਤੇ

# ਪਾਖੰਡ ਫੈਲਾਉਣ ਵਾਲਿਆਂ ਖਿਲਾਫ ਜਾਗਣ ਗੁਰੂ ਘਰਾਂ ਦੇ ਪ੍ਰਬੰਧਕ

**ਗੁਰੂ ਘਰ ਕਿਸੇ ਵੀ ਰੂਪ ਵਿਚ ਅੰਧ-ਵਿਸ਼ਵਾਸ ਅਤੇ ਪਾਖੰਡ ਫੈਲਾਉਣ ਦਾ ਸਾਧਨ ਨਹੀਂ ਬਣਨੇ ਚਾਹੀਦੇ। ਗੁਰੂ ਘਰਾਂ ਵਿਚ ਅਜਿਹਾ ਕੋਈ ਵੀ ਅਖ਼ਬਾਰ, ਰਸਾਲਾ ਜਾਂ ਸਾਹਿਤ ਰੱਖਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ, ਜੋ ਲੋਕਾਂ ਅੰਦਰ ਅੰਧ-ਵਿਸ਼ਵਾਸ ਫੈਲਾਵੇ ਅਤੇ ਪੀੜਤ ਲੋਕਾਂ ਨੂੰ ਅਜਿਹੇ ਤਾਂਤਰਿਕ ਅਤੇ ਪੰਡਿਤਾਂ ਦੇ ਚੁੰਗਲ ਵਿਚ ਫਸਣ ਦਾ ਕਾਰਨ ਬਣੇ। ਇਸੇ ਤਰ੍ਹਾਂ ਪੰਜਾਬੀ ਸਟੋਰਾਂ ਵਾਲਿਆਂ ਨੂੰ ਵੀ ਆਪਣੀ ਜ਼ਮੀਰ ਦੀ ਆਵਾਜ਼ ਨੂੰ ਪਛਾਣਨਾ ਚਾਹੀਦਾ ਹੈ ਅਤੇ ਅੰਧ-ਵਿਸ਼ਵਾਸ ਫੈਲਾਉਣ ਵਾਲੇ ਅਜਿਹੇ ਅਖ਼ਬਾਰ ਅਤੇ ਰਸਾਲਿਆਂ ਨੂੰ ਆਪਣੇ ਸਟੋਰਾਂ ਉਪਰ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।**

**ਗੁਰਜਤਿੰਦਰ ਸਿੰਘ ਰੰਧਾਵਾ**
(916-320-9444)



ਅੱਜ ਉੱਤਰੀ ਅਮਰੀਕਾ ਵਿਚ ਪੰਜਾਬੀ ਮੀਡੀਆ ਪਸਾਰ ਕਰ ਰਿਹਾ ਹੈ। ਪਰ ਇਸ ਦੇ ਨਾਲ-ਨਾਲ ਇਥੋਂ ਛਪਦੀਆਂ ਕੁਝ ਅਖ਼ਬਾਰਾਂ ਅਤੇ ਰਸਾਲਿਆਂ ਨੇ ਪਾਖੰਡੀ ਬਾਬਿਆਂ ਦੇ ਇਸ਼ਤਿਹਾਰ ਲਗਾ ਕੇ ਜਿੱਥੇ ਖੁਦ ਬਹੁਤ ਸਾਰੇ ਡਾਲਰ ਬਟੋਰੇ ਹਨ, ਉੱਥੇ ਇਥੇ ਰਹਿੰਦੇ ਪੰਜਾਬੀਆਂ ਨੂੰ ਵਹਿਮਾਂ-ਭਰਮਾਂ ਦੇ ਜਾਲ ਵਿਚ ਫਸਾ ਕੇ ਰੱਖ ਦਿੱਤਾ ਹੈ।

ਉਂਝ ਤਾਂ ਸਾਰੇ ਹੀ ਵਿਕਸਿਤ ਮੁਲਕਾਂ ਵਿਚ ਖਾਸਕਰ ਉੱਤਰੀ ਅਮਰੀਕਾ ਵਿਚ ਛਪਦੇ ਬਹੁਤ ਸਾਰੇ ਪੰਜਾਬੀ ਅਖ਼ਬਾਰ ਅਤੇ ਰਸਾਲੇ ਪਿਛਲੇ ਲੰਬੇ ਸਮੇਂ ਤੋਂ ਅਖੌਤੀ ਤਾਂਤਰਿਕਾਂ, ਸਾਧੂ-ਸੰਤਾਂ ਅਤੇ ਭਰਮ ਫੈਲਾਉਣ ਵਾਲਿਆਂ ਦਾ ਪ੍ਰਚਾਰ ਕਰਨ ਵਿਚ ਲੱਗੇ ਹਨ। ਅਜਿਹੇ ਅਖ਼ਬਾਰ ਰਸਾਲੇ ਸਿਰਫ ਦੰਭੀ ਅਤੇ ਪਾਖੰਡੀ ਲੋਕਾਂ ਦਾ ਪੈਸੇ ਦੇ ਲਾਲਚ ਵਿਚ ਆ ਕੇ ਪ੍ਰਚਾਰ ਹੀ ਨਹੀਂ ਕਰਦੇ, ਸਗੋਂ ਕਈ ਅਖ਼ਬਾਰਾਂ ਵਾਲੇ ਤਾਂ ਖੁਦ ਹੀ ਇਸ ਧੰਦੇ ਵਿਚ ਸ਼ਾਮਲ ਹੋ ਗਏ ਹਨ। ਕੁੱਝ ਅਖ਼ਬਾਰਾਂ ਵਾਲੇ ਟੈਲੀ ਕਾਨਫਰੰਸਾਂ ਵਿਚ ਫਰਜ਼ੀ ਪੰਡਿਤ ਅਤੇ ਤਾਂਤਰਿਕ ਬਣ ਕੇ ਖੁਦ ਹੀ ਲੋਕਾਂ ਨੂੰ ਲੁੱਟਦੇ ਹਨ। ਅਜਿਹੇ ਪੰਡਿਤ ਅਤੇ ਤਾਂਤਰਿਕ ਲੋਕਾਂ ਦੀਆਂ ਮਾਨਸਿਕ ਅਤੇ ਸਮਾਜਿਕ ਸਮੱਸਿਆਵਾਂ ਦਾ ਹੱਲ ਕਰਨ ਲਈ ਉਨ੍ਹਾਂ ਕੋਲੋਂ ਭਾਰੀ ਰਕਮਾਂ ਵਸੂਲ ਕਰਦੇ ਹਨ। ਜਦ ਸਾਡੇ ਅਜਿਹੇ ਅਖ਼ਬਾਰਾਂ ਵਾਲੇ ਵੱਡੇ-ਵੱਡੇ ਛਾਪੇ ਇਸ਼ਤਿਹਾਰਾਂ ਵਿਚ ਇਹ ਦਾਅਵੇ ਕਰਦੇ ਹਨ ਕਿ ਉਹ ਹਰ ਕਿਸੇ ਦੀ ਸਮੱਸਿਆ ਚੁਟਕੀ ਨਾਲ ਹੱਲ ਕਰ ਦੇਣਗੇ, ਤਾਂ ਬਾਹਰਲੇ ਮੁਲਕਾਂ ਵਿਚ ਆਰਥਿਕ ਤੰਗੀ, ਘਰੇਲੂ ਕਲੇਸ਼ਾਂ ਅਤੇ ਨੌਕਰੀ ਆਦਿ ਦੇ ਝਮੇਲਿਆਂ ਵਿਚ ਉਲਝੇ ਲੋਕ ਉਨ੍ਹਾਂ ਵੱਲ ਹੋ ਤੁਰਦੇ ਹਨ। ਅਜਿਹੇ ਪਾਖੰਡੀ ਲੋਕ ਪਹਿਲੇ ਦਿਨ ਹੀ ਸਿਰਫ ਗੱਲ ਕਰਨ ਦੇ ਸੈਂਕੜੇ ਡਾਲਰ ਆਮ ਲੋਕਾਂ ਤੋਂ ਬਟੋਰ ਲੈਂਦੇ ਹਨ ਅਤੇ ਫਿਰ ਸਮੱਸਿਆਵਾਂ ਵਿਚ ਉਲਝੇ ਲੋਕਾਂ ਨੂੰ ਇਹ ਪਾਖੰਡੀ ਮਾਨਸਿਕ ਤੌਰ 'ਤੇ ਇੰਨਾ ਕਾਇਲ ਕਰ ਲੈਂਦੇ ਹਨ ਕਿ ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਆਪਣਾ ਸਾਰਾ ਕੁੱਝ ਨਿਛਾਵਰ ਕਰ ਦਿੰਦੇ ਹਨ। ਕਈ ਅਜਿਹੇ ਪੀੜਤ ਪੰਜਾਬੀ ਪਰਿਵਾਰ ਦੇਖੇ ਗਏ ਹਨ, ਜਿਹੜੇ ਅਜਿਹੇ ਪਾਖੰਡੀਆਂ ਨੂੰ 50 ਹਜ਼ਾਰ ਤੋਂ ਲੱਖ ਡਾਲਰ ਤੱਕ ਲੁਟਾ ਬੈਠੇ ਹਨ। ਹੁਣ ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਕਿ ਲੋਕਾਂ ਨੂੰ ਇਨ੍ਹਾਂ ਅਖੌਤੀ ਤਾਂਤਰਿਕ, ਪੰਡਿਤ ਅਤੇ ਫਰੇਬੀ ਲੋਕਾਂ ਦੇ ਜਾਲ ਵਿਚ ਆਮ ਲੋਕਾਂ ਨੂੰ ਫਸਾਉਣ ਲਈ ਅਖਬਾਰਾਂ ਅਤੇ ਰਸਾਲਿਆਂ ਵਾਲੇ ਲੋਕ ਹੀ ਵੱਡਾ ਰੋਲ ਨਿਭਾਉਂਦੇ ਹਨ। ਅਮਰੀਕਾ ਵਿਚ ਸਾਰੇ ਪੰਜਾਬੀ ਅਖ਼ਬਾਰ, ਰਸਾਲੇ ਆਮ ਤੌਰ 'ਤੇ ਮੁਫਤ ਵੰਡੇ ਜਾਂਦੇ ਹਨ ਅਤੇ ਇਹ ਅਖ਼ਬਾਰ, ਰਸਾਲੇ ਆਮ ਕਰਕੇ ਗੁਰਦੁਆਰਿਆਂ ਅਤੇ ਪੰਜਾਬੀ ਸਟੋਰਾਂ ਉਪਰ ਰੱਖੇ ਜਾਂਦੇ ਹਨ। ਗੁਰੂ ਘਰਾਂ ਵਿਚ ਆਉਣ ਵਾਲੇ ਸ਼ਰਧਾਲੂ ਅਤੇ ਖਰੀਦੋ-ਫਰੋਖਤ ਕਰਨ ਵਾਲੇ ਲੋਕ ਸਟੋਰਾਂ ਤੋਂ ਇਹ ਅਖਬਾਰ ਚੁੱਕ ਕੇ ਲਿਜਾਂਦੇ ਹਨ। ਇਸ ਤਰ੍ਹਾਂ ਅਜਿਹੇ ਅਖ਼ਬਾਰਾਂ, ਰਸਾਲਿਆਂ ਰਾਹੀਂ ਸਾਡੇ ਲੋਕ ਮਾਨਸਿਕ ਅਤੇ ਆਰਥਿਕ ਤੌਰ 'ਤੇ ਲੁੱਟੇ-ਪੁੱਟੇ ਜਾ ਰਹੇ ਹਨ।

ਸਿੱਖ ਧਰਮ ਦਾ ਉਪਦੇਸ਼ ਅਤੇ ਫਲਸਫਾ ਹੀ ਅਜਿਹੇ ਅੰਧ-ਵਿਸ਼ਵਾਸਾਂ ਤੋਂ ਲੋਕਾਂ ਨੂੰ ਸੁਚੇਤ ਕਰਨ ਦਾ ਹੈ, ਤਾਂ ਫਿਰ ਸੁਆਲ ਇਹ ਉੱਠਦਾ ਹੈ ਕਿ ਸਾਡੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਜਿਹੇ ਪਾਖੰਡ ਅਤੇ ਅੰਧ ਵਿਸ਼ਵਾਸ ਫੈਲਾਉਣ ਵਾਲੇ ਅਖ਼ਬਾਰਾਂ ਨੂੰ ਗੁਰੂ ਘਰਾਂ ਵਿਚ ਰੱਖਣ ਦੀ ਇਜਾਜ਼ਤ ਕਿਉਂ ਦਿੰਦੀਆਂ ਹਨ। ਅਸੀਂ ਪਿਛਲੇ ਕਾਫੀ ਸਮੇਂ ਤੋਂ ਗੁਰੂ ਘਰਾਂ ਅਤੇ ਪੰਜਾਬੀ ਸਟੋਰਾਂ ਰਾਹੀਂ ਇਨ੍ਹਾਂ ਅਖ਼ਬਾਰਾਂ ਵੱਲੋਂ ਫੈਲਾਏ ਜਾ ਰਹੇ ਅੰਧ-ਵਿਸ਼ਵਾਸ ਅਤੇ ਪਾਖੰਡ ਵਿਰੁੱਧ ਆਵਾਜ਼ ਉਠਾਉਂਦੇ ਆ ਰਹੇ ਹਾਂ। ਪਰ ਹਾਲੇ ਤੱਕ ਵੀ ਸਾਡੇ ਗੁਰੂ ਘਰਾਂ ਦੀਆਂ ਕਮੇਟੀਆਂ ਨੇ ਅਜਿਹਾ ਅੰਧ-ਵਿਸ਼ਵਾਸ ਫੈਲਾਉਣ ਵਾਲਿਆਂ ਅਤੇ ਲੋਕਾਂ ਨੂੰ ਠੱਗਣ ਵਾਲਿਆਂ ਖਿਲਾਫ ਕੋਈ ਅਸਰਦਾਰ ਕਦਮ ਨਹੀਂ ਚੁੱਕਿਆ। ਹੁਣ ਵੀ ਸਾਡੇ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਜਾਗਣ ਦੀ ਲੋੜ ਹੈ। ਅਖ਼ਬਾਰਾਂ ਰਾਹੀਂ ਅਜਿਹਾ ਅੰਧ-ਵਿਸ਼ਵਾਸ ਫੈਲਾ ਕੇ ਸਾਡੇ ਭਾਈਚਾਰੇ ਨੂੰ ਗੁੰਮਰਾਹ ਕੀਤਾ ਅਤੇ ਲੁੱਟਿਆ ਜਾਂਦਾ ਹੈ। ਕੀ ਸਾਡੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਜਿਹਾ ਅੰਧ-ਵਿਸ਼ਵਾਸ ਫੈਲਾਉਣ ਵਾਲਿਆਂ ਖਿਲਾਫ ਮੂਕ-ਦਰਸ਼ਕ ਬਣ ਕੇ ਬੈਠੇ ਰਹਿਣਗੇ।




ਸਾਡਾ ਮੰਨਣਾ ਹੈ ਕਿ ਗੁਰੂ ਘਰ ਕਿਸੇ ਵੀ ਰੂਪ ਵਿਚ ਅੰਧ-ਵਿਸ਼ਵਾਸ ਅਤੇ ਪਾਖੰਡ ਫੈਲਾਉਣ ਦਾ ਸਾਧਨ ਨਹੀਂ ਬਣਨੇ ਚਾਹੀਦੇ। ਗੁਰੂ ਘਰਾਂ ਵਿਚ ਅਜਿਹਾ ਕੋਈ ਵੀ ਅਖ਼ਬਾਰ, ਰਸਾਲਾ ਜਾਂ ਸਾਹਿਤ ਰੱਖਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ, ਜੋ ਲੋਕਾਂ ਅੰਦਰ ਅੰਧ-ਵਿਸ਼ਵਾਸ ਫੈਲਾਵੇ ਅਤੇ ਪੀੜਤ ਲੋਕਾਂ ਨੂੰ ਅਜਿਹੇ ਤਾਂਤਰਿਕ ਅਤੇ ਪੰਡਿਤਾਂ ਦੇ ਚੁੰਗਲ ਵਿਚ ਫਸਣ ਦਾ ਕਾਰਨ ਬਣੇ। ਇਸੇ ਤਰ੍ਹਾਂ ਪੰਜਾਬੀ ਸਟੋਰਾਂ ਵਾਲਿਆਂ ਨੂੰ ਵੀ ਆਪਣੀ ਜ਼ਮੀਰ ਦੀ ਆਵਾਜ਼ ਨੂੰ ਪਛਾਣਨਾ ਚਾਹੀਦਾ ਹੈ ਅਤੇ ਅੰਧ-ਵਿਸ਼ਵਾਸ ਫੈਲਾਉਣ ਵਾਲੇ ਅਜਿਹੇ ਅਖ਼ਬਾਰ ਅਤੇ ਰਸਾਲਿਆਂ ਨੂੰ ਆਪਣੇ ਸਟੋਰਾਂ ਉਪਰ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

ਚੰਗੀ ਗੱਲ ਇਹ ਹੈ ਕਿ ਪੱਤਰਕਾਰੀ ਦੇ ਉੱਚੇ ਸੁੱਚੇ ਮਿਆਰਾਂ ਉੱਤੇ ਪਹਿਰਾ ਦੇਣ ਲਈ ਪ੍ਰਤੀਬੱਧ ਉੱਤਰੀ ਅਮਰੀਕਾ ਵਿਚਲੇ ਪੰਜਾਬੀ ਦੇ ਕਈ ਅਖ਼ਬਾਰ ਵਹਿਮਾਂ-ਭਰਮਾਂ ਅਤੇ ਪਾਖੰਡੀ ਬਾਬਿਆਂ ਦੇ ਇਸ਼ਤਿਹਾਰਾਂ ਨੂੰ ਨਾ ਛਾਪਣ ਲਈ ਦ੍ਰਿੜ ਹਨ। ਇਨ੍ਹਾਂ ਅਖ਼ਬਾਰਾਂ ਦੀ ਤਰਫੋਂ ਹੀ ਸਾਡੀ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਧਾਰਮਿਕ ਜਥੇਬੰਦੀਆਂ ਅਤੇ ਸਮੂਹ ਸਮਾਜਿਕ ਸੰਗਠਨਾਂ ਦੇ ਆਗੂਆਂ ਨੂੰ ਸਾਡੀ ਪੁਰਜ਼ੋਰ ਅਪੀਲ ਹੈ ਕਿ ਆਰਥਿਕ ਪ੍ਰੇਸ਼ਾਨੀਆਂ, ਘਰੇਲੂ ਝਗੜਿਆਂ ਅਤੇ ਹੋਰ ਮਾਨਸਿਕ ਰੋਗਾਂ 'ਚ ਫਸੇ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਲੁੱਟਣ ਲਈ ਕਿਸੇ ਵੀ ਤਰ੍ਹਾਂ ਦੇ ਪਾਖੰਡੀਆਂ ਦਾ ਪ੍ਰਚਾਰ ਕਰਨ ਲਈ ਆਪਣੇ ਧਾਰਮਿਕ ਅਸਥਾਨਾਂ ਦੀ ਦੁਰਵਰਤੋਂ ਨਾ ਹੋਣ ਦੇਣ। ਹਰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਗੁਰਦੁਆਰੇ ਵਿਚ ਰੱਖੇ ਜਾਣ ਵਾਲੇ ਹਰ ਅਖਬਾਰ ਅਤੇ ਰਸਾਲੇ ਦੀ ਪਹਿਲਾਂ ਪੜਤਾਲ ਕਰਨ ਅਤੇ ਅਜਿਹੇ ਦੰਭੀ ਲੋਕਾਂ ਦੇ ਪ੍ਰਚਾਰ ਕਰਨ ਵਾਲੇ ਇਸ਼ਤਿਹਾਰ ਛਾਪਣ ਵਾਲੇ ਅਖ਼ਬਾਰ, ਰਸਾਲਿਆਂ ਨੂੰ ਗੁਰੂ ਘਰਾਂ ਵਿਚ ਰੱਖਣ 'ਤੇ ਮੁਕੰਮਲ ਪਾਬੰਦੀ ਲਾਈ ਜਾਵੇ। ਸਟੋਰ ਮਾਲਕ ਪੰਜਾਬੀਆਂ ਦਾ ਵੀ ਇਹ ਅਹਿਮ ਫਰਜ਼ ਬਣਦਾ ਹੈ ਕਿ ਉਹ ਆਪਣੇ ਭਾਈਚਾਰੇ ਪ੍ਰਤੀ ਫਰਜ਼ਾਂ ਨੂੰ ਪਹਿਚਾਨਣ ਅਤੇ ਕਿਸੇ ਵੀ ਤਰ੍ਹਾਂ ਦਾ ਅੰਧਕਾਰ ਫੈਲਾਉਣ ਵਾਲਿਆਂ ਨੂੰ ਰੋਕਣ ਵਿਚ ਸਹਾਈ ਨਾ ਹੋਣ।

ਹਰੇਕ ਗੁਰਦੁਆਰਾ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਜਿਸ ਵਿਚ ਸਾਨੂੰ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਬਾਣੀ ਵਿਚ ਦਰਜ ਸਮੂਹ ਗੁਰੂ ਸਾਹਿਬਾਨਾਂ, ਸੰਤਾਂ, ਭਗਤਾਂ, ਭੱਟਾਂ ਆਦਿ ਨੇ ਸਾਨੂੰ ਵਹਿਮਾਂ-ਭਰਮਾਂ ਤੋਂ ਦੂਰ ਰਹਿ ਕੇ ਗੁਰੂ ਲੜ ਲੱਗਣ ਲਈ ਕਿਹਾ ਹੈ। ਪਰ ਬੜੇ ਸ਼ਰਮ ਦੀ ਗੱਲ ਹੈ ਕਿ ਜਿਸ ਗੁਰੂ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਉਸੇ ਗੁਰੂ ਘਰ ਵਿਚ ਵਹਿਮਾਂ-ਭਰਮਾਂ ਨਾਲ ਭਰਪੂਰ ਇਸ਼ਤਿਹਾਰਾਂ ਵਾਲੀਆਂ ਅਖਬਾਰਾਂ ਅਤੇ ਰਸਾਲੇ ਰੱਖੇ ਜਾਂਦੇ ਹਨ। ਕੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਇਸ ਗੱਲ ਤੋਂ ਵਾਕਿਫ ਹਨ ਅਤੇ ਕੀ ਉਹ ਖੁਦ ਅਜਿਹੀਆਂ ਅਖ਼ਬਾਰਾਂ ਅਤੇ ਰਸਾਲੇ ਨਹੀਂ ਪੜ੍ਹਦੇ ? ਜਿਸ ਵਿਚ ਅਜਿਹੇ ਵਹਿਮਾਂ-ਭਰਮਾਂ ਵਾਲੇ ਇਸ਼ਤਿਹਾਰ ਲੱਗੇ ਹੁੰਦੇ ਹਨ ? ਸਿੱਖ ਧਰਮ ਨੇ ਸਮਾਜ ਅੰਦਰ ਫੈਲੇ ਪਾਖੰਡ, ਦੰਭ ਅਤੇ ਅਡੰਬਰਾਂ ਦਾ ਪਰਦਾਫਾਸ਼ ਕੀਤਾ ਅਤੇ ਲੋਕਾਂ ਨੂੰ ਅਜਿਹੇ ਲੋਕਾਂ ਦੇ ਭਰਮ-ਜਾਲ ਵਿਚੋਂ ਕੱਢਣ ਲਈ ਵਿਆਪਕ ਪ੍ਰਚਾਰ ਪ੍ਰਸਾਰ ਕੀਤਾ। ਸਿੱਖ ਧਰਮ ਲੋਕਾਂ ਨੂੰ ਸਮਾਜਿਕ ਕੁਰੀਤੀਆਂ ਬਾਰੇ ਜਾਗ੍ਰਿਤ ਕਰਨ ਲਈ ਹਮੇਸ਼ਾ ਅੱਗੇ ਆਇਆ ਹੈ। ਸਿੱਖ ਧਰਮ ਦਾ ਬੁਨਿਆਦੀ ਪੈਂਤੜਾ ਹੀ ਇਹ ਹੈ ਕਿ ਸਮੁੱਚੀ ਦੁਨੀਆਂ ਇਕ ਪ੍ਰਮਾਤਮਾ ਦੀ ਦੇਣ ਹਨ ਅਤੇ ਮਨੁੱਖ ਜਾਤੀ ਨੂੰ ਬਰਾਬਰ ਸਮਝਿਆ ਜਾਣਾ ਚਾਹੀਦਾ ਹੈ। ਸਿੱਖ ਧਰਮ ਨੇ ਹਰ ਤਰ੍ਹਾਂ ਦੇ ਊਚ-ਨੀਚ ਦਾ ਵੀ ਵਿਰੋਧ ਕੀਤਾ ਅਤੇ ਨਾਹਰਾ ਦਿੱਤਾ ਕਿ 'ਮਾਨਸ ਕੀ ਜਾਤਿ ਸਭੈ ਏਕੇ ਹੀ ਪਹਿਚਾਨਬੋ" ਸਿੱਖ ਗੁਰੂਆਂ ਨੇ ਮਾਨਵਤਾ ਨੂੰ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਉਪਦੇਸ਼ ਦਿੱਤਾ। ਸਿੱਖ ਗੁਰੂ ਸਾਹਿਬਾਨ ਦੀ ਇਹ ਧਾਰਨਾ ਹੈ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੇ ਅਡੰਬਰ, ਪਾਖੰਡ ਅਤੇ ਭੇਖ ਵਿਚ ਨਹੀਂ ਪੈਣਾ ਚਾਹੀਦਾ, ਸਗੋਂ ਨੇਕ-ਨੀਤ ਅਤੇ ਮਿਹਨਤ ਨਾਲ ਹੀ ਅੱਗੇ ਵਧਿਆ ਜਾ ਸਕਦਾ ਹੈ। ਉਨ੍ਹਾਂ ਸਮਾਜ ਨੂੰ ਰਸਤਾ ਵਿਖਾਇਆ ਕਿ ਸਬਰ ਅਤੇ ਸੰਜਮ ਹੀ ਸੰਤੁਸ਼ਟੀ ਦਾ ਮੂਲ ਮੰਤਰ ਹੈ। ਮਨੁੱਖ ਦੇ ਮਨਾਂ ਵਿਚ ਪੈਦਾ ਹੋਈ ਹਾਬੜ ਕਿਸੇ ਵੀ ਤਰ੍ਹਾਂ ਮਨੁੱਖੀ ਮਨ ਨੂੰ ਸੰਤੁਸ਼ਟ ਕਰਨ ਦਾ ਸਾਧਨ ਨਹੀਂ ਬਣਦੀ। ਇਸ ਤੋਂ ਉਲਟ ਬੇਲੋੜ ਧਨ ਇਕੱਠਾ ਕਰਨ, ਅਥਾਹ ਜਾਇਦਾਦਾਂ ਬਣਾਉਣ ਅਤੇ ਹਰੇਕ ਚੀਜ਼ ਨੂੰ ਜੱਫਾ ਮਾਰਨ ਦੀ ਬਿਰਤੀ ਨੇ ਸਾਡੇ ਸਮਾਜ ਨੂੰ ਕੁਰੀਤੀਆਂ ਵੱਲ ਧੱਕ ਦਿੱਤਾ ਹੈ। ਅਸੀਂ ਪੰਜਾਬ ਤੋਂ ਉੱਠ ਕੇ ਵਿਕਸਿਤ ਮੁਲਕਾਂ ਵਿਚ ਆ ਗਏ ਹਾਂ। ਪਰ ਅਜੇ ਵੀ ਵਹਿਮਾਂ-ਭਰਮਾਂ ਅਤੇ ਪਾਖੰਡ ਤੋਂ ਅਸੀਂ ਪਿੱਛਾ ਨਹੀਂ ਛੁਡਾਇਆ।

ਉਮੀਦ ਹੈ ਕਿ ਗੁਰੂ ਘਰਾਂ ਦੇ ਪ੍ਰਬੰਧਕ ਅਤੇ ਪੰਜਾਬੀ ਸਟੋਰ ਮਾਲਕ ਸਾਡੀ ਇਸ ਬੇਨਤੀ ਨੂੰ ਕਬੂਲ ਕਰਨਗੇ ਅਤੇ ਸਾਰੇ ਗੁਰੂ ਘਰਾਂ ਨੂੰ ਪਾਖੰਡੀਆਂ ਦੇ ਅਜਿਹੇ ਇਸ਼ਤਿਹਾਰ ਛਾਪਣ ਵਾਲੇ ਅਖ਼ਬਾਰਾਂ, ਰਸਾਲਿਆਂ ਨੂੰ ਗੁਰੂ ਘਰਾਂ ਵਿਚ ਰੱਖਣ ਦੀ ਇਜਾਜ਼ਤ ਨਹੀਂ ਦੇਣਗੇ। ਅਸੀਂ ਅਜਿਹਾ ਕਰਕੇ ਕਿਸੇ ਵਿਅਕਤੀ ਵਿਸ਼ੇਸ਼ ਜਾਂ ਅਦਾਰੇ ਖਿਲਾਫ ਨਹੀਂ ਹਾਂ, ਸਗੋਂ ਸਾਡਾ ਮਿਸ਼ਨ ਸਾਡੇ ਧਾਰਮਿਕ ਵਿਸ਼ਵਾਸਾਂ ਅਤੇ ਫਲਸਫੇ ਅਨੁਸਾਰ ਸਾਡੇ ਲੋਕਾਂ ਦੀ ਸੇਵਾ ਕਰਨਾ ਹੈ। ਇਸੇ ਮਨਸ਼ੇ ਨਾਲ ਹੀ ਅਸੀਂ ਹਰ ਤਰ੍ਹਾਂ ਦੇ ਅੰਧ-ਵਿਸ਼ਵਾਸ, ਪਾਖੰਡ ਅਤੇ ਲੁੱਟ ਦਾ ਵਿਰੋਧ ਕਰਦੇ ਹਾਂ। ਸਮੁੱਚੇ ਭਾਈਚਾਰੇ ਤੋਂ ਸਾਨੂੰ ਇਹ ਉਮੀਦ ਵੀ ਹੈ ਕਿ ਉਹ ਸਾਡੇ ਇਸ ਯਤਨ ਵਿਚ ਪੂਰਾ ਸਹਿਯੋਗ ਦੇਣਗੇ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# .ਗ਼ਦਰੀ ਬਾਬਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਲਾਮ ਕਰਦਿਆਂ ਸਮਾਪਤ ਹੋਇਆ 'ਮੇਲਾ .ਗ਼ਦਰੀ ਬਾਬਿਆਂ ਦਾ'







**ਫਰਿਜ਼ਨੋ/ਬਿਊਰੋ ਨਿਊਜ਼ :** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਭਾਈਚਾਰੇ ਦੇ ਸਹਿਯੋਗ ਨਾਲ '17ਵਾਂ ਮੇਲਾ ਗ਼ਦਰੀ ਬਾਬਿਆਂ ਦਾ' ਕਰਵਾਇਆ ਗਿਆ। ਮੇਲੇ ਦੀ ਪ੍ਰਧਾਨਗੀ ਗੁਰਦੀਪ ਗਿੱਲ ਘੋਲੀਆ, ਡਾ. ਹਰਮੇਸ਼ ਕੁਮਾਰ ਅਤੇ ਜਸਵੰਤ ਸਿੰਘ ਮਾਨ ਨੇ ਕੀਤੀ। ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋ ਹਰਜਿੰਦਰ ਢੇਸੀ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ। ਮੇਲੇ ਵਿਚ ਸ਼ਹੀਦਾਂ ਦੇ ਵਾਰਿਸਾਂ ਨੇ ਹੁੰਮ-ਹੁਮਾ ਕੇ ਹਾਜ਼ਰੀ ਭਰੀ ਅਤੇ ਸ਼ਰਧਾਂਜਲੀਆਂ ਭੇਟ ਕੀਤੀਆਂ। ਮੁੱਖ ਮਹਿਮਾਨ ਤੇ ਬੁਲਾਰੇ ਪ੍ਰੋ. ਨਰੰਜਨ ਸਿੰਘ ਢੇਸੀ ਨੇ ਕਿਹਾ ਕਿ ਦੇਸ਼ ਦੇ ਸ਼ਹੀਦਾਂ ਅਤੇ ਗ਼ਦਰੀ ਬਾਬਿਆਂ ਨੇ ਜੋ ਕੁਰਬਾਨੀਆਂ ਦੇ ਕੇ ਸਾਨੂੰ ਆਜ਼ਾਦੀ ਦੁਆਈ ਹੈ, ਅੱਜ ਉਸ ਦੀ ਬਦੌਲਤ ਆਪਾਂ ਸਭ ਪ੍ਰਦੇਸ਼ਾਂ ਵਿਚ ਵੀ ਮਾਣ ਸਤਿਕਾਰ ਹਾਸਲ ਕਰ ਰਹੇ ਹਾਂ। ਉਨ੍ਹਾਂ ਗ਼ਦਰੀ ਬਾਬਿਆਂ ਦੇ ਇਤਿਹਾਸ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਗਾਇਕ ਰਾਜ ਬਰਾੜ ਨੇ ਗੀਤ ਪੇਸ਼ ਕਰਕੇ ਮੇਲੇ ਦੀ ਸ਼ੁਰੂਆਤ ਕੀਤੀ। ਗੁਰਦੇਵ ਸਿੰਘ ਸਾਹੋਕੇ ਅਤੇ ਨਿਰਮਲ ਸਿੰਘ ਨੂਰ ਨੇ ਕਵੀਸ਼ਰੀ ਵਾਰਾਂ ਰਾਹੀਂ ਸ਼ਾਨਮੱਤੇ ਇਤਿਹਾਸ ਨੂੰ ਸੁਰਾਂ ਵਿਚ ਪਰੋਇਆ। ਗਇਕਾ ਜੋਤ ਰਣਜੀਤ ਵਲੋਂ ਵਾਰ ਬਾਬਾ ਬੰਦਾ ਸਿੰਘ ਬਹਾਦਰ ਅਤੇ ਹੋਰ ਗੀਤਾਂ ਨਾਲ ਹਾਜ਼ਰੀ ਲਗਵਾਈ ਗਈ। ਹਰਜੀਤ ਸਿੰਘ ਸ਼ੇਰਗਿਲ ਨੇ ਵੀ ਗੀਤ ਪੇਸ਼ ਕੀਤੇ।

ਬੱਚਿਆਂ ਦੀਆਂ ਪੇਸ਼ਕਾਰੀਆਂ ਖਾਸ ਖਿੱਚ ਦਾ ਕੇਂਦਰ ਬਣੀਆਂ ਅਤੇ ਗ਼ਦਰੀ ਬਾਬਿਆਂ ਨੂੰ ਗੀਤਾਂ, ਕਵਿਤਾ ਅਤੇ ਸਪੀਚਾਂ ਰਾਹੀਂ ਸ਼ਰਧਾਂਜਲੀ ਭੇਟ ਕਰਦਿਆਂ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾ ਕੇ ਬੱਚਿਆਂ ਅਤੇ ਦਰਸ਼ਕਾਂ ਨੇ ਹਾਲ ਗੂੰਜਣ ਲਗਾ ਦਿੱਤਾ। ਪਰਮਜੀਤ ਸਿੰਘ ਵਲੋਂ ਤਿਆਰ ਜੀ.ਐਚ.ਜੀ. ਦੀ ਭੰਗੜਾ ਟੀਮ ਨੇ ਸਾਰਿਆਂ ਦੇ ਪੈਰ ਥਿਰਕਣ ਲਾ ਦਿੱਤੇ। ਬੱਚੀ ਮਨੂਵੀਰ ਧਾਲੀਵਾਲ ਨੇ ਕੋਰੀਓਗ੍ਰਾਫੀ ਪੇਸ਼ ਕੀਤੀ। ਸਿਮਰਨ ਹੇਅਰ ਵਲੋ ਤਿਆਰ ਬੱਚੀਆਂ ਦੀ ਗਿੱਧਾ ਟੀਮ 'ਧੀਆਂ ਰਾਣੀਆਂ' ਨੇ ਗਿੱਧੇ ਨਾਲ ਸਟੇਜ ਹਿੱਲਣ ਲਗਾ ਦਿੱਤੀ। ਕਰਮਨ ਪੰਜਾਬੀ ਸਕੂਲ ਦੀਆਂ ਬੱਚੀਆਂ ਵਲੋ ਖ਼ੂਬਸੂਰਤ ਭੰਗੜਾ ਪੇਸ਼ ਕੀਤਾ ਗਿਆ। ਸੰਸਥਾ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਸਭ ਦਾ ਮੇਲੇ 'ਤੇ ਪੁੱਜਣ 'ਤੇ ਧੰਨਵਾਦ ਕਰਦਿਆਂ ਗ਼ਦਰ ਲਹਿਰ ਬਾਰੇ ਚਾਨਣਾ ਪਾਇਆ। ਸ. ਮਹਿੰਦਰ ਸਿੰਘ ਗਰੇਵਲ, ਡਾ. ਹਰਮੇਸ਼ ਕੁਮਾਰ, ਮਲਕੀਤ ਸਿੰਘ ਕਿੰਗਰਾ ਵਲੋਂ ਕਰਵਾਏ ਮੇਲੇ ਦੀ ਵਧਾਈ ਦਿੰਦਿਆਂ ਕਿਹਾ ਕਿ ਆਪਣੇ ਵੱਡੇ ਵਡੇਰਿਆਂ ਨੂੰ ਅਤੇ ਆਪਣੇ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲਿਆਂ ਨੂੰ ਯਾਦ ਰੱਖਣਾ ਸਲਾਹੁਣਯੋਗ ਕਦਮ ਹੈ।

ਗ਼ਦਰੀ ਬਾਬਿਆ ਤੇ ਹੋਰ ਦੇਸ਼ ਭਗਤਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਇਸ ਮੇਲੇ ਦਾ ਆਕਰਸ਼ਣ ਬਣੀ, ਜਿਸ ਨੂੰ ਮੇਲੇ ਵਿਚ ਆਏ ਲੋਕਾਂ ਨੇ ਬਹੁਤ ਹੀ ਰੀਝ ਨਾਲ ਵੇਖਿਆ। ਪੜ੍ਹਾਈ ਵਿਚ ਵਧੀਆ ਗਰੇਡ ਪ੍ਰਾਪਤ ਕਰਨ ਵਾਲੇ 50 ਤੋਂ ਵੱਧ ਵਿਦਿਆਰਥੀਆਂ ਨੂੰ ਸੰਸਥਾ ਵਲੋਂ ਨਗਦ ਇਨਾਮ ਅਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੇਲੇ ਵਿਚ ਇਤਿਹਾਸ ਦੇ ਮਾਹਰਾਂ ਦੇ ਲੇਖਾਂ ਅਤੇ ਕਵਿਤਾਵਾਂ ਨਾਲ ਸਜਿਆ ਸੋਵੀਨਰ ਵੀ ਰਿਲੀਜ਼ ਕੀਤਾ ਗਿਆ। ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਦੇ ਸਗਿਯੋਗ ਨਾਲ ਬੂਟਾ ਸਿੰਘ ਵਲੋਂ ਇੰਗਲਿਸ਼ ਤੋਂ ਪੰਜਾਬੀ ਵਿਚ ਅਨੁਵਾਦ ਕਿਤਾਬ 'ਗ਼ਦਰ ਲਹਿਰ', ਸ਼ਿੰਦਰ ਸਿੰਘ ਮੀਰਪੁਰੀ ਦੀ ਲਿਖੀ ਕਿਤਾਬ 'ਸਰਦਾਰੀ' ਲੋਕ ਅਰਪਿਤ ਕੀਤੀਆਂ ਗਈ।

ਮੇਲੇ ਵਿਚ ਚਾਹ-ਪਕੌੜੇ ਦਾ ਲੰਗਰ ਸ਼ਾਮ ਤੱਕ ਚਲਦਾ ਰਿਹਾ। ਇਸ ਮੇਲੇ ਵਿਚ ਫਰਿਜ਼ਨੋਂ ਅਤੇ ਆਸ ਪਾਸ ਦੇ ਸ਼ਹਿਰਾਂ ਦੀਆਂ ਸਾਰੀਆਂ ਸੰਸਥਾਵਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਮੰਚ ਦਾ ਸੰਚਾਲਨ ਸਟੇਜਾਂ ਦੀ ਮਲਿਕਾ ਆਸ਼ਾ ਸ਼ਰਮਾ ਅਤੇ ਸ਼ਾਇਰ ਹਰਜਿੰਦਰ ਢੇਸੀ ਨੇ ਬਾਖ਼ੂਬੀ ਨਿਭਾਇਆ। ਗ਼ਦਰੀ ਬਾਬਿਆਂ ਦੀਆਂ ਸ਼ਹਾਦਤਾਂ ਅਤੇ ਕੁਰਬਾਨੀਆਂ ਨੂੰ ਸਲਾਮ ਕਰਦਾ ਹੋਇਆ ਸਮਾਪਤ ਹੋ ਗਿਆ।

ਅੰਤ ਵਿਚ ਫੋਰਮ ਵਲੋਂ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਸਾਰੀਆਂ ਸੰਸਥਾਵਾਂ, ਸਪਾਂਸਰਾਂ, ਮੀਡੀਆ, ਮਹਿਮਾਨਾਂ, ਲੇਖਕਾਂ, ਕਲਾਕਾਰਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ।

# ਕੈਪਟਨ ਵਲੋਂ ਕਿਸਾਨਾਂ ਦਾ ਪੂਰਾ ਕਰਜ਼ਾ ਮੁਆ.ਫ ਕਰਨ ਦਾ ਭਰੋਸਾ

***ਪੰਜਾਬ ਵਿੱਚ ਨਸ਼ੇ ਦੇ ਭਾਅ ਵਧਣ ਦਾ ਦਾਅਵਾ***

**ਜ਼ੀਰਕਪੁਰ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਖੇਤੀ ਸੰਕਟ ਵਿੱਚੋਂ ਕੱਢਣ ਲਈ ਉੱਤਰ ਪ੍ਰਦੇਸ਼ ਸਰਕਾਰ ਵਾਂਗ ਇਕ ਲੱਖ ਰੁਪਏ ਨਹੀਂ, ਸਗੋਂ ਪੂਰਾ ਕਰਜ਼ਾ ਮੁਆਫ਼ ਕਰਨ ਲਈ ਵਚਨਬੱਧ ਹੈ। ਇਸ ਨੂੰ ਛੇਤੀ ਨੇਪਰੇ ਚਾੜ੍ਹਨ ਲਈ ਕਮਿਸ਼ਨ ਕਾਇਮ ਕਰ ਦਿੱਤਾ ਗਿਆ ਹੈ। ਉਹ ਕਾਂਗਰਸੀ ਆਗੂ ਕੇਵਲ ਸਿੰਘ ਢਿੱਲੋਂ ਵੱਲੋਂ ਛੱਤ ਰੋਡ 'ਤੇ ਖੋਲ੍ਹੇ ਡੀ ਮਾਰਟ ਸਟੋਰ ਦਾ ਉਦਘਾਟਨ ਕਰਨ ਮੌਕੇ ਗੱਲਬਾਤ ਕਰ ਰਹੇ ਸਨ।



ਜ਼ੀਰਕਪੁਰ ਵਿੱਚ ਸਟੋਰ ਦਾ ਉਦਘਾਟਨ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ।

ਵਿਰੋਧੀ ਧਿਰ ਵੱਲੋਂ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦਾ ਵਾਅਦਾ ਪੂਰਾ ਨਾ ਕਰਨ ਦੇ ਲਾਏ ਦੋਸ਼ਾਂ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉੱਤਰ ਪ੍ਰਦੇਸ਼ ਸਰਕਾਰ ਨੇ ਸਿਰਫ਼ ਇਕ ਹੈਕਟੇਅਰ ਵਾਲੇ ਕਿਸਾਨ ਦਾ ਇਕ ਲੱਖ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਹੈ। ਉਨ੍ਹਾਂ ਮਿਸਾਲ ਦਿੱਤੀ ਕਿ ਉੱਤਰ ਪ੍ਰਦੇਸ਼ ਵਿੱਚ ਜੇ ਕਿਸੇ ਇਕ ਹੈਕਟੇਅਰ ਜ਼ਮੀਨ ਵਾਲੇ ਕਿਸਾਨ ਦਾ ਚਾਰ ਲੱਖ ਰੁਪਏ ਕਰਜ਼ਾ ਹੈ ਤਾਂ ਉਸ ਵਿਚੋਂ ਸਿਰਫ਼ ਇਕ ਲੱਖ ਮੁਆਫ਼ ਹੋਏਗਾ, ਜਦੋਂ ਕਿ ਪੰਜਾਬ ਸਰਕਾਰ ਪੂਰਾ ਕਰਜ਼ਾ ਮੁਆਫ਼ ਕਰਨ ਉੱਤੇ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਇਸ ਬਾਰੇ ਕੇਂਦਰ ਸਰਕਾਰ ਤੱਕ ਵੀ ਪਹੁੰਚ ਕੀਤੀ ਹੈ। ਜੇ ਉਹ ਮਦਦ ਨਹੀਂ ਕਰੇਗੀ ਤਾਂ ਸੂਬਾ ਸਰਕਾਰ ਆਪਣੇ ਪੱਧਰ 'ਤੇ ਕਰਜ਼ ਮੁਆਫ਼ ਕਰੇਗੀ। ਨਸ਼ਿਆਂ ਬਾਰੇ ਉਨ੍ਹਾਂ ਕਿਹਾ ਕਿ ਤਿੰਨ ਹਫ਼ਤਿਆਂ ਵਿੱਚ ਸਰਕਾਰ ਦੀ ਸਖ਼ਤੀ ਕਾਰਨ ਪੰਜਾਬ ਵਿੱਚ ਨਸ਼ੇ ਦੇ ਭਾਅ ਵਧਣ ਲੱਗ ਗਏ ਹਨ, ਜੋ ਚੰਗੇ ਸੰਕੇਤ ਹਨ। ਵਾਅਦੇ ਮੁਤਾਬਕ ਚਾਰ ਹਫ਼ਤਿਆਂ ਵਿੱਚੋਂ ਇਕ ਹਫ਼ਤਾ ਬਾਕੀ ਹੈ, ਜਿਸ ਦੌਰਾਨ ਸੂਬੇ ਵਿੱਚੋਂ ਪੂਰੀ ਤਰ੍ਹਾਂ ਨਸ਼ੇ ਦਾ ਖ਼ਾਤਮਾ ਕਰ ਦਿੱਤਾ ਜਾਏਗਾ। ਜ਼ੀਰਕਪੁਰ ਵਿੱਚ ਡੀ ਮਾਰਟ ਸਟੋਰ ਖੁੱਲ੍ਹਣ ਨੂੰ ਉਨ੍ਹਾਂ ਸੂਬੇ ਵਿੱਚ ਨਿਵੇਸ਼ ਲਈ ਚੰਗਾ ਸੰਕੇਤ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਉਹ 10 ਤਰੀਕ ਨੂੰ ਹੋਰ ਉਦਯੋਗਪਤੀਆਂ ਨੂੰ ਮਿਲਣ ਲਈ ਮੁੰਬਈ ਜਾ ਰਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਵੱਡੀ ਗਿਣਤੀ ਕਾਰੋਬਾਰੀ ਇੱਥੇ ਉਦਯੋਗ ਲਾਉਣ ਲਈ ਸਹਿਮਤੀ ਪ੍ਰਗਟਾਉਣਗੇ। ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਵੱਲੋਂ ਡੇਰਾਬਸੀ ਸਮੇਤ ਹੋਰ ਹਾਰੇ ਹੋਏ ਹਲਕਿਆਂ ਬਾਰੇ ਉਨ੍ਹਾਂ ਕਿਹਾ ਕਿ ਕਿਸੇ ਵੀ ਹਲਕੇ ਨੂੰ ਲਾਵਾਰਸ ਨਹੀਂ ਛੱਡਿਆ ਜਾਏਗਾ, ਸਗੋਂ ਇਨ੍ਹਾਂ ਬਾਰੇ ਛੇਤੀ ਫੈਸਲਾ ਲਿਆ ਜਾਏਗਾ।

## ਅਤਿਆਧੁਨਿਕ ਐਲਈਡੀ ਲਾਈਟਾਂ ਨਾਲ ਰੌਸ਼ਨ ਹੋਇਆ ਹਰਿਮੰਦਰ ਸਾਹਿਬ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਹਰਿਮੰਦਰ ਸਾਹਿਬ ਵਿਖੇ ਅਤਿ-ਆਧੁਨਿਕ ਅਤੇ ਵਿਦੇਸ਼ੀ ਰੰਗ-ਬਿਰੰਗੀਆਂ ਐਲਈਡੀ ਲਾਈਟਾਂ ਪੱਕੇ ਤੌਰ 'ਤੇ ਸਥਾਪਤ ਕੀਤੀਆਂ ਗਈਆਂ ਹਨ, ਜੋ ਰੋਜ਼ਾਨਾ ਅਤੇ ਗੁਰਪੁਰਬਾਂ ਮੌਕੇ ਅਲੌਕਿਕ ਨਜ਼ਾਰਾ ਪੇਸ਼ ਕਰਨਗੀਆਂ। ਸ਼੍ਰੋਮਣੀ ਕਮੇਟੀ ਵੱਲੋਂ ਇਸ ਯੋਜਨਾ 'ਤੇ ਲਗਭਗ 13 ਕਰੋੜ ਰੁਪਏ ਖਰਚ ਕੀਤੇ ਗਏ ਹਨ ਅਤੇ ਇਸ ਯੋਜਨਾ ਤਹਿਤ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਪਰਿਕਰਮਾ, ਦਰਸ਼ਨੀ ਡਿਓਢੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ, ਇਮਾਰਤ ਦੇ ਉਪਰਲੇ ਹਿੱਸੇ, ਗੁੰਬਦ, ਮੁੱਖ ਡਿਓਢੀਆਂ, ਪ੍ਰਵੇਸ਼ ਦਰਵਾਜ਼ੇ, ਰਾਮਗੜ੍ਹੀਆ ਬੁੰਗੇ ਅਤੇ ਸ੍ਰੀ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਵਿੱਚ ਲਗਭਗ 1700 ਐਲਈਡੀ ਲਾਈਟਾਂ ਸਥਾਪਤ ਕੀਤੀਆਂ ਗਈਆਂ ਹਨ। ਲਗਭਗ 600 ਲਾਈਟਾਂ ਅਜੇ ਹੋਰ ਲੋੜੀਂਦੀਆਂ ਹਨ, ਜੋ ਵਿਦੇਸ਼ ਤੋਂ ਮੰਗਵਾਈਆਂ ਗਈਆਂ ਹਨ। ਇਨ੍ਹਾਂ ਲਾਈਟਾਂ ਦੀ ਸਥਾਪਨਾ ਮਗਰੋਂ ਪੁਰਾਣੀਆਂ ਰਵਾਇਤੀ ਲਾਈਟਾਂ ਉਤਾਰ ਦਿੱਤੀਆਂ ਗਈਆਂ ਹਨ। ਨਵੀਆਂ ਲਾਈਟਾਂ ਦਾ ਲੋਡ ਲਗਭਗ ਸੌ ਕਿਲੋਵਾਟ ਹੈ ਜਿਨ੍ਹਾਂ ਨੂੰ ਕੰਪਿਊਟਰ ਦੀ ਮਦਦ ਨਾਲ ਕੰਟਰੋਲ ਕੀਤਾ ਜਾਵੇਗਾ। ਮਾਹਰਾਂ ਮੁਤਾਬਕ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬ ਤੇ ਹੋਰ ਦਿਹਾੜਿਆਂ ਸਬੰਧੀ ਵੱਖ-ਵੱਖ ਰੰਗਾਂ ਦੀਆਂ ਲਾਈਟਾਂ ਦੇ ਪ੍ਰੋਗਰਾਮ ਵੀ ਬਣਾਏ ਜਾ ਸਕਦੇ ਹਨ। ਇਸ ਯੋਜਨਾ ਨੂੰ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੱਲੋਂ ਉਲੀਕਿਆ ਗਿਆ ਸੀ ਤੇ ਇਸ ਦੀ ਸ਼ੁਰੂਆਤ ਪਿਛਲੇ ਵਰ੍ਹੇ ਸਤੰਬਰ-ਅਕਤੂਬਰ ਮਹੀਨੇ ਵਿੱਚ ਕੀਤੀ ਗਈ ਸੀ। ਇਟਲੀ ਤੋਂ ਆਉਣ ਵਾਲੇ ਮਾਹਰਾਂ ਵੱਲੋਂ ਇਨ੍ਹਾਂ ਲਾਈਟਾਂ ਦਾ ਤਜਰਬਾ ਕੀਤਾ ਜਾਵੇਗਾ। ਮਾਹਰਾਂ ਮੁਤਾਬਕ ਇਸ ਯੋਜਨਾ ਦਾ 95 ਫ਼ੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ। ਪ੍ਰੋਜੈਕਟਰ ਵੀ ਪੁੱਜ ਚੁੱਕੇ ਹਨ, ਜਿਨ੍ਹਾਂ ਨੂੰ ਇਕ ਦੋ ਦਿਨਾਂ ਵਿੱਚ ਸਥਾਪਤ ਕਰ ਦਿੱਤਾ ਜਾਵੇਗਾ।

# ਰਾਜੀਵ-ਲੌਂਗੋਵਾਲ ਸਮਝੌਤਾ ਰੱਦ ਕਰਾਉਣ ਲਈ ਸੁਪਰੀਮ ਕੋਰਟ ਜਾਵਾਂਗੇ : ਡਾ. ਧਰਮਵੀਰ ਗਾਂਧੀ

**ਸੰਗਰੂਰ/ਬਿਊਰੋ ਨਿਊਜ਼ :** ਪਟਿਆਲਾ ਹਲਕੇ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਰਾਜੀਵ-ਲੌਂਗੋਵਾਲ ਸਮਝੌਤਾ ਗ਼ੈਰਸੰਵਿਧਾਨਕ ਸੀ, ਕਿਉਂਕਿ ਇਸ ਸਮਝੌਤੇ ਦੀ ਕੋਈ ਸੰਵਿਧਾਨਕ ਮਾਨਤਾ ਨਹੀਂ ਹੈ। ਸਮਝੌਤੇ ਦੀਆਂ ਸਾਰੀਆਂ ਮੱਦਾਂ ਨੂੰ ਰੱਦ ਕਰਾਉਣ ਲਈ ਉਹ ਸਮਝੌਤੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣਗੇ।

ਉਨ੍ਹਾਂ ਸਮਾਜਸੇਵੀ ਜਥੇਬੰਦੀਆਂ ਵੱਲੋਂ ਕਰਵਾਏ ਸਮਾਗਮ ਵਿੱਚ ਸ਼ਾਮਲ ਹੋਣ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਸਿਰਫ਼ ਰਾਜਨੀਤਕ ਪਾਰਟੀ ਦੇ ਆਗੂ ਸਨ, ਜਿਨ੍ਹਾਂ ਨੂੰ ਨਾ ਤਾਂ ਸਮਝੌਤਾ ਕਰਨ ਦਾ ਕੋਈ ਸੰਵਿਧਾਨਕ ਅਧਿਕਾਰ ਪ੍ਰਾਪਤ ਸੀ ਅਤੇ ਨਾ ਹੀ ਉਨ੍ਹਾਂ ਕੋਲ ਕੋਈ ਸਰਕਾਰੀ ਅਹੁਦਾ ਸੀ। ਇਸ ਲਈ ਇਸ ਸਮਝੌਤੇ ਉਪਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਦਸਤਖ਼ਤਾਂ ਦਾ ਕੋਈ ਅਰਥ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਮਾਹਿਰ ਵਕੀਲਾਂ ਰਾਹੀਂ ਇਸ ਸਮਝੌਤੇ ਖ਼ਿਲਾਫ਼ ਕਾਨੂੰਨੀ ਲੜਾਈ ਲੜਨਗੇ ਅਤੇ ਇਸ ਸਮਝੌਤੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣਗੇ। ਡਾ. ਗਾਂਧੀ ਨੇ ਨਸ਼ਿਆਂ ਦੇ ਮੁੱਦੇ 'ਤੇ ਕਿਹਾ ਕਿ ਪੰਜਾਬ ਨੂੰ ਅਫੀਮ ਅਤੇ ਭੁੱਕੀ ਦੇ ਨਸ਼ੇ ਨੇ ਮੌਤ ਦਾ ਖੂਹ ਨਹੀਂ ਬਣਾਇਆ ਸਗੋਂ ਸ਼ਰਾਬ, ਸਮੈਕ, ਚਿੱਟੇ, ਹੈਰੋਇਨ ਤੇ ਮੈਡੀਕਲ ਨਸ਼ਿਆਂ ਨੇ ਪੰਜਾਬ ਵਿੱਚ ਤਬਾਹੀ ਲਿਆਂਦੀ ਹੈ।



ਅਫ਼ੀਮ ਅਤੇ ਭੁੱਕੀ ਸਰਕਾਰੀ ਹਸਪਤਾਲਾਂ ਵਿੱਚ ਕੰਟਰੋਲਡ ਢੰਗ ਨਾਲ ਕਾਰਡ ਬਣਾ ਕੇ ਦਿੱਤੀ ਜਾ ਸਕਦੀ ਹੈ, ਕਿਉਂਕਿ ਅਫ਼ੀਮ ਅਤੇ ਭੁੱਕੀ ਨਾਲ ਅੱਜ ਤੱਕ ਕੋਈ ਮੌਤ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਬਾਰੇ ਪੂਰਾ ਰਿਕਾਰਡ ਬਣਾਉਣ ਦੀ ਲੋੜ ਹੈ ਤਾਂ ਜੋ ਪਤਾ ਲੱਗ ਸਕੇ ਕਿ ਕਿੰਨੇ ਵਿਅਕਤੀ ਕਿਹੜਾ ਨਸ਼ਾ ਕਰਦੇ ਹਨ। ਇਸ ਤੋਂ ਬਾਅਦ ਹੀ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਮੁਹਿੰਮ ਨੂੰ ਅੱਗੇ ਤੋਰਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਚੋਣ ਲੜਨ ਦਾ ਕੋਈ ਇਰਾਦਾ ਨਹੀਂ ਹੈ ਪਰ ਉਹ ਲੋਕਾਂ ਨੂੰ ਚੰਗੇ ਸਮਾਜ ਦੀ ਸਿਰਜਣਾ ਲਈ ਪ੍ਰੇਰਿਤ ਕਰਦੇ ਰਹਿਣਗੇ।

# ਕੈਪਟਨ ਸਰਕਾਰ 21 ਪਾਰਲੀਮਾਨੀ ਸਕੱਤਰਾਂ ਦੀ 'ਫ਼ੌਜ' ਕਰੇਗੀ ਤਿਆਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਛੇਤੀ ਹੀ ਆਪਣੀ ਸਰਕਾਰ ਵਿੱਚ ਇਕ ਮੁੱਖ ਪਾਰਲੀਮਾਨੀ ਸਕੱਤਰ (ਸੀਪੀਐਸ) ਅਤੇ 20 ਪਾਰਲੀਮਾਨੀ ਸਕੱਤਰ (ਪੀਐਸ) ਸ਼ਾਮਲ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਮੁੱਖ ਮੰਤਰੀ ਵੱਲੋਂ ਕਾਂਗਰਸ ਦੇ ਉਨ੍ਹਾਂ ਵਿਧਾਇਕਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ, ਜਿਹੜੇ ਮੰਤਰੀਆਂ ਵਜੋਂ ਵਜ਼ਾਰਤ ਵਿੱਚ ਸ਼ਾਮਲ ਨਾ ਕੀਤੇ ਜਾਣ ਕਾਰਨ ਹਾਲ ਦੀ ਘੜੀ 'ਸੱਤਾ ਦਾ ਲਾਹਾ ਲੈਣ ਲਈ ਝੂਰ' ਰਹੇ ਹਨ।

ਆਲ੍ਹਾ ਮਿਆਰੀ ਸੂਤਰਾਂ ਨੇ ਦੱਸਿਆ ਹੈ ਕਿ ਸਰਕਾਰ ਵੱਲੋਂ 'ਪੰਜਾਬ ਚੀਫ਼ ਪਾਰਲੀਮੈਂਟਰੀ ਸੈਕਟਰੀ ਐਂਡ ਪਾਰਲੀਮੈਂਟਰੀ ਸੈਕਟਰੀ (ਅਪਾਇੰਟਮੈਂਟ, ਸੈਲਰੀਜ਼, ਅਲਾਊਂਸਿਜ਼, ਪਾਵਰ, ਪ੍ਰਿਵਿਲਿਜ ਐਂਡ ਅਮੇਨਿਟੀਜ਼) ਬਿਲ' ਨੂੰ ਕਾਨੂੰਨੀ ਰੂਪ ਦੇਣ ਲਈ ਆਰਡੀਨੈਂਸ ਜਾਰੀ ਕੀਤਾ ਜਾ ਰਿਹਾ ਹੈ। ਆਰਡੀਨੈਂਸ ਛੇਤੀ ਹੀ ਜਾਰੀ ਕੀਤੇ ਜਾਣ ਦੇ ਆਸਾਰ ਹਨ, ਤਾਂ ਕਿ ਕਾਂਗਰਸ ਦੇ ਵੱਖੋ-ਵੱਖ ਧੜਿਆਂ ਦਰਮਿਆਨ ਪੈਦਾ ਹੋ ਰਹੇ ਅਸੰਤੋਸ਼ ਨੂੰ ਘਟਾਇਆ ਜਾ ਸਕੇ ਕਿਉਂਕਿ ਇਹ ਧਿਰਾਂ ਮੁੱਖ ਮੰਤਰੀ ਦੇ ਨਾਲ ਮੁਕਾਬਲਤਨ ਕਾਫ਼ੀ 'ਛੋਟੇ' ਮੰਤਰੀ ਮੰਡਲ ਨੂੰ ਸਹੁੰ ਚੁਕਾਏ ਜਾਣ ਕਾਰਨ ਨਿਰਾਸ਼ ਹਨ।

ਕੈਪਟਨ ਅਮਰਿੰਦਰ ਸਿੰਘ ਭਾਵੇਂ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਉਹ ਵਿਧਾਨ ਸਭਾ ਦੇ ਬਜਟ ਸੈਸ਼ਨ ਤੋਂ ਪਹਿਲਾਂ ਆਪਣੀ ਕੈਬਨਿਟ ਵਿੱਚ ਵਾਧਾ ਕਰਨਗੇ, ਪਰ ਮੁੱਖ ਪਾਰਲੀਮਾਨੀ ਸਕੱਤਰ ਤੇ ਪਾਰਲੀਮਾਨੀ ਸਕੱਤਰਾਂ ਦੀਆਂ ਨਿਯੁਕਤੀਆਂ ਬਹੁਤ ਛੇਤੀ ਕੀਤੀਆਂ ਜਾਣਗੀਆਂ। ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਸਰਕਾਰ ਇਨ੍ਹਾਂ ਨਿਯੁਕਤੀਆਂ ਲਈ ਆਰਡੀਨੈਂਸ ਦਾ ਰਾਹ ਅਖ਼ਤਿਆਰ ਕਰ ਰਹੀ ਹੈ। ਗ਼ੌਰਤਲਬ ਹੈ ਕਿ ਕੋਈ ਵੀ ਆਰਡੀਨੈਂਸ ਸਿਰਫ਼ ਛੇ ਮਹੀਨਿਆਂ ਲਈ ਵੀ ਵਾਜਬ ਹੁੰਦਾ ਹੈ ਅਤੇ ਉਸ ਤੋਂ ਬਾਅਦ ਇਸ ਦੀ ਕਾਨੂੰਨੀ ਮਾਨਤਾ ਕਾਇਮ ਰੱਖਣ ਲਈ ਇਸ ਨੂੰ ਵਿਧਾਨ ਸਭਾ ਤੋਂ ਪਾਸ ਕਰਾਉਣਾ ਪੈਂਦਾ ਹੈ। ਕਾਨੂੰਨ ਮੁਤਾਬਕ ਕਿਉਂਕਿ ਮੁੱਖ ਮੰਤਰੀ ਸਮੇਤ ਪੰਜਾਬ ਕੈਬਨਿਟ ਵਿੱਚ ਵੱਧ ਤੋਂ ਵੱਧ 18 ਮੰਤਰੀ ਹੀ ਸ਼ਾਮਲ ਕੀਤੇ ਜਾ ਸਕਦੇ ਹਨ, ਇਸ ਕਾਰਨ ਸਰਕਾਰ ਨੇ ਆਪਣੇ ਹੋਰ ਵਿਧਾਇਕਾਂ ਨੂੰ ਕੁਰਸੀ ਦੇਣ ਲਈ ਪਾਰਲੀਮਾਨੀ ਸਕੱਤਰਾਂ ਦੀ ਨਿਯੁਕਤੀ ਦਾ ਰਾਹ ਲੱਭਿਆ ਹੈ। ਗ਼ੌਰਤਲਬ ਹੈ ਕਿ ਪਹਿਲਾਂ ਪੰਜਾਬ ਸਰਕਾਰ ਇਸ ਮਕਸਦ ਲਈ ਪਿਛਲੇ ਹਫ਼ਤੇ ਹੀ ਖ਼ਤਮ ਹੋਏ 15ਵੀਂ ਵਿਧਾਨ ਸਭਾ ਦੇ ਪਹਿਲੇ ਹੀ ਸੈਸ਼ਨ ਵਿੱਚ ਬਿਲ ਪੇਸ਼ ਕਰਨਾ ਚਾਹੁੰਦੀ ਸੀ, ਪਰ ਉਸ ਨੂੰ ਇਸ ਰਾਹ ਵਿੱਚ ਕਾਨੂੰਨੀ ਅੜਚਣਾਂ ਕਾਰਨ ਰੁਕਣਾ ਪਿਆ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਇਸ ਸਬੰਧੀ ਬਿਲ ਪੇਸ਼ ਕਰਨ ਅਤੇ ਮੁੱਖ ਪਾਰਲੀਮਾਨੀ ਸਕੱਤਰ ਤੇ ਪਾਰਲੀਮਾਨੀ ਸਕੱਤਰਾਂ ਦੀਆਂ ਨਿਯੁਕਤੀਆਂ ਲਈ ਵੱਖੋ-ਵੱਖ ਪੱਖਾਂ ਬਾਰੇ ਕਾਨੂੰਨੀ ਰਾਇ ਲੈਣ ਤੋਂ ਬਾਅਦ ਫ਼ੈਸਲਾ ਕੀਤਾ ਹੈ ਕਿ ਇਹ ਬਿਲ ਹੁਣ ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਪੇਸ਼ ਕੀਤਾ ਜਾਵੇਗਾ, ਜੋ ਆਗਾਮੀ ਜੂਨ ਵਿੱਚ ਹੋਵੇਗਾ।



### ਜਿਹੜੇ ਤਨਖ਼ਾਹ ਤੇ ਭੱਤੇ ਮਿਲਣਗੇ :

ਮੁੱਖ ਪਾਰਲੀਮਾਨੀ ਤੇ ਪਾਰਲੀਮਾਨੀ ਸਕੱਤਰਾਂ ਦੀ ਨਿਯੁਕਤੀ ਸੰਬੰਧੀ ਤਜਵੀਜ਼ਤ ਬਿਲ ਤਹਿਤ ਸੀਪੀਐਸ ਦੀ ਤਨਖ਼ਾਹ 40 ਹਜ਼ਾਰ ਰੁਪਏ ਅਤੇ ਪੀਐਸ ਦੀ 35 ਹਜ਼ਾਰ ਰੁਪਏ ਮਿਥੀ ਗਈ ਹੈ। ਉਨ੍ਹਾਂ ਨੂੰ ਨਾਲ ਹੀ 50 ਹਜ਼ਾਰ ਰੁਪਏ ਮਾਸਕ ਮਕਾਨ ਕਿਰਾਇਆ ਭੱਤਾ ਤੇ ਸਰਕਾਰੀ ਨਿਯਮਾਂ ਮੁਤਾਬਕ ਸਫ਼ਰ ਭੱਤਾ ਵੀ ਮਿਲੇਗਾ। ਤਜਵੀਜ਼ਤ ਬਿਲ ਮੁਤਾਬਕ ਉਨ੍ਹਾਂ ਨੂੰ ਮੰਤਰੀਆਂ ਨਾਲ ਜੋੜਿਆ ਜਾਵੇਗਾ ਪਰ ਉਹ ਕਿਸੇ ਸਰਕਾਰੀ ਫ਼ਾਇਲ ਉਤੇ ਦਸਤਖ਼ਤ ਨਹੀਂ ਕਰ ਸਕਣਗੇ।

### ਅਰੋੜਾ ਵਲੋਂ ਸਰਕਾਰ ਦੇ ਫੈਸਲੇ ਦੀ ਆਲੋਚਨਾ

ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਕੀਤੀਆਂ ਮੁੱਖ ਪਾਰਲੀਮਾਨੀ ਸਕੱਤਰਾਂ ਦੀਆਂ ਨਿਯੁਕਤੀਆਂ ਖ਼ਿਲਾਫ਼ ਪਟੀਸ਼ਨ ਦਾਇਰ ਕਰ ਕੇ ਨਿਯੁਕਤੀਆਂ ਨੂੰ ਗ਼ੈਰਸੰਵਿਧਾਨਿਕ ਕਰਾਰ ਦਿਵਾਉਣ ਵਾਲੇ ਨਾਮੀ ਵਕੀਲ ਐਚ.ਸੀ. ਅਰੋੜਾ ਨੇ ਕਿਹਾ ਕਿ ਸਰਕਾਰ ਦਾ ਇਹ ਕਦਮ ਸੰਵਿਧਾਨ ਦੀ ਧਾਰਾ 164 ਦਾ ਉਲੰਘਣ ਹੈ, ਜਿਸ ਤਹਿਤ ਕੁੱਲ ਚੁਣੇ ਹੋਏ ਨੁਮਾਇੰਦਿਆਂ ਦੇ 15 ਫ਼ੀਸਦੀ ਨੂੰ ਹੀ ਕੈਬਨਿਟ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਜੇ ਪੰਜਾਬ ਸਰਕਾਰ ਵੱਲੋਂ ਵਿਧਾਇਕਾਂ ਨੂੰ ਪਾਰਲੀਮਾਨੀ ਸਕੱਤਰ ਨਿਯੁਕਤ ਕੀਤਾ ਜਾਂਦਾ ਹੈ ਤਾਂ ਇਸ ਨੂੰ ਅਦਾਲਤ ਦੀ ਤੌਹੀਨ ਮੰਨਿਆ ਜਾਵੇਗਾ।

## ਕੈਪਟਨ ਅਮਰਿੰਦਰ ਸਿੰਘ ਨੇ ਆਪਣਾ ਵੀ ਸੁਰੱਖਿਆ ਘੇਰਾ ਘਟਾਇਆ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿੱਚੋਂ ਵੀਆਈਪੀ ਸਭਿਆਚਾਰ ਖ਼ਤਮ ਕਰਨ ਦੀ ਮੁਹਿੰਮ ਤਹਿਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਪੁਲੀਸ ਨੂੰ ਆਪਣੀ ਸੁਰੱਖਿਆ ਲਈ ਤਾਇਨਾਤ 150 ਜਵਾਨ ਅਤੇ 180 ਵਿਚੋਂ 130 ਵਾਹਨ ਵਾਪਸ ਲੈਣ ਲਈ ਕਿਹਾ ਹੈ। ਇਹ 150 ਮੁਲਾਜ਼ਮ ਵਾਪਸ ਲਏ ਗਏ ਉਨ੍ਹਾਂ 800 ਮੁਲਾਜ਼ਮਾਂ ਤੋਂ ਵੱਖਰੇ ਹਨ ਜੋ ਸਾਬਕਾ ਅਕਾਲੀ-ਭਾਜਪਾ ਸਰਕਾਰ ਸਮੇਂ ਵੱਖ ਵੱਖ ਸਿਆਸੀ ਆਗੂਆਂ ਤੇ ਸਾਬਕਾ ਸਲਾਹਕਾਰਾਂ ਦੀ ਸੁਰੱਖਿਆ ਵਿਚ ਤਾਇਨਾਤ ਸਨ।

ਸੂਤਰਾਂ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਮੁੱਖ ਮੰਤਰੀ ਦਫ਼ਤਰ ਤੋਂ ਇੰਨੇ ਸੁਰੱਖਿਆ ਮੁਲਾਜ਼ਮ ਵਾਪਸ ਭੇਜੇ ਗਏ ਹਨ। ਪੁਲੀਸ ਅਧਿਕਾਰੀਆਂ ਨੇ ਸੁਰੱਖਿਆ ਕਾਰਨਾਂ ਕਰਕੇ ਇਹ ਤਾਂ ਨਹੀਂ ਦੱਸਿਆ ਕਿ ਮੁੱਖ ਮੰਤਰੀ ਦੀ ਸੁਰੱਖਿਆ ਵਿੱਚ ਕਿੰਨੇ ਜਵਾਨ ਤਾਇਨਾਤ ਹਨ, ਪਰ ਉਨ੍ਹਾਂ ਪੰਜਾਬ ਪੁਲੀਸ ਦੇ 150 ਜਵਾਨ ਵਾਪਸ ਲੈਣ ਦੀ ਪੁਸ਼ਟੀ ਕੀਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਰਕਾਰ ਦੀ ਕਾਰਵਾਈ ਜਾਰੀ ਹੈ ਤੇ ਮੁੱਖ ਮੰਤਰੀ ਵੀਆਈਪੀ ਸਭਿਆਚਾਰ ਖ਼ਤਮ ਕਰਨ ਲਈ ਵਚਨਬੱਧ ਹਨ। ਉਨ੍ਹਾਂ ਮੰਤਰੀਆਂ ਤੇ ਕਾਂਗਰਸ ਆਗੂਆਂ ਨੂੰ ਵੀ ਆਪਣੇ ਸੁਰੱਖਿਆ ਮੁਲਾਜ਼ਮ ਘਟਾਉਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਮੁੱਖ ਮੰਤਰੀ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਤੇ ਪ੍ਰੋਟੋਕੋਲ ਮੁਤਾਬਕ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਾਈ ਜਾਵੇਗੀ। ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਵੀ ਨੀਮ-ਫੌਜੀ ਬਲਾਂ ਤੇ ਪੰਜਾਬ ਪੁਲੀਸ ਦੇ ਜਵਾਨ ਤਾਇਨਾਤ ਰਹਿਣਗੇ।

## ਕੁਝ ਪਰਿਵਾਰਾਂ ਦੀ ਅਜਾਰੇਦਾਰੀ ਤੋੜਨ ਲਈ ਤਿਆਰ ਹੋਵੇਗੀ ਨਵੀਂ ਟਰਾਂਸਪੋਰਟ ਨੀਤੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਪਟਨ ਸਰਕਾਰ ਨੇ ਪੰਜਾਬ ਵਿੱਚ ਟਰਾਂਸਪੋਰਟ ਵਿਭਾਗ ਨੂੰ ਲੀਹ 'ਤੇ ਲਿਆਉਣ ਲਈ ਵੱਡੇ ਸੁਧਾਰ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਤਹਿਤ ਅਗਲੇ ਦੋ ਹਫ਼ਤਿਆਂ ਵਿੱਚ ਨਵੀਂ ਟਰਾਂਸਪੋਰਟ ਨੀਤੀ ਕੀਤੀ ਤਿਆਰ ਕੀਤੀ ਜਾਵੇਗੀ ਜਿਸ ਦਾ ਕੇਂਦਰ ਬਿੰਦੂ ਟਰਾਂਸਪੋਰਟ 'ਤੇ ਕੁਝ ਪਰਿਵਾਰਾਂ ਦੀ ਅਜਾਰੇਦਾਰੀ ਨੂੰ ਤੋੜਨਾ ਹੋਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਟਰਾਂਸਪੋਰਟ ਵਿਭਾਗ ਦੀ ਮੀਟਿੰਗ ਦੌਰਾਨ 22 ਡੀਟੀਓ ਦਫ਼ਤਰਾਂ ਦਾ ਪੁਨਰ-ਗਠਨ ਤੇ ਪਰਮਿਟ ਅਲਾਟ ਕਰਨ ਦੀ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ ਬਣਾਉਣਾ ਦਾ ਸੁਝਾਅ ਦਿੱਤਾ ਗਿਆ। ਪਟਿਆਲਾ, ਜਲੰਧਰ, ਫ਼ਿਰੋਜ਼ਪੁਰ ਅਤੇ ਬਠਿੰਡਾ ਵਿਚ ਖੇਤਰੀ ਟਰਾਂਸਪੋਰਟ ਅਥਾਰਟੀ (ਆਰਟੀਓ) ਦੇ ਚਾਰ ਦਫ਼ਤਰਾਂ ਦਾ ਵੀ ਪੁਨਰਗਠਨ ਕੀਤਾ ਜਾਵੇਗਾ। ਹਾਈ ਕੋਰਟ ਦੇ ਹੁਕਮਾਂ ਮੁਤਾਬਕ ਨਵੀਂ ਨੀਤੀ 15 ਮਈ ਤੱਕ ਤਿਆਰ ਕਰ ਲਈ ਜਾਵੇਗੀ।

ਮੁੱਖ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਵਾਹਨਾਂ ਦੀ ਰਜਿਸਟ੍ਰੇਸ਼ਨ, ਲਾਇਸੈਂਸ ਜਾਰੀ ਕਰਨ ਅਤੇ ਵੱਖ ਵੱਖ ਸੇਵਾਵਾਂ ਨਵਿਆਉਣ ਦੇ ਕੰਮਾਂ ਵਿੱਚ ਪੇਸ਼ੇਵਾਰਾਨਾ ਪਹੁੰਚ ਅਪਣਾਉਣ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਮੋਟਰ ਵਹੀਕਲ ਅਥਾਰਿਟੀਆਂ ਨੂੰ ਐਸਡੀਐਮਜ਼ ਅਧੀਨ ਲਿਆ ਕੇ ਹੋਰ ਜਵਾਬਦੇਹ ਬਣਾਉਣ ਦੀ ਵੀ ਹਦਾਇਤ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਐਨਆਈਸੀ ਕੋਲ ਵੈੱਬ 'ਤੇ ਆਧਾਰਤ ਐਪਲੀਕੇਸ਼ਨ 'ਸਾਰਥੀ' ਡਰਾਈਵਿੰਗ ਲਾਇਸੈਂਸਾਂ ਲਈ ਤੇ 'ਵਾਹਨ' ਰਜਿਸਟਰੇਸ਼ਨ ਲਈ ਤਿਆਰ ਹਨ ਅਤੇ ਇਹ ਛੇਤੀ ਹੀ ਕੰਮ ਕਰਨੀਆਂ ਸ਼ੁਰੂ ਕਰ ਦੇਣਗੀਆਂ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸੁਝਾਅ ਦਿੱਤਾ ਕਿ ਪ੍ਰਮੁੱਖ ਅੰਤਰ-ਸ਼ਹਿਰੀ ਸੜਕਾਂ 'ਤੇ ਨਿੱਜੀ ਅਪਰੇਟਰਾਂ ਦੀ ਅਜਾਰੇਦਾਰੀ ਖ਼ਤਮ ਕਰਨ ਲਈ ਇਨ੍ਹਾਂ ਰੂਟਾਂ 'ਤੇ ਚੰਗੀਆਂ ਸਹੂਲਤਾਂ ਵਾਲੀਆਂ ਬੱਸਾਂ ਚਲਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਬੱਸਾਂ ਵਿੱਚ ਸੀਸੀਟੀਵੀ ਕੈਮਰੇ ਲਾਉਣ ਦਾ ਵੀ ਸੁਝਾਅ ਦਿੱਤਾ। ਉਨ੍ਹਾਂ ਪੰਜਾਬ ਤੇ ਗੁਆਂਢੀ ਸੂਬਿਆਂ ਵਿੱਚ ਰਜਿਸਟ੍ਰੇਸ਼ਨ ਫੀਸ ਦੀ ਨਾਬਰਾਬਰੀ ਦਾ ਮੁੱਦਾ ਉਠਾਇਆ, ਜਿਸ ਸਬੰਧੀ ਅਧਿਕਾਰੀਆਂ ਨੇ ਦੱਸਿਆ ਕਿ ਜੀਐਸਟੀ ਲਾਗੂ ਹੋਣ ਨਾਲ ਦਰਾਂ ਹੇਠਾਂ ਆ ਜਾਣਗੀਆਂ। ਮੀਟਿੰਗ ਵਿੱਚ ਫ਼ੈਸਲਾ ਕੀਤਾ ਕਿ ਟਰਾਂਸਪੋਰਟ ਵਿਭਾਗ ਬੇਰੁਜ਼ਗਾਰ ਨੌਜਵਾਨਾਂ ਨੂੰ ਸਬਸਿਡੀ ਦਰਾਂ 'ਤੇ ਹਰ ਸਾਲ ਇੱਕ ਲੱਖ ਟੈਕਸੀਆਂ, ਵਪਾਰਕ ਐਲਸੀਵੀਜ਼ ਅਤੇ ਹੋਰ ਗੱਡੀਆਂ ਮੁਹੱਈਆ ਕਰਵਾਏਗਾ। 'ਯਾਰੀ ਇੰਟਰਪ੍ਰਾਈਜ਼ਿਜ਼' ਦੇ ਨਾਂ ਹੇਠ ਵਿਭਾਗ ਨੌਜਵਾਨ ਉੱਦਮੀਆਂ ਨੂੰ ਸਬਸਿਡੀਆਂ ਤੇ ਰਿਆਇਤਾਂ ਵੀ ਮੁਹੱਈਆ ਕਰਵਾਏਗਾ। ਅਧਿਕਾਰੀਆਂ ਨੇ ਦੱਸਿਆ ਕਿ ਸੂਬੇ ਦੇ ਟਰਾਂਸਪੋਰਟ ਸੈਕਟਰ ਵਿੱਚ ਪਿਛਲੇ 5-7 ਸਾਲਾਂ ਦੌਰਾਨ ਮਾਲੀਏ ਵਿੱਚ ਵਾਧੇ ਦੀ ਦਰ ਤਕਰੀਬਨ 7-8% ਰਹੀ ਹੈ। ਸਾਲ 2016-17 ਦੇ ਵਿੱਤੀ ਸਾਲ ਦੌਰਾਨ ਨਿੱਜੀ ਲਾਈਟ ਗੱਡੀਆਂ ਤੋਂ 676 ਕਰੋੜ ਰੁਪਏ ਦਾ ਮਾਲੀਆ ਮਿਲਿਆ ਹੈ।

# ਹੁਣ ਕੈਪਟਨ ਸਰਕਾਰ 'ਤੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦਾ ਦਬਾਅ

**ਚੰਡੀਗੜ੍ਹ/ ਹਮੀਰ ਸਿੰਘ :**
ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਦੀ ਪ੍ਰਧਾਨਗੀ ਵਾਲੀ ਮੰਤਰੀ ਮੰਡਲ ਦੀ ਪਹਿਲੀ ਮੀਟਿੰਗ ਵਿੱਚ ਛੋਟੇ ਤੇ ਸੀਮਾਂਤ ਕਿਸਾਨਾਂ ਦਾ 1 ਲੱਖ ਰੁਪਏ ਤਕ ਦਾ ਫ਼ਸਲ ਕਰਜ਼ਾ ਮੁਆਫ਼ ਕੀਤੇ ਜਾਣ ਕਾਰਨ ਪੰਜਾਬ ਸਰਕਾਰ 'ਤੇ ਵਾਅਦਾ ਪੂਰਾ ਕਰਨ ਲਈ ਦਬਾਅ ਵਧ ਗਿਆ ਹੈ। ਕਾਂਗਰਸ ਪਾਰਟੀ ਨੇ ਸੱਤਾ ਵਿੱਚ ਆਉਣ ਉੱਤੇ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ ਪਰ ਅਜੇ ਤਕ ਪੰਜਾਬ ਸਰਕਾਰ ਮਾਹਰਾਂ ਦੀ ਕਮੇਟੀ ਗਠਿਤ ਕਰਨ ਦਾ ਫੈਸਲਾ ਹੀ ਲੈ ਸਕੀ ਹੈ। ਜੇਕਰ ਯੂਪੀ ਦੀ ਤਰਜ਼ ਉੱਤੇ ਵੀ ਕਰਜ਼ਾ ਮੁਆਫ਼ ਕਰਨਾ ਹੋਵੇ ਤਾਂ ਸੂਬਾ ਸਰਕਾਰ ਨੂੰ ਘੱਟੋ ਘੱਟ 33 ਹਜ਼ਾਰ ਕਰੋੜ ਰੁਪਏ ਦੀ ਲੋੜ ਪਵੇਗੀ।

ਆਰਬੀਆਈ ਨੇ ਸਟੇਟ ਲੈਵਲ ਬੈਂਕਾਂ ਨੂੰ ਛੋਟੇ ਤੇ ਸੀਮਾਂਤ ਕਿਸਾਨਾਂ ਸਿਰ ਬੈਂਕਾਂ ਦੇ ਕਰਜ਼ੇ ਦੀ ਅਲੱਗ ਤੋਂ ਦਰਜਾਬੰਦੀ ਕਰਨ ਦੀ ਹਦਾਇਤ ਕੀਤੀ ਸੀ। ਸਾਲ 2015-16 ਤਕ ਕਿਸਾਨਾਂ ਵੱਲ ਸਾਰੀਆਂ ਬੈਂਕਾਂ ਦਾ 90 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਸੀ। ਇੱਕ ਅਨੁਮਾਨ ਅਨੁਸਾਰ ਪੰਜਾਬ ਵਿੱਚ ਅਪਰੇਸ਼ਨਲ ਲੈਂਡ ਹੋਲਡਿੰਗਜ਼ ਅਨੁਸਾਰ ਬੇਸ਼ੱਕ 10.53 ਲੱਖ ਕਿਸਾਨ ਮੰਨੇ ਜਾਂਦੇ ਹਨ ਪਰ ਪੰਜਾਬ ਦੇ ਕਿਸਾਨਾਂ ਦੇ 29,76,416 ਬੈਂਕ ਖਾਤੇ ਹਨ। ਇਨ੍ਹਾਂ ਵਿੱਚੋਂ 15,13,404 ਬੈਂਕ ਖਾਤੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਹਨ। ਭਾਵ ਲਗਭਗ 50.85 ਫ਼ੀਸਦ ਖਾਤੇ ਛੋਟੇ ਤੇ ਸੀਮਾਂਤ ਕਿਸਾਨਾਂ ਦੇ ਹਨ। ਇਨ੍ਹਾਂ ਕਿਸਾਨਾਂ ਸਿਰ ਬੈਂਕ ਦੇ ਕਰਜ਼ੇ ਦਾ ਹਿੱਸਾ 37.93 ਫ਼ੀਸਦ ਬਣਦਾ ਹੈ। ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਛੋਟੇ ਤੇ ਸੀਮਾਂਤ ਕਿਸਾਨਾਂ ਸਿਰ 30,687 ਕਰੋੜ ਰੁਪਏ ਕਰਜ਼ਾ ਹੈ। ਸ਼ਾਹੂਕਾਰਾਂ ਦਾ ਕਰਜ਼ਾ ਵੱਖਰਾ ਹੈ। ਇੱਕ ਅਨੁਮਾਨ ਅਨੁਸਾਰ ਪੰਜਾਬ ਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਫਸਲੀ ਕਰਜ਼ੇ ਤੋਂ ਇਲਾਵਾ 2800 ਕਰੋੜ ਰੁਪਏ ਦੇ ਡਿਫਾਲਟਿੰਗ ਲੋਨ ਵੀ ਹਨ।

ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਗਿਆਨ ਸਿੰਘ ਦੀ ਅਗਵਾਈ ਵਿੱਚ ਕੀਤੇ ਗਏ ਸਰਵੇਖਣ ਅਨੁਸਾਰ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਦੀ ਮਾਲਕੀ ਅਨੁਸਾਰ ਕਰਜ਼ਾਈ ਸੀਮਾਂਤ ਕਿਸਾਨਾਂ ਸਿਰ ਪ੍ਰਤੀ ਏਕੜ 1,40,670.58 ਰੁਪਏ ਅਤੇ ਛੋਟੇ ਕਿਸਾਨਾਂ ਸਿਰ 1,20794.93 ਰੁਪਏ ਕਰਜ਼ਾ ਹੈ। ਇਹ ਕਿਸਾਨ ਠੇਕੇ ਉੱਤੇ ਜ਼ਮੀਨ ਲੈ ਕੇ ਵੀ ਖੇਤੀ ਕਰਦੇ ਹਨ ਇਸ ਲਈ ਆਪਣੀ ਅਤੇ ਠੇਕੇ ਉੱਤੇ ਲਈ ਵਾਹੀ ਲਈ ਜ਼ਮੀਨ ਦਾ ਅਨੁਮਾਨ ਲਗਾਇਆ ਜਾਵੇ ਤਾਂ ਸੀਮਾਂਤ ਕਿਸਾਨਾਂ ਸਿਰ ਪ੍ਰਤੀ ਏਕੜ 65,169. 42 ਰੁਪਏ ਅਤੇ ਛੋਟੇ ਕਿਸਾਨਾਂ ਸਿਰ 55573.82 ਰੁਪਏ ਕਰਜ਼ਾ ਹੈ। ਗੌਰਤਲਬ ਹੈ ਕਿ ਪੰਜਾਬ ਵਿੱਚ ਸਭ ਤੋਂ ਵੱਧ ਪੈਸਾ ਦੇਣ ਵਾਲੀਆਂ ਦੋ ਫਸਲਾਂ ਕਣਕ ਅਤੇ ਝੋਨਾ ਮੰਨੀਆਂ ਜਾਂਦੀਆਂ ਹਨ। ਸੂਬੇ ਵਿੱਚ ਝੋਨੇ ਦਾ ਔਸਤ ਝਾੜ 24 ਕੁਇੰਟਲ ਪ੍ਰਤੀ ਏਕੜ ਅਤੇ ਕਣਕ ਦਾ ਔਸਤ ਝਾੜ 18 ਕੁਇੰਟਲ ਪ੍ਰਤੀ ਏਕੜ ਮੰਨਿਆ ਜਾਂਦਾ ਹੈ। ਜੇਕਰ ਪੰਦਰਾਂ ਸੌ ਰੁਪਏ ਪ੍ਰਤੀ ਕੁਇੰਟਲ ਦੇ ਘੱਟੋ ਘੱਟ ਸਮਰਥਨ ਮੁੱਲ ਨਾਲ ਹਿਸਾਬ ਲਗਾਇਆ ਜਾਵੇ ਤਾਂ ਦੋਵੇਂ ਫਸਲਾਂ 63000 ਰੁਪਏ ਪ੍ਰਤੀ ਏਕੜ ਹੀ ਆਮਦਨ ਦਿੰਦੀਆਂ ਹਨ। ਇਹ ਆਮਦਨ ਪ੍ਰਤੀ ਏਕੜ ਕਰਜ਼ੇ ਦੇ ਅੱਧੇ ਹਿੱਸੇ ਦੇ ਨੇੜੇ ਤੇੜੇ ਹੀ ਬਣਦੀ ਹੈ। ਫ਼ਸਲਾਂ ਉੱਤੇ ਹੋਣ ਵਾਲਾ ਖਰਚ ਇਸ ਤੋਂ ਵੱਖ ਹੈ। ਸਾਲ 2014-15 ਦੌਰਾਨ ਖੇਤੀਬਾੜੀ ਤੋਂ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ 77000 ਕਰੋੜ ਹੋਣ ਦਾ ਅਨੁਮਾਨ ਹੈ। ਜੇਕਰ ਕਿਸਾਨ ਨੂੰ ਵੀਹ ਫ਼ੀਸਦ ਵੀ ਬਚਦਾ ਹੋਵੇ ਤਾਂ 15400 ਕਰੋੜ ਰੁਪਏ ਆਮਦਨ ਬਣਦੀ ਹੈ। ਕਿਸਾਨਾਂ ਸਿਰ ਕੁੱਲ ਕਰਜ਼ੇ ਦਾ 7 ਤੋਂ 18 ਫ਼ੀਸਦ ਤੱਕ ਦਾ ਔਸਤ ਵਿਆਜ ਲਗਾ ਲਿਆ ਜਾਵੇ ਤਾਂ ਉਹ 15 ਹਜ਼ਾਰ ਕਰੋੜ ਤੋਂ ਟੱਪ ਜਾਂਦਾ ਹੈ। ਖੁਰਾਕ ਅਤੇ ਖੇਤੀ ਮਾਮਲਿਆਂ ਦੇ ਮਾਹਿਰ ਦਵਿੰਦਰ ਸ਼ਰਮਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੇ ਕਰਜ਼ਾ ਮੁਆਫ਼ੀ ਨੂੰ ਰਾਜਾਂ ਸਿਰ ਛੱਡ ਦੇਣਾ ਕਿਸਾਨਾਂ ਨਾਲ ਵਧੀਕੀ ਹੈ ਕਿਉਂਕਿ ਕੇਂਦਰ ਸਰਕਾਰ ਉਦਯੋਗਿਕ ਘਰਾਣਿਆਂ ਦਾ ਲਗਪਗ ਚਾਰ ਲੱਖ ਕਰੋੜ ਦੇ ਬਰਾਬਰ ਨਾ ਮੋੜਿਆ ਜਾਣ ਵਾਲਾ (ਐਨ.ਪੀ.ਏ.) ਕਰਜ਼ਾ ਮੁਆਫ਼ ਕਰਨ ਲਈ ਕਿਉਂ ਤਿਆਰ ਹੋ ਜਾਂਦੀ ਹੈ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਭੁਪਿੰਦਰ ਸਿੰਘ ਮਾਨ ਨੇ ਯੂਪੀ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਆਪਣਾ ਵਾਅਦਾ ਨਿਭਾਵੇ।






# ਖ਼ਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ

# ਲੱਖ ਲੱਖ ਵਧਾਈਆਂ

ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਦੇਸ ਪ੍ਰਦੇਸ
ਵਿਚ ਵਸਣ ਵਾਲੀ ਸਿੱਖ ਕੌਮ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ।

## ਵਲੋਂ : ਜਸਵੰਤ ਸਿੰਘ, ਜੈਸੀ ਟੈਕਸ ਸਰਵਿਸ

# JESSIE TAX SERVICES

**Specializing In:**

- Comprehensive Tax Return Preparation (Including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

**Our Goals :**

* Minimum Tax
* Reasonable Charges
* Open All Year Round
* Client Satisfaction
* Solve Tax Problems

**By Appointment Only**




1491 South Wolfe Road, Sunnyvale, CA 94087

Ph: 408.736.2451, Fax: 408.736.8626

E-mail: jessie@jessietax.com • www.jessietax.com

# ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ

**1930 Sikh Temple Street, Stockton CA 95206**

**(A Historical Land Mark of CA-USA) ਵਿਖੇ (1912 – 2017)**

**ਖਾਲਸਾ ਪੰਥ ਦੇ 319ਵੇਂ ਸਾਜਨਾ ਦਿਵਸ ਮੌਕੇ ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ**

# 19ਵੇਂ ਮਹਾਨ ਨਗਰ ਕੀਰਤਨ



## ਮੌਕੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿੱਮਰ ਬੇਨਤੀ ਹੈ ਕਿ 16 ਅਪ੍ਰੈਲ 2017 ਦਿਨ ਐਤਵਾਰ ਨੂੰ ਗ਼ਦਰੀ ਬਾਬਿਆਂ ਦੇ ਇਤਿਹਾਸਿਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖ਼ਾਲਸੇ ਦਾ 319ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਯਾਤਰਾ ਪਿੱਛੋਂ ਗੁਰੂ-ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ-ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੱਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫ਼ਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

- ਸ੍ਰੀ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋ ਚੁੱਕੀ ਹੈ। ਇਸ ਦੀ ਸੇਵਾ ਜਾਂ ਜਾਣਕਾਰੀ ਲਈ ਗੁਰੂਘਰ ਦੇ ਫੋਨ ਨੰ. 209-625-7500 ਜਾਂ ਭਾਈ ਅਮਰੀਕ ਸਿੰਘ 209-275-3505 'ਤੇ ਸੰਪਰਕ ਕਰ ਸਕਦੇ ਹੋ।
- ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿਚ ਗੁਰਦੁਆਰਾ ਸਾਹਿਬ ਵਿਖੇ 1 ਅਪ੍ਰੈਲ ਤੋਂ 16 ਅਪ੍ਰੈਲ 2017 ਤੱਕ ਰੋਜ਼ਾਨਾ ਸ਼ਾਮ 5:30 ਵਜੇ ਤੋਂ ਰਾਤ ਤੱਕ ਕੀਰਤਨ ਦਰਬਾਰ ਹੋਇਆ ਕਰੇਗਾ।
- ਭਾਈ ਪਿੰਦਰਪਾਲ ਸਿੰਘ ਜੀ 5 ਅਪ੍ਰੈਲ ਤੋਂ 16 ਅਪ੍ਰੈਲ (ਕਥਾਵਾਚਕ), ਭਾਈ ਸੁਲੱਖਣ ਸਿੰਘ ਜੀ ਰਿਆੜ 1 ਅਪ੍ਰੈਲ ਤੋਂ 16 ਅਪ੍ਰੈਲ 2017 (ਕਵੀਸ਼ਰੀ ਜਥਾ), ਹਜ਼ੂਰੀ ਰਾਗੀ ਭਾਈ ਹਰਪ੍ਰੀਤ ਸਿੰਘ ਜੀ ਦਰਬਾਰ ਸਾਹਿਬ ਵਾਲੇ (5 ਅਪ੍ਰੈਲ ਤੋਂ 16 ਅਪ੍ਰੈਲ ਤੱਕ ਕੀਰਤਨ ਕਰਨਗੇ) ਭਾਈ ਮਹਿਲ ਸਿੰਘ (8 ਅਪ੍ਰੈਲ ਤੋਂ 16 ਅਪ੍ਰੈਲ ਕਵੀਸ਼ਰੀ ਜਥਾ) ਹਾਜ਼ਰੀ ਭਰਦੇ ਹੋਏ ਸੰਗਤਾਂ ਨੂੰ ਨਿਹਾਲ ਕਰਨਗੇ। ਹੋਰ ਜਾਣਕਾਰੀ ਲਈ ਸੰਪਰਕ ਕਰੋ ਗੁਰਦੁਆਰਾ ਸਾਹਿਬ ਦੇ ਸੈਕਟਰੀ ਭਾਈ ਜਤਿੰਦਰ ਸਿੰਘ ਫੋਨ ਨੰ. 209-993-7954 ਜਾਂ ਅਸਿਸਟੈਂਟ ਸੈਕਟਰੀ ਭਾਈ ਅਮਰਜੀਤ ਸਿੰਘ ਤੁੰਗ 209-954-2881
- 16 ਅਪ੍ਰੈਲ ਨੂੰ ਨਗਰ ਕੀਰਤਨ ਵਾਲ਼ੇ ਦਿਨ ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਉਥੋਂ ਸੰਗਤਾਂ ਦੇ ਗੁਰਦਵਾਰਾ ਸਾਹਿਬ ਪਹੁੰਚਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।
  Please follow the Parking Signs or this Link:-https://sanjoaquinfairgrounds.com/information/directions/
- ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 15 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਕੀਤੀ ਜਾਵੇਗੀ।

**ਹੋਰ ਜਾਣਕਾਰੀ ਲਈ : ਭਾਈ ਹਰਮੋਹਿੰਦਰ ਸਿੰਘ 408-449-9261 ਅਤੇ ਭਾਈ ਅਮਰਦੀਪ ਸਿੰਘ 209-518-1585**

**ਅੰਮ੍ਰਿਤ ਸੰਚਾਰ :** 15 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਜੀ। ਅੰਮ੍ਰਿਤ-ਅਭਿਲਾਖੀ ਸੱਜਣਾਂ ਨੂੰ ਬੇਨਤੀ ਹੈ ਕਿ ਆਪਣੇ ਨਾਮ ਭਾਈ ਮੁਖਤਿਆਰ ਸਿੰਘ ਨੂੰ ਫੋਨ ਨੰਬਰ 209-808-3474 ਤੇ ਕਾਲ ਕਰਕੇ ਲਿਖਵਾ ਸਕਦੇ ਹੋ, ਅਤੇ ਕਕਾਰਾਂ ਦੀ ਸੇਵਾ ਗੁਰੂਘਰ ਵੱਲੋਂ ਕੀਤੀ ਜਾਵੇਗੀ।

ਵਿਸਾਖੀ ਦਾ ਸਾਰਾ ਪ੍ਰੋਗਰਾਮ ਗੁਰੂਘਰ ਦੀ ਵੈਬਸਾਈਟ www.stocktongurdwarasahib.org 'ਤੇ ਸਾਰਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ।

**ਗੁਰੂ ਦੇ ਲੰਗਰਾਂ ਦੀ ਸੇਵਾ ਕਰਨ ਲਈ ਤੇ ਸਟਾਲ ਲਗਾਉਣ ਲਈ ਸੰਪਰਕ ਕਰੋ**

ਬੀਬੀ ਸਰਬਜੀਤ ਕੌਰ 209 430 9415
ਰਾਮ ਸਿੰਘ ਮੰਡੇਰ ਮੈਨੇਜਰ 209 395 6552
ਨਰਜਿੰਦਰ ਸਿੰਘ ਘੁੰਮਣ 209 636 3247

**ਨਗਰ ਕੀਰਤਨ ਵਿਚ ਫਲੋਟ ਲਗਾਉਣ ਲਈ ਸੰਪਰਕ ਕਰੋ**

ਹਰਨੇਕ ਸਿੰਘ ਅਟਵਾਲ 209-351-5965
ਬਲਵਿੰਦਰ ਸਿੰਘ 209-456-3210
ਗੁਲਵਿੰਦਰ ਸਿੰਘ ਗਾਖਲ 209-487-3699
ਕੁਲਜੀਤ ਸਿੰਘ ਨਿੱਝਰ

**The address of FREE CAR PARKING LOT IS**

1658, SOUTH AIRPORT WAY, STOCKTON, CA-95206 (TELEPHONE # 209-466-5041)

DIRECTION=> From I-5 South or North=> EXIT MARTIN LUTHER KING (EAST) => TURN RIGHT ON AIRPORT WAY => KEEP IN THE LEFT LANE, YOU WILL SEE PARKING LOT ON THE LEFT HAND SIDE.

**ਸਿਕਿਉਰਿਟੀ (Security) ਦੇ ਖਾਸ ਪ੍ਰਬੰਧ ਕੀਤੇ ਗਏ ਹਨ।**



ਭਾਈ ਪਿੰਦਰਪਾਲ ਸਿੰਘ | ਭਾਈ ਸੁਲੱਖਣ ਸਿੰਘ ਦਾ ਕਵੀਸ਼ਰੀ ਜਥਾ | ਹਜ਼ੂਰੀ ਰਾਗੀ ਗੁਰੂਘਰ ਸਟਾਕਟਨ | ਹਜ਼ੂਰੀ ਰਾਗੀ ਜਥਾ ਭਾਈ ਹਰਪ੍ਰੀਤ ਸਿੰਘ ਜੀ ਦਰਬਾਰ ਸਾਹਿਬ ਵਾਲੇ | ਭਾਈ ਮਹਿਲ ਸਿੰਘ ਦਾ ਕਵੀਸ਼ਰੀ ਜਥਾ

## ਦਾਸ : ਸਮੂਹ ਸਾਧ-ਸੰਗਤ ਤੇ ਪ੍ਰਬੰਧਕ ਕਮੇਟੀ, ਗੁਰਦੁਆਰਾ ਸਾਹਿਬ ਸਟਾਕਟਨ

**Email: stocktongurdwarasahib@gmail.com, www.stocktongurdwarasahib.org**

ਗੁਰਦੁਆਰਾ ਸਾਹਿਬ ਵਿਖੇ ਦਸਤਾਰ ਦਿਵਸ 15 ਅਪ੍ਰੈਲ ਨੂੰ ਮਨਾਇਆ ਜਾਵੇਗਾ

| | | |
|---|---|---|
| **President** | **Secretary** | **Treasurer** |
| Gulwinder Singh Gakhal | Jatinder Singh Pamma | Ranjit Singh Chandowalia |
| 209-487-3699 | 209-993-7954 | 209-649-3993 |
| **Vice President** | **Assistant Secretary** | **Assistant Treasurer** |
| Manjit Singh Mukerian | Amarjit Singh Tung | Paramprit Singh Nijjar |
| 209-992-1122 | 209-954-2881 | 510-377-5320 |



ਨੌਜਵਾਨ ਸਿੱਖ ਆਗੂ 7-Eleven ਸਟੋਰਾਂ ਦੀ ਫਰੈਂਚਾਇਜ਼ੀ ਬੋਰਡ ਦੀ
ਯੂਨੀਅਨ ਦੇ ਇਲੈਕਟਡ ਮੈਂਬਰ, ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਤੇ
ਉਘੇ ਬਿਜ਼ਨਸਮੈਨ ਸਰਦਾਰ ਅਜਮੇਰ ਸਿੰਘ ਨਿੱਜਰ (ਬਿੱਟੂ) ਵਲੋਂ

ਖ਼ਾਲਸਾ ਪੰਥ ਦੇ ਸਿਰਜਣਾ ਦਿਵਸ ਦੀਆਂ

**ਲੱਖ ਲੱਖ ਵਧਾਈਆਂ**

ਅਜਮੇਰ ਸਿੰਘ ਨਿੱਜਰ (ਬਿੱਟੂ)





ਅੰਮ੍ਰਿਤਪਾਲ ਸਿੰਘ ਕਲੇਰ
ਵਲੋਂ ਸਮੂਹ ਪੰਜਾਬੀ
ਭਾਈਚਾਰੇ ਨੂੰ ਖਾਲਸੇ ਦੇ
ਸਾਜਨਾ ਦਿਵਸ ਅਤੇ
ਵਿਸਾਖੀ ਦੀਆਂ

**ਲੱਖ ਲੱਖ ਵਧਾਈਆਂ**

ਜ਼ਰੂਰੀ ਬੇਨਤੀ : ਜੇਕਰ ਆਪ ਜੀ ਸਿਆਟਲ (ਵਾਸ਼ਿੰਗਟਨ) ਏਰੀਏ ਵਿਚ ਕਿਸੇ ਵੀ ਤਰ੍ਹਾਂ
ਦੀ ਪ੍ਰਾਪਰਟੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ ਤਾਂ ਹਮੇਸ਼ਾ ਇਕੋ ਨਾਮ ਯਾਦ ਰੱਖੀਏ

**BETTER PROPERTIES KENT**

ਭਰੋਸੇਮੰਦ ਏਜੰਟ ਅੰਮ੍ਰਿਤਪਾਲ ਸਿੰਘ ਕਲੇਰ

**Ph. 1-253-670-4877 Fax : 1-253-852-5445**

Email : amrit.betterproperties@gmail.com • web : www.betterpropertieskent.com



ਅੰਮ੍ਰਿਤਪਾਲ ਸਿੰਘ ਕਲੇਰ



ਖਾਲਸਾ ਮੇਰੋ ਰੂਪ ਹੈ ਖਾਸ ॥
ਖਾਲਸੇ ਮਹਿ ਹੌ ਕਰੋ ਨਿਵਾਸ ॥

# ਸਮੂਹ ਸਿੱਖ ਭਾਈਚਾਰੇ ਨੂੰ ਪਰਮਿੰਦਰ ਸਿੰਘ ਵਾਲੀਆ ਅਤੇ ਪਰਿਵਾਰ ਵਲੋਂ

# ਖ਼ਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ ਲੱਖ ਵਧਾਈਆਂ

ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਸਿੱਖਾਂ ਨੂੰ ਚੜ੍ਹਦੀ ਕਲਾ ਬਖ਼ਸ਼ੋ ਜੀ।



ਪਰਮਿੰਦਰ ਸਿੰਘ ਵਾਲੀਆ ਅਤੇ ਪਰਿਵਾਰ

ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਸਿੱਖ ਭਾਈਚਾਰੇ ਨੂੰ

# ਖਾਲਸਾ ਪੰਥ ਦੇ ਸਾਜਨਾ ਦਿਸਵ ਅਤੇ ਵਿਸਾਖੀ ਦੀਆਂ

# ਲੱਖ ਲੱਖ ਵਧਾਈਆਂ



ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ



ਸਿਮਰਨਜੀਤ ਸਿੰਘ ਮਾਨ

ਜਾਰੀ ਕਰਤਾ :

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ,
ਸ਼ਿਕਾਗੋ ਯੂਨਿਟ ਦੇ ਸਮੂਹ ਮੈਂਬਰ




ੴ
Happy Vaisakhi!
ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
Manjit Singh Sahni
Gurjit Singh Sahni
(847)414-9834


ਸਿੱਖ ਜਗਤ ਨੂੰ ਖਾਲਸਾ ਸਾਜਨਾ ਦਿਵਸ ਦੀਆਂ
ਲੱਖ ਲੱਖ ਵਧਾਈਆਂ
ਵਲੋਂ : ਹਨਵੰਤ ਬੀਰ ਸਿੰਘ ਸਾਹਨੀ, ਜਸਪ੍ਰੀਤ ਸਿੰਘ ਸਾਹਨੀ
(626)369-3305





ਖ਼ਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ
ਦੀਆਂ ਸਮੂਹ ਸਿੱਖ ਭਾਈਚਾਰੇ ਨੂੰ
ਲੱਖ ਲੱਖ ਵਧਾਈਆਂ

ਵੱਲੋਂ : ਸੁਭਆਸ ਸਿੰਘ, ਚੇਅਰਮੈਨ ਸੰਵਿਧਾਨ ਕਮੇਟੀ ਗੁਰਦੁਆਰਾ ਸਾਹਿਬ ਪੈਲਾਟਾਈਨ ਸ਼ਿਕਾਗੋ

# ਸ੍ਰੀ ਗੁਰੂ ਸਿੰਘ ਸਭਾ ਵਾਲਨਟ

20001, E Walnut Drive South, Walnut CA 91789 • Ph: 909.869.6165

## ਵਿਸਾਖੀ-ਖਾਲਸਾ ਸਾਜਣਾ ਦਿਵਸ

14, 15 ਅਤੇ 16 ਅਪ੍ਰੈਲ 2017

### ਪ੍ਰੋਗਰਾਮ

**ਸ਼ੁਕਰਵਾਰ 14 ਅਪ੍ਰੈਲ 2017** : ਢਾਡੀ ਜਥਾ ਗਿਆਨੀ ਕੁਲਜੀਤ ਸਿੰਘ ਦਿਲਬਰ
ਨਵਾਂ ਸ਼ਹਿਰ ਵਾਲੇ ਸ਼ਾਮੀਂ 6:00 ਵਜੇ ਤੋਂ 8:30 ਵਜੇ ਤੱਕ
**ਸ਼ਨਿਚਰਵਾਰ 15 ਅਪ੍ਰੈਲ 2017** : ਢਾਡੀ ਜਥਾ ਗਿਆਨੀ ਕੁਲਜੀਤ ਸਿੰਘ ਦਿਲਬਰ
ਨਵਾਂ ਸ਼ਹਿਰ ਵਾਲੇ ਸ਼ਾਮੀਂ 6:00 ਵਜੇ ਤੋਂ 8:30 ਵਜੇ ਤੱਕ
**ਐਤਵਾਰ 16 ਅਪ੍ਰੈਲ 2017** : ਕੀਰਤਨ ਆਸਾ ਦੀ ਵਾਰ
ਸਵੇਰੇ 8:00 ਵਜੇ ਤੋਂ 11:00 ਵਜੇ ਤੱਕ
**ਕੀਰਤਨ:** ਬੀਬੀਆਂ ਦਾ ਜਥਾ ਅਤੇ ਗੁਰੂ ਅੰਗਦ ਦੇਵ ਚਿਲਡਰਨ ਅਕੈਡਮੀ ਦੇ
ਬੱਚਿਆਂ ਵਲੋਂ ਸਵੇਰੇ 11:00 ਵਜੇ ਤੋਂ 11:45 ਵਜੇ ਤੱਕ
**ਕੀਰਤਨ ਹਜ਼ੂਰੀ ਰਾਗੀ ਜਥੇ** : ਭਾਈ ਸੁਖਦੇਵ ਸਿੰਘ ਅਤੇ ਭਾਈ ਰਘਬੀਰ ਸਿੰਘ ਜੀ
ਸਵੇਰੇ 11:45 ਵਜੇ ਤੋਂ ਬਾਅਦ ਦੁਪਹਿਰ 12:45 ਵਜੇ ਤੱਕ
**ਸ੍ਰੀ ਅਖੰਡ ਪਾਠ ਅਤੇ ਲੰਗਰ ਦੀ ਸੇਵਾ** : ਨਰਿੰਦਰ ਸਿੰਘ ਢਿਲੋਂ ਪਰਿਵਾਰ ਵਲੋਂ
ਚਾਹ, ਸਨੈਕਸ, ਪਕੌੜਿਆਂ ਅਤੇ ਮਠਿਆਈਆਂ ਦੀ ਸੇਵਾ ਤਿੰਨੋਂ ਦਿਨ ਜਾਰੀ ਰਹੇਗੀ
**ਨੋਟ** : 21, 22 ਅਤੇ 23 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਰਘਬੀਰ ਸਿੰਘ
ਜੀ ਤੇ ਪਰਿਵਾਰ ਵਲੋਂ ਸਭਨਾਂ ਸੰਗਤਾਂ ਨੂੰ ਪੁੱਜਣ ਦੀ ਬੇਨਤੀ ਹੈ ਜੀ।



ਕੀਰਤਨ ਅਤੇ ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਕਾਲ ਕਰੋ:
ਹਨਵੰਤਬੀਰ ਸਿੰਘ ਸਾਹਨੀ (626) 369-3305 ਜਾਂ
ਭਾਈ ਰਘਬੀਰ ਸਿੰਘ ਜੀ (626) 833-8240

### ਸੇਵਾਦਾਰ ਗੁਰਦੁਆਰਾ ਵਾਲਨਟ

- ਸਤਪਾਲ ਸਿੰਘ ਘੋਤਰਾ-(909) 569-9545
- ਸੁਰਿੰਦਰ ਸਿੰਘ ਭੋਗਲ-(909) 861-5767
- ਗੁਰਬਚਨ ਸਿੰਘ ਜੁਨੇਜਾ-(909) 228-1556
- ਕੁਲਬੀਰ ਸਿੰਘ ਭੁੱਲਰ-(626) 675-2233
- ਜਗਜੀਤ ਸਿੰਘ ਇਰਾਨੀ-(626) 239-5621

**Shri Guru Singh Sabha Walnut**
20001 E. Walnut Dr. South Walnut, CA 91789 (909) 869-6165



# ਖਾਲਸਾ ਪੰਥ ਦੇ ਸਿਰਜਨਾ ਦਿਵਸ
# ਵਿਸਾਖੀ
## ਦੀ ਲੱਖ ਲੱਖ ਵਧਾਈਆਂ ਜੀ।

ਗੁਰਦੁਆਰਾ ਸਾਹਿਬ
ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

AT GURDWARA SAHIB
KHALSA CARE FOUNDATION

9989 Laurel Canyon Blvd, Pacoima CA 91331



**16 APRIL (SUNDAY) & 23 APRIL (SUNDAY)**

11.00 am - 01.00 pm KIRTAN BY SANT ANOOP SINGH JI

**17 APRIL (MONDAY) TO 22 APRIL (SATURDAY)**

06.30 pm - 08.30 pm KIRTAN BY SANT ANOOP SINGH JI

on 21st April Five Sri Akhand Paath Sahib Aarambh at 10am &
Bhog of Sri Akhand Paath Sahib On 23rd at 10am

On 22nd April, Saturday
AMRIT SANCHAR
at 12 noon




BHAI KANHAIYA JEE LANGAR SEWA DAL
FOR MORE INFORMATION PLEASE CONTACT:
BALDEV SINGH (818) 468-9595 BALWINDER SINGH (818) 404-0811
MAKHAN SINGH (661) 225-7157 PARAMJIT SINGH (626) 354-6653



ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌਂ ਕਰੋ ਨਿਵਾਸ ॥



ਗੁਰਮੀਤ ਸਿੰਘ ਗਾਖ਼ਲ,
ਸਰਦਾਰਨੀ ਗੁਰਮੀਤ ਕੌਰ ਗਾਖਲ,
ਉਨ੍ਹਾਂ ਦੇ ਸਪੁੱਤਰ ਨਿੱਕ ਗਾਖ਼ਲ
ਅਤੇ ਕਿੱਟ ਗਾਖ਼ਲ ਦੇ
ਸਮੂਹ ਪਰਿਵਾਰਕ ਮੈਂਬਰਾਂ ਵਲੋਂ



ਖ਼ਾਲਸਾ ਪੰਥ ਦੇ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ

# ਲੱਖ ਲੱਖ ਵਧਾਈਆਂ

ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ
ਸਿੱਖਾਂ ਨੂੰ ਚੜ੍ਹਦੀ ਕਲਾ ਬਖ਼ਸ਼ੇ ਜੀ।


ਸਮੂਹ ਸਿਖ ਪੰਥ ਤੇ ਪੰਜਾਬੀ ਭਾਈਚਾਰੇ ਨੂੰ
ਖ਼ਾਲਸਾ ਦੇ ਸਾਜਨਾ ਦਿਵਸ ਦੀਆਂ
ਲੱਖ ਲੱਖ ਵਧਾਈਆਂ
ਪੰਜਾਬੀ ਭਾਈਚਾਰੇ ਦੇ ਨਿਸ਼ਕਾਮ ਸੇਵਕ ਗੁਰਮੇਜ ਸਿੰਘ ਗਿੱਲ,
ਡਾ. ਬਲਜੀਤ ਸਿੰਘ ਗਿੱਲ, ਗੁਰਜੰਟ ਸਿੰਘ ਗਿੱਲ,
ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ) ਅਤੇ ਸਮੂਹ ਪਰਿਵਾਰ
ਵਲੋਂ : ਗਿੱਲ ਬ੍ਰਦਰਜ਼
530-681-3112

ਵਿਸਾਖੀ ਮੁਬਾਰਿਕ TO CELEBRATE ਵਿਸਾਖੀ ਮੁਬਾਰਿਕ

VAISAKHI

# PUNJABI CULTURAL SOCIETY

of Chicago

PROUDLY PRESENTS MOST POPULAR SHOW IN CHICAGOLAND FOR 23 YEARS

# RANGLA PUNJAB 2017

on

**SATURDAY, April 29th, 2017**

7:00 p.m. sharp

**MEADOWS CLUB**

**2950 W Golf Rd. Rolling Meadows, Il. 60008**

ENJOY A COLORFUL FAMILY STYLE EVENING FULL OF EXCITEMENT

# ਰੰਗਲਾ ਪੰਜਾਬ

**Bhangra, Gidha, Children's Items, Bolian, Dances, Punjabi skits and much more.**



Admission Donation: $20, $50, $100/V.I.P. Front row reserved seats, Children under 10 yr. Free,

(Dinner included w/$100 tickets)

SPONSORS are encouraged, will be appropriately recognized at the show

Advance Purchase is encouraged, Purchase your tickets ASAP, Make your check Payable to P.C.S.

for further information please contact:

ਪੰਜਾਬੀ ਸਭਿਆਚਾਰਕ ਸਭਾ (847) 359-5PCS

**PUNJABI CULTURAL SOCIETY**

of Chicago

P. O. BOX 1244, PALATINE, IL. 60078 E-mail info@PCSChicago.org

Facebook: PUNJABI CULTURAL SOCIETY OF CHICAGO www.PCSChicago.org

P.C.S. is a not for profit organization promoting Punjabi Culture, Language Sports & Performing Arts.

# ਵਿਸਾਖੀ ਨੂੰ ਖ਼ਾਲਸਾ ਸਥਾਪਨਾ ਦਿਵਸ ਵਜੋਂ ਮਨਾਉਣ ਸਬੰਧੀ ਅਮਰੀਕੀ ਸੰਸਦ ਦੇ ਫੈਸਲੇ ਦਾ ਸਿੱਖ ਭਾਈਚਾਰੇ ਵਲੋਂ ਸਵਾਗਤ

## ਸੰਗਤਾਂ ਵਿੱਚ ਭਾਰੀ ਉਤਸ਼ਾਹ, ਗੁਰੂ ਘਰਾਂ ਵਿੱਚ ਸਭਨੀਂ ਥਾਈਂ ਖ਼ੁਸ਼ੀਆਂ ਅਤੇ ਜਸ਼ਨ ਦਾ ਮਾਹੌਲ
















ਵਲੋਂ : ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਫ਼ੋਨ : 408-898-7056

# ਵਿਰੋਧੀ ਧਿਰ ਦੇ ਆਗੂ ਲਈ ਨਿਰਧਾਰਤ ਰਿਹਾਇਸ਼ ਨਾ ਮਿਲਣ 'ਤੇ ਫੂਲਕਾ ਨੇ ਸੈਕਟਰ 16 ਵਾਲੀ ਕੋਠੀ ਠੁਕਰਾਈ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਐਚ ਐਸ ਫੂਲਕਾ ਨੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਸੈਕਟਰ 16 ਵਿੱਚ ਅਲਾਟ ਕੀਤੀ ਸਰਕਾਰੀ ਕੋਠੀ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਸ੍ਰੀ ਫੂਲਕਾ ਪੰਜਾਬ ਭਵਨ ਵਿੱਚ ਰਾਤਾਂ ਕੱਟ ਕੇ ਡੰਗ ਟਪਾ ਰਹੇ ਹਨ। ਸ੍ਰੀ ਫੂਲਕਾ ਨੇ ਦੋਸ਼ ਲਾਇਆ ਕਿ ਸਰਕਾਰ ਨੇ ਵਿਰੋਧੀ ਧਿਰ ਦੇ ਆਗੂ ਲਈ ਸੈਕਟਰ 2 ਸਥਿਤ ਨਿਰਧਾਰਿਤ ਕੋਠੀ ਨੰਬਰ 46 ਦੇਣ ਦੀ ਥਾਂ ਸੈਕਟਰ 16 ਵਿੱਚ ਕੋਠੀ ਨੰਬਰ 500 ਅਲਾਟ ਕੀਤੀ ਹੈ। ਦੱਸਣਯੋਗ ਹੈ ਕਿ ਬਾਦਲ ਸਰਕਾਰ ਵੇਲੇ ਜਦੋਂ ਕਾਂਗਰਸ ਪਾਰਟੀ ਦੇ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਨੂੰ ਸੈਕਟਰ 16 ਵਾਲੀ ਇਹ ਕੋਠੀ ਅਲਾਟ ਕੀਤੀ ਸੀ ਤਾਂ ਉਨ੍ਹਾਂ ਵੀ ਇਸ ਰਿਹਾਇਸ਼ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਫਿਰ ਸਰਕਾਰ ਨੇ ਬਾਅਦ ਵਿਚ ਉਨ੍ਹਾਂ ਨੂੰ ਸੈਕਟਰ 2 ਵਾਲੀ ਕੋਠੀ ਨੰਬਰ 46 ਹੀ ਅਲਾਟ ਕੀਤੀ ਸੀ। ਸ੍ਰੀ ਫੂਲਕਾ ਨੇ ਕਿਹਾ ਕਿ ਸੈਕਟਰ 2 ਸਥਿਤ ਕੋਠੀ ਨੰਬਰ 46 ਹੀ ਸ਼ੁਰੂ ਤੋਂ ਵਿਰੋਧੀ ਧਿਰ ਦੇ ਆਗੂ ਨੂੰ ਮੁਹੱਈਆ ਕਰਨ ਦੀ ਰਵਾਇਤ ਹੈ ਪਰ ਸਰਕਾਰ ਉਨ੍ਹਾਂ ਨੂੰ ਅਹੁਦੇ ਦੇ ਪੱਧਰ ਵਾਲੀ ਕੋਠੀ ਨਾ ਦੇ ਕੇ ਵਿਰੋਧੀ ਧਿਰ ਨੂੰ ਬਣਦੀ ਮਹੱਤਤਾ ਨਹੀਂ ਦੇ ਰਹੀ। ਦੱਸਣਯੋਗ ਹੈ ਕਿ ਸੈਕਟਰ 2 ਵਾਲੀ ਕੋਠੀ ਪਹਿਲਾਂ ਵਿਰੋਧੀ ਧਿਰ ਦੇ ਆਗੂ ਚਰਨਜੀਤ ਸਿੰਘ ਚੰਨੀ ਕੋਲ ਸੀ ਅਤੇ ਹੁਣ ਮੰਤਰੀ ਬਣਨ ਤੋਂ ਬਾਅਦ ਉਹ ਉਥੇ ਹੀ ਡੱਟੇ ਹੋਏ ਹਨ। ਸ੍ਰੀ ਫੂਲਕਾ ਨੇ ਦੱਸਿਆ ਕਿ ਉਨ੍ਹਾਂ ਸਰਕਾਰ ਵੱਲੋਂ ਸੈਕਟਰ 16 ਵਿੱਚ ਕੋਠੀ ਦੇਣ ਦੀ ਪੇਸ਼ਕਸ਼ ਠੁਕਰਾ ਦਿੱਤੀ ਹੈ। ਉਨ੍ਹਾਂ ਹੈਰਾਨੀ ਜ਼ਾਹਰ ਕੀਤੀ ਕਿ ਜਿਸ ਕੋਠੀ ਨੂੰ ਪਹਿਲਾਂ ਕਾਂਗਰਸ ਦੇ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਠੁਕਰਾ ਚੁੱਕੇ ਹਨ, ਹੁਣ ਕਾਂਗਰਸ ਸਰਕਾਰ ਹੀ ਉਸ ਕੋਠੀ ਨੂੰ ਵਿਰੋਧੀ ਧਿਰ ਦੇ ਆਗੂ ਨੂੰ ਅਲਾਟ ਕਰ ਰਹੀ ਹੈ। ਦੂਜੇ ਪਾਸੇ ਸਰਕਾਰੀ ਸੂਤਰਾਂ ਅਨੁਸਾਰ ਵਿਰੋਧੀ ਧਿਰ ਦੇ ਆਗੂ ਨੂੰ ਸੈਕਟਰ 2 ਦੀ ਕੋਠੀ ਨੰਬਰ 46 ਹੀ ਦੇਣ ਦਾ ਕੋਈ ਨਿਯਮ ਨਹੀਂ ਹੈ ਅਤੇ ਵਿਰੋਧੀ ਧਿਰ ਫਜ਼ੂਲ ਦਾ ਮੁੱਦਾ ਖੜ੍ਹਾ ਕਰ ਰਹੀ ਹੈ। ਪਤਾ ਲੱਗਾ ਹੈ ਕਿ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਮੰਤਰੀ ਸ੍ਰੀ ਚੰਨੀ ਨੇ ਸੈਕਟਰ 2 ਵਾਲੀ ਕੋਠੀ ਖਾਲੀ ਕਰਨ ਤੋਂ ਇਨਕਾਰ ਕਰ ਦਿਤਾ ਹੈ।



# ਜੈ ਸਿੰਘ ਗਿੱਲ ਤਨਖਾਹ ਕਮਿਸ਼ਨ ਦੇ ਚੇਅਰਮੈਨ ਬਣੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਨੇ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਲਈ ਸਾਬਕਾ ਮੁੱਖ ਸਕੱਤਰ ਜੈ ਸਿੰਘ ਗਿੱਲ ਨੂੰ ਚੇਅਰਮੈਨ ਨਿਯੁਕਤ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਪਿਛਲੀ ਬਾਦਲ ਸਰਕਾਰ ਨੇ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਆਰਐੱਸ ਮਾਨ ਨੂੰ ਤਨਖਾਹ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਸੀ ਪਰ ਸੱਤਾ ਤਬਦੀਲੀ ਤੋਂ ਬਾਅਦ ਸ੍ਰੀ ਮਾਨ ਨੇ ਅਸਤੀਫਾ ਦੇ ਦਿੱਤਾ ਸੀ। ਸ੍ਰੀ ਗਿੱਲ ਦੇ ਚੇਅਰਮੈਨ ਨਿਯੁਕਤ ਨਾਲ ਤਨਖਾਹ ਕਮਿਸ਼ਨ ਦੀ ਲੰਮੇ ਸਮੇਂ ਤੋਂ ਅਟਕੀ ਪ੍ਰਕਿਰਿਆ ਮੁੜ ਸ਼ੁਰੂ ਹੋਣ ਦੇ ਆਸਾਰ ਬਣ ਗਏ ਹਨ। ਦੱਸਣਯੋਗ ਹੈ ਕਿ ਭਾਰਤ ਸਰਕਾਰ ਨੇ ਆਪਣੇ 7ਵੇਂ ਕੇਂਦਰੀ ਤਨਖਾਹ ਕਮਿਸ਼ਨ ਦੀ ਰਿਪੋਰਟ ਅਗਸਤ 2016 ਤੋਂ ਲਾਗੂ ਕਰ ਦਿੱਤੀ ਹੈ, ਜਦਕਿ ਪੰਜਾਬ ਸਰਕਾਰ ਦਾ ਤਨਖਾਹ ਕਮਿਸ਼ਨ ਸ੍ਰੀ ਗਿੱਲ ਦੀ ਨਿਯੁਕਤੀ ਨਾਲ ਅਜੇ ਸੰਪੂਰਨ ਹੀ ਹੋਇਆ ਹੈ। ਪੰਜਾਬ ਸਕੱਤਰੇਤ ਦੇ ਸੂਤਰਾਂ ਅਨੁਸਾਰ ਭਾਵੇਂ ਸ੍ਰੀ ਗਿੱਲ ਨੂੰ ਤਨਖਾਹ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ ਹੈ ਪਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕਮਿਸ਼ਨ ਦੀ ਰਿਪੋਰਟ ਨੇੜੇ ਭਵਿੱਖ ਵਿਚ ਨਸੀਬ ਹੁੰਦੀ ਨਹੀਂ ਜਾਪਦੀ ਕਿਉਂਕਿ ਤਨਖਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ ਚੇਅਰਮੈਨ ਨੂੰ ਕਈ ਤਰ੍ਹਾਂ ਦੀ ਪ੍ਰਕਿਰਿਆ ਵਿੱਚੋਂ ਨਿਕਲਣਾ ਪਵੇਗਾ। ਕਮਿਸ਼ਨ ਸੂਬੇ ਦੀ ਵਿੱਤੀ ਹਾਲਤ ਨੂੰ ਮੁੱਖ ਰੱਖ ਕੇ ਹੀ ਤਨਖਾਹਾਂ ਅਤੇ ਪੈਨਸ਼ਨਾਂ ਵਿਚ ਸੋਧ ਕਰੇਗਾ, ਜਿਸ ਕਾਰਨ ਤਨਖਾਹ ਕਮਿਸ਼ਨ ਦੇ ਚੇਅਰਮੈਨ ਦੇ ਮੈਂਬਰਾਂ ਨੂੰ ਇਸ ਪੱਖ ਨੂੰ ਵੀ ਸਾਹਮਣੇ ਰੱਖ ਕੇ ਫ਼ੈਸਲੇ ਲੈਣੇ ਪੈਣਗੇ। ਤਨਖਾਹ ਕਮਿਸ਼ਨ ਵੱਲੋਂ ਭਾਰਤ ਸਰਕਾਰ ਦੇ 7ਵੇਂ ਕੇਂਦਰੀ ਤਨਖਾਹ ਕਮਿਸ਼ਨ ਦੀ ਰਿਪੋਰਟ ਦੀ ਘੋਖ ਕਰਨ ਲਈ ਵੀ ਲੰਮਾ ਸਮਾਂ ਚਾਹੀਦਾ ਹੈ। ਉਧਰ ਮੁਲਾਜ਼ਮ ਜਥੇਬੰਦੀਆਂ ਨੇ ਤਨਖਾਹ ਕਮਿਸ਼ਨ ਨੂੰ ਦੇਣ ਲਈ ਆਪੋ-ਆਪਣੇ ਮੈਮੋਰੰਡਮ ਬਣਾਉਣ ਦੀਆਂ ਤਿਆਰੀਆਂ ਕੱਸ ਲਈਆਂ ਹਨ।



# ਭਗਤ ਸਿੰਘ ਚਿੰਤਕ ਤੇ ਦੂਰ-ਦ੍ਰਿਸ਼ਟੀ ਵਾਲਾ ਸ਼ਖ਼ਸ ਸੀ : ਪ੍ਰੋ. ਪ੍ਰੀਤਮ ਸਿੰਘ

**ਲੰਡਨ/ਬਿਊਰੋ ਨਿਊਜ਼ :** ਯੂਨੀਵਰਸਿਟੀ ਆਫ ਲੰਡਨ ਦੇ ਸਕੂਲ ਆਫ ਓਰੀਐਂਟਲ ਐਂਡ ਅਫਰੀਕਨ ਸਟੱਡੀਜ਼ ਵਿੱਚ ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਤੋਂ ਦੱਖਣੀ ਏਸ਼ਿਆਈ ਭਾਈਚਾਰੇ ਅਤੇ ਯੂਕੇ ਵਿੱਚ ਲੇਬਰ ਮੂਵਮੈਂਟ ਦੇ ਕਾਰਕੁਨਾਂ ਤੇ ਵਿਦਵਾਨਾਂ ਵੱਲੋਂ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਕਰਾਇਆ ਗਿਆ। ਸਮਾਗਮ ਦੇ ਮੁੱਖ ਬੁਲਾਰੇ ਔਕਸਫੋਰਡ ਬਰੂਕਸ ਯੂਨੀਵਰਸਿਟੀ ਦੇ ਪ੍ਰੋ. ਪ੍ਰੀਤਮ ਸਿੰਘ ਨੇ ਕਿਹਾ ਕਿ ਭਗਤ ਸਿੰਘ ਨੂੰ ਕੇਵਲ ਦਲੇਰ ਸਿਆਸੀ ਕਾਰਕੁਨ ਵਜੋਂ ਹੀ ਨਹੀਂ ਦੇਖਣਾ ਚਾਹੀਦਾ, ਜੋ ਉਹ ਯਕੀਨੀ ਤੌਰ 'ਤੇ ਸੀ, ਬਲਕਿ ਉਹ ਇਕ ਚਿੰਤਕ ਅਤੇ ਦੂਰ-ਦ੍ਰਿਸ਼ਟੀ ਵਾਲਾ ਸ਼ਖ਼ਸ ਵੀ ਸੀ। ਪ੍ਰੋ. ਪ੍ਰੀਤਮ ਸਿੰਘ ਨੇ ਕਿਹਾ ਕਿ ਭਗਤ ਸਿੰਘ ਅਸਲ ਸਮਾਜਵਾਦੀ ਚਿੰਤਕ ਸੀ, ਜੋ ਬ੍ਰਿਟਿਸ਼ ਸਾਮਰਾਜ ਖ਼ਿਲਾਫ਼ ਭਾਰਤ ਦੇ ਘੋਲ ਨੂੰ ਆਲਮੀ ਪੱਧਰ ਉਤੇ ਸਮਾਜਵਾਦ ਨੂੰ ਪੂੰਜੀਵਾਦ ਦੇ ਬਦਲ ਵਜੋਂ ਦੇਖ ਰਿਹਾ ਸੀ। ਇਸ ਕਾਰਨ ਉਨ੍ਹਾਂ ਦਾ ਦ੍ਰਿਸ਼ਟੀਕੋਣ ਮਹਾਤਮਾ ਗਾਂਧੀ ਤੋਂ ਵੱਖਰਾ ਸੀ। ਮਹਾਤਮਾ ਗਾਂਧੀ ਦਾ ਧਿਆਨ ਮਹਿਜ਼ ਬ੍ਰਿਟਿਸ਼ ਤੋਂ ਭਾਰਤੀਆਂ ਦੇ ਹੱਥ ਵਿੱਚ ਸੱਤਾ ਪਰਿਵਰਤਨ ਉਤੇ ਕੇਂਦਰਿਤ ਸੀ। ਭਗਤ ਸਿੰਘ ਦਾ ਸਮਾਜਵਾਦੀ ਦ੍ਰਿਸ਼ਟੀਕੋਣ ਮਾਰਕਸ ਤੋਂ ਪ੍ਰਭਾਵਿਤ ਸੀ, ਜਿਹੜਾ ਭਾਰਤੀ ਕਮਿਊਨਿਸਟਾਂ ਤੋਂ ਵੀ ਵੱਖਰਾ ਸੀ, ਜੋ ਆਪਣੀ ਸਿਆਸਤ ਨੂੰ ਸਟਾਲਨਵਾਦੀ ਰੂਸ ਦੇ ਭੂਗੋਲਿਕ-ਸਿਆਸੀ ਹਿੱਤਾਂ ਤਹਿਤ ਰੱਖਦੇ ਸਨ। ਭਾਰਤ ਦੀਆਂ ਹੱਦਾਂ ਤੋਂ ਬਾਹਰ ਭਗਤ ਸਿੰਘ ਦੇ ਸਿਆਸੀ ਕੱਦ-ਬੁੱਤ ਦੇ ਪ੍ਰਭਾਵ ਦਾ ਜ਼ਿਕਰ ਕਰਦਿਆਂ ਪ੍ਰੋ. ਪ੍ਰੀਤਮ ਨੇ ਦਲੀਲ ਦਿੱਤੀ ਕਿ ਦੱਖਣੀ ਏਸ਼ੀਆ ਵਿੱਚ ਕੇਵਲ ਭਗਤ ਸਿੰਘ ਹੀ ਅਜਿਹੀ ਸਿਆਸੀ ਹਸਤੀ ਹੈ, ਜੋ ਦੱਖਣੀ ਏਸ਼ੀਆ ਦੇ ਸਾਰੇ ਹਿੱਸਿਆਂ ਵਿੱਚ ਪ੍ਰਵਾਨਤ ਤੇ ਸਨਮਾਨਿਤ ਹੈ। ਉਨ੍ਹਾਂ ਨੇ ਪਾਕਿਸਤਾਨ ਵਿੱਚ ਭਗਤ ਸਿੰਘ ਦੇ ਸਨਮਾਨ ਅਤੇ ਯਾਦਗਾਰ ਲਈ ਉੱਠ ਰਹੀ ਮੁਹਿੰਮ ਨੂੰ ਜ਼ਿਕਰਯੋਗ ਤੇ ਸ਼ਲਾਘਾਯੋਗ ਦੱਸਿਆ। ਇਸ ਮੌਕੇ ਦੱਖਣੀ ਏਸ਼ਿਆਈ ਗਰਮਖਿਆਲੀ ਇਨਕਲਾਬੀਆਂ ਦੇ ਜੀਵਨ ਉਤੇ ਕੰਵਲ ਧਾਲੀਵਾਲ ਦੀਆਂ ਪੇਂਟਿੰਗਾਂ ਦੀ ਪ੍ਰਦਰਸ਼ਨੀ ਲਾਈ ਗਈ। ਇਸ ਦੌਰਾਨ ਸਾਅਦਤ ਹਸਨ ਮੰਟੋ ਦੀ ਲਘੂ ਕਹਾਣੀ 'ਠੰਢਾ ਗੋਸ਼ਤ' ਉਤੇ ਆਧਾਰਤ ਫਿਲਮ 'ਸਰਦ' ਵੀ ਦਿਖਾਈ ਗਈ। ਇਸ ਬਾਅਦ ਫਿਲਮ ਉਤੇ ਵਿਚਾਰ ਚਰਚਾ ਕਰਾਈ ਗਈ।



# ਹੁਣ ਭਾਈ ਮੇਵਾ ਸਿੰਘ ਲੋਪੋਕੇ ਦਾ ਨਾਂ ਕੈਨੇਡਾ ਦੇ ਅਪਰਾਧੀਆਂ ਦੀ ਸੂਚੀ ਵਿਚੋਂ ਰੱਦ ਕਰਾਉਣ ਲਈ ਯਤਨ ਤੇਜ਼

**ਅੰਮ੍ਰਿਤਸਰ/ਬਿਊਰੋ ਨਿਊਜ਼ :** ਕਾਮਾਗਾਟਾ ਮਾਰੂ ਜਹਾਜ਼ ਵਿੱਚ ਮਾਰੇ ਯਾਤਰੂਆਂ ਨੂੰ ਸਿੱਖ ਸ਼ਹੀਦਾਂ ਦਾ ਦਰਜਾ ਦਿਵਾਉਣ ਮਗਰੋਂ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਕੈਨੇਡਾ ਵੱਲੋਂ ਹੁਣ ਭਾਈ ਮੇਵਾ ਸਿੰਘ ਲੋਪੋਕੇ ਦਾ ਨਾਂ ਕੈਨੇਡਾ ਦੇ ਅਪਰਾਧੀਆਂ ਦੀ ਸੂਚੀ ਵਿੱਚੋਂ ਰੱਦ ਕਰਾਉਣ ਲਈ ਯਤਨ ਅਰੰਭੇ ਜਾਣਗੇ। ਇਹ ਖ਼ੁਲਾਸਾ ਫਾਊਂਡੇਸ਼ਨ ਦੇ ਪ੍ਰਧਾਨ ਸਾਹਿਬ ਸਿੰਘ ਥਿੰਦ ਨੇ ਕੀਤਾ। ਉਨ੍ਹਾਂ ਨੇ ਕਾਮਾਗਾਟਾ ਮਾਰੂ ਜਹਾਜ਼ ਦੇ ਮਾਰੇ ਯਾਤਰੂਆਂ ਨੂੰ ਸਿੱਖ ਸ਼ਹੀਦਾਂ ਦਾ ਦਰਜਾ ਦਿੱਤੇ ਜਾਣ 'ਤੇ ਅਕਾਲ ਤਖ਼ਤ 'ਤੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਕੇ ਧੰਨਵਾਦ ਕੀਤਾ ਹੈ। ਲਗਭਗ 103 ਸਾਲ ਬਾਅਦ ਇਸ ਸਬੰਧੀ ਰਸਮੀ ਤੌਰ 'ਤੇ ਹੋਏ ਫ਼ੈਸਲੇ ਵਿੱਚ ਸ਼ਾਮਲ ਹੋਣ ਲਈ ਕੈਨੇਡਾ ਤੋਂ ਪੁੱਜੇ ਸ੍ਰੀ ਥਿੰਦ ਨੇ ਦੱਸਿਆ ਕਿ ਉਨ੍ਹਾਂ 8 ਨਵੰਬਰ 2016 ਨੂੰ ਇਸ ਸਬੰਧੀ ਇਕ ਮੰਗ ਪੱਤਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੌਂਪਿਆ ਸੀ, ਜਿਸ ਵਿੱਚ ਕਾਮਾਗਾਟਾ ਮਾਰੂ ਜਹਾਜ਼ ਦੇ ਮਾਰ ਦਿੱਤੇ ਗਏ ਮੁਸਾਫਰਾਂ ਅਤੇ ਉਸ ਵੇਲੇ ਦੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਅਰੂੜ ਸਿੰਘ ਵੱਲੋਂ 'ਅਸਿੱਖ' ਕਰਾਰ ਦਿੱਤਾ ਗਿਆ ਸੀ, ਵਿੱਚ ਸੋਧ ਕਰਨ ਦੀ ਅਪੀਲ ਕੀਤੀ ਸੀ। ਇਸ ਤੋਂ ਇਲਾਵਾ ਭਾਈ ਮੇਵਾ ਸਿੰਘ ਲੋਪੋਕੇ ਜਿਸ ਨੂੰ 11 ਜਨਵਰੀ 1915 ਨੂੰ ਵੈਨਕੂਵਰ ਵਿੱਚ ਫਾਂਸੀ ਦੇ ਦਿੱਤੀ ਗਈ ਸੀ, ਦਾ ਨਾਂ ਕੈਨੇਡਾ ਦੇ ਅਪਰਾਧੀਆਂ ਦੀ ਸੂਚੀ ਵਿੱਚੋਂ ਕਢਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕੈਨੇਡਾ ਸਰਕਾਰ ਨਾਲ ਵੀ ਗੱਲਬਾਤ ਦਾ ਸਿਲਸਿਲਾ ਜਾਰੀ ਹੈ। ਭਾਈ ਲੋਪੋਕੇ ਬਾਰੇ ਖ਼ੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਉਹ ਕੈਨੇਡਾ ਵਿੱਚ ਵਸਦੇ ਸਿੱਖ ਅਤੇ ਪੰਜਾਬੀ ਭਾਈਚਾਰੇ ਦੇ ਹਿੱਤਾਂ ਲਈ ਸੰਘਰਸ਼ ਕਰ ਰਹੇ ਸਨ। ਉਸ ਵੇਲੇ ਇੱਕ ਸਰਕਾਰੀ ਨੁਮਾਇੰਦਾ ਜੋ ਭਾਰਤੀ ਭਾਈਚਾਰੇ ਵਿੱਚ ਪਾੜ ਪਾ ਰਿਹਾ ਸੀ, ਦਾ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਆਖਿਆ ਕਿ ਇਹ ਕਤਲ ਇਨਸਾਫ਼ ਦੀ ਰਾਖੀ ਲਈ ਕੀਤਾ ਗਿਆ ਸੀ। ਭਾਵੇਂ ਕੈਨੇਡਾ ਸਰਕਾਰ ਦੀਆਂ ਨਜ਼ਰਾਂ ਵਿੱਚ ਇਹ ਅਪਰਾਧ ਹੈ ਪਰ ਪੰਜਾਬੀ ਭਾਈਚਾਰੇ ਲਈ ਭਾਈ ਮੇਵਾ ਸਿੰਘ ਲੋਪੋਕੇ ਇਕ ਸ਼ਹੀਦ ਹਨ। ਉਨ੍ਹਾਂ ਆਖਿਆ ਕਿ ਕੌਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਵਿੱਚ ਮਾਰੇ ਗਏ ਵਿਅਕਤੀਆਂ ਨੂੰ ਉਸ ਵੇਲੇ ਦੇ ਅਕਾਲ ਤਖ਼ਤ ਦੇ ਜਥੇਦਾਰ ਰੂੜ ਸਿੰਘ ਨੇ 'ਅਸਿੱਖ' ਕਰਾਰ ਦੇ ਦਿੱਤਾ ਸੀ। ਹੁਣ ਜਦੋਂ ਇਸ ਘਟਨਾ ਬਾਰੇ 102 ਸਾਲਾਂ ਬਾਅਦ ਕੈਨੇਡਾ ਸਰਕਾਰ ਨੇ ਮੁਆਫ਼ੀ ਮੰਗ ਲਈ ਹੈ ਤਾਂ ਸ੍ਰੀ ਅਕਾਲ ਤਖ਼ਤ ਵਲੋਂ ਵੀ ਇਸ ਫੈਸਲੇ ਵਿਚ ਸੋਧ ਹੋਣੀ ਜ਼ਰੂਰੀ ਸੀ। ਭਾਵੇਂ ਕਿ ਇਸ ਫੈਸਲੇ ਨੂੰ ਉਸ ਵੇਲੇ ਹੀ ਅਗਲੇ ਜਥੇਦਾਰ ਵਲੋਂ ਵਾਪਸ ਲੈ ਲਿਆ ਗਿਆ ਸੀ ਪਰ ਇਸ ਸਬੰਧੀ ਲਿਖਤੀ ਦਸਤਾਵੇਜ਼ ਨਹੀਂ ਸਨ।


ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਦੇ ਹੋਏ ਸਾਹਿਬ ਸਿੰਘ ਥਿੰਦ।

# ਮਨਮੋਹਨ ਸਿੰਘ ਵੱਲੋਂ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਬਾਰੇ ਕਿਤਾਬ ਰਿਲੀਜ਼




**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਕਲਗੀਧਰ ਸਾਹਿਬ ਸੁਸਾਇਟੀ ਬੜੂ ਸਾਹਿਬ ਵਾਲੇ ਬਾਬਾ ਇਕਬਾਲ ਸਿੰਘ ਬਾਰੇ ਕਿਤਾਬ 'ਬਾਬਾ ਇਕਬਾਲ ਸਿੰਘ-ਮਿਸ਼ਨ ਟੂ ਰੀਬੂਟ ਪੰਜਾਬ ਥਰੂ ਵੈਲਿਊ ਬੇਸਡ ਐਜੂਕੇਸ਼ਨ' ਰਿਲੀਜ਼ ਕੀਤੀ ਗਈ। ਇਸ ਮੌਕੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਸਮੇਤ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

ਕਿਤਾਬ ਰਿਲੀਜ਼ ਕਰਨ ਮਗਰੋਂ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਪੰਜਾਬ ਦਾ ਹਰੀ ਕ੍ਰਾਂਤੀ ਵਿੱਚ ਬਹੁਤ ਯੋਗਦਾਨ ਹੈ। ਉਨ੍ਹਾਂ ਪ੍ਰਤਾਪ ਸਿੰਘ ਕੈਰੋਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਪੰਜਾਬ ਨੂੰ ਵਿਕਾਸ ਦੇ ਰਾਹ ਉਪਰ ਪਾਇਆ ਸੀ। ਡਾ. ਮਨਮੋਹਨ ਸਿੰਘ ਨੇ ਪੰਜਾਬ ਵਿੱਚ ਨਸ਼ਾਖੋਰੀ ਨੂੰ ਲੈ ਕੇ ਚਿੰਤਾ ਪ੍ਰਗਟਾਈ ਤੇ ਜ਼ੋਰ ਦੇ ਕੇ ਕਿਹਾ ਕਿ ਹੁਣ ਨੈਤਿਕਤਾ ਦੇ ਆਧਾਰ 'ਤੇ ਸਿੱਖਿਆ ਦੀ ਬਹੁਤ ਲੋੜ ਹੈ ਜੋ ਮਰਿਆਦਾ ਆਧਾਰਤ ਹੋਵੇ। ਉਨ੍ਹਾਂ ਕਿਹਾ ਕਿ ਗੁਰੂਆਂ ਨੇ ਆਪਣੀਆਂ ਸਿੱਖਿਆਵਾਂ ਨਾਲ ਦੇਸ਼ ਨੂੰ ਤਬਦੀਲੀ ਦੇ ਰਾਹ ਪਾਇਆ ਸੀ ਜਿਸ ਤਹਿਤ ਅਧਿਆਤਮਕ ਤੇ ਨੈਤਿਕਤਾ ਨੂੰ ਪਹਿਲ ਦਿੱਤੀ ਗਈ ਸੀ। ਉਨ੍ਹਾਂ ਬਾਬਾ ਇਕਬਾਲ ਸਿੰਘ ਵੱਲੋਂ ਮੁੱਲਾਂ ਦੇ ਆਧਾਰ ਸਿੱਖਿਆ ਨੂੰ ਪ੍ਰਫੁੱਲਤ ਕਰਨ ਦੇ ਕਾਰਜਾਂ ਨੂੰ ਵਡਿਆਇਆ।

ਦੱਸਣਯੋਗ ਹੈ ਕਿ ਬਾਬਾ ਇਕਬਾਲ ਸਿੰਘ ਵੱਲੋਂ ਹਿਮਾਚਲ ਪ੍ਰਦੇਸ਼ ਦੇ ਬੜੂ ਸਾਹਿਬ ਵਿਖੇ ਕਲਗੀਧਰ ਸੁਸਾਇਟੀ ਜ਼ਰੀਏ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਉੱਤਰ ਪ੍ਰਦੇਸ਼ ਤੇ ਰਾਜਸਥਾਨ ਅੰਦਰ ਮਿਆਰੀ ਸਿੱਖਿਆ ਦੀ ਸਹੂਲਤ ਲੋੜਵੰਦਾਂ ਨੂੰ ਦਿੱਤੀ ਜਾ ਰਹੀ ਹੈ।

ਬਾਬਾ ਇਕਬਾਲ ਸਿੰਘ ਨੇ ਦੱਸਿਆ ਕਿ ਅਕਾਲ ਅਕਾਦਮੀ ਰਾਹੀਂ ਰਵਾਇਤੀ ਗੁਰੂਕੁਲਾਂ ਵਾਂਗ ਵਿਦਿਆਰਥੀਆਂ ਨੂੰ ਅਨੁਸ਼ਾਸਨ ਤਹਿਤ ਸਿੱਖਿਅਤ ਕੀਤਾ ਜਾ ਰਿਹਾ ਹੈ। ਮਨਪ੍ਰੀਤ ਬਾਦਲ ਨੇ ਬੇਰਜ਼ੁਗਾਰੀ, ਨਸ਼ੇ, ਸਮਾਜਕ ਨੈਤਿਕਤਾ ਉਪਰ ਗੰਭੀਰ ਹੁੰਦਿਆਂ ਕਿਹਾ ਕਿ ਪੰਜਾਬ ਨੂੰ ਬਚਾਉਣਾ ਜ਼ਰੂਰੀ ਹੈ ਕਿਉਂਕਿ ਸਾਡੀ ਧਰਤੀ ਮਾਂ ਕਮਜ਼ੋਰ ਹੋ ਰਹੀ ਹੈ ਕਿਉਂਕਿ ਇਸ ਦੇ ਲਾਲ ਨਸ਼ਿਆਂ ਵਿੱਚ ਗਲਤਾਨ ਹਨ।

# ਪੰਜਾਬ 'ਚ ਆਟਾ-ਦਾਲ ਸਕੀਮ 'ਚ 4 ਕਰੋੜ ਰੁਪਏ ਦੇ ਘਪਲੇ ਦਾ ਪਰਦਾਫਾਸ਼

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਰਾਜ ਖੁਰਾਕ ਕਮਿਸ਼ਨ ਵੱਲੋਂ ਕੀਤੀ ਆਪਣੀ ਤਰ੍ਹਾਂ ਦੀ ਪਹਿਲੀ ਜਾਂਚ ਵਿੱਚ ਆਟਾ-ਦਾਲ ਸਕੀਮ ਅਧੀਨ ਸਬਸਿਡੀ ਵਾਲੀ ਕਣਕ ਦੀ ਵੰਡ ਵਿੱਚ ਚਾਰ ਕਰੋੜ ਰੁਪਏ ਦੇ ਘਪਲੇ ਦਾ ਪਰਦਾਫਾਸ਼ ਹੋਇਆ ਹੈ। ਕਮਿਸ਼ਨ ਨੇ ਪਾਇਆ ਕਿ ਸਿਰਫ਼ ਗਿਆਰਾਂ ਮਹੀਨਿਆਂ ਵਿੱਚ 18 ਹਜ਼ਾਰ ਕੁਇੰਟਲ ਕਣਕ ਦਾ ਘਪਲਾ ਹੋਇਆ। ਇਹ ਕਣਕ ਅੰਮ੍ਰਿਤਸਰ ਜ਼ਿਲ੍ਹੇ ਦੇ ਜੰਡਿਆਲਾ ਗੁਰੂ ਸ਼ਹਿਰ ਅਤੇ 61 ਪਿੰਡਾਂ ਦੇ ਛੋਟੇ ਜਿਹੇ ਇਲਾਕੇ ਲਈ ਸੀ। ਅਧਿਕਾਰੀਆਂ ਨੇ ਕਿਹਾ ਕਿ ਵਾਰ ਵਾਰ ਸ਼ਿਕਾਇਤਾਂ ਮਿਲਣ ਮਗਰੋਂ ਕਮਿਸ਼ਨ ਨੇ ਜੰਡਿਆਲਾ ਗੁਰੂ ਵਿੱਚ ਦਸੰਬਰ 2014 ਤੋਂ ਸਤੰਬਰ 2015 ਵਿੱਚ ਕਣਕ ਦੀ ਵੰਡ ਦੇ ਆਡਿਟ ਲਈ ਪਿਛਲੇ ਸਾਲ ਦਸੰਬਰ ਵਿੱਚ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਇੰਸਪੈਕਟਰਾਂ ਤੇ ਅਧਿਕਾਰੀਆਂ ਦੀ 17 ਮੈਂਬਰੀ ਟੀਮ ਤਾਇਨਾਤ ਕੀਤੀ ਸੀ। ਜਾਂਚ ਰਿਪੋਰਟ ਵਿੱਚ ਕਿਹਾ ਗਿਆ ਕਿ ਜਿਹੜੇ ਲਾਭਪਾਤਰੀਆਂ ਦੇ ਨੀਲੇ ਕਾਰਡ ਆਧਾਰ ਨੰਬਰ ਨਾਲ ਜੁੜੇ ਹੋਏ ਨਹੀਂ ਸਨ, ਉਨ੍ਹਾਂ ਨੂੰ ਅਸਲ ਵਿੱਚ ਕਣਕ ਵੰਡੀ ਹੀ ਨਹੀਂ ਗਈ, ਜਦੋਂ ਕਿ ਵਿਕਰੀ ਰਜਿਸਟਰਾਂ ਵਿੱਚ ਅਜਿਹੇ ਲਾਭਪਾਤਰੀਆਂ ਨੂੰ ਕਣਕ ਦੀ ਵੰਡ ਦਰਸਾਈ ਗਈ ਸੀ।

ਜਾਂਚ ਦੌਰਾਨ ਪਤਾ ਚੱਲਿਆ ਕਿ ਪਿੰਡ ਝੀਤਾ ਚੇਤ ਸਿੰਘ ਵਿੱਚ ਕਣਕ ਦੀ ਵੰਡ ਲਈ ਇੰਦਰਾਜ ਦਰਜ ਕਰਨ ਲਈ ਸਕੂਲੀ ਕਾਪੀਆਂ ਨੂੰ ਹੀ ਨੀਲੇ ਕਾਰਡਾਂ ਦੇ ਤੌਰ ਉਤੇ ਵਰਤਿਆ ਗਿਆ। ਲਾਭਪਾਤਰੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਰਾਸ਼ਨ ਕਾਰਡ ਪੁਰਾਣੇ ਡਿੱਪੂ ਹੋਲਡਰ ਕੋਲ ਸਨ, ਜਿਸ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ। ਇਸ ਮਗਰੋਂ ਕਾਰਡ ਲੱਭੇ ਨਹੀਂ। ਨਵੇਂ ਕਾਰਡ ਜਾਰੀ ਕਰਨ ਦੀ ਥਾਂ ਖ਼ੁਰਾਕ ਤੇ ਸਪਲਾਈ ਇੰਸਪੈਕਟਰ ਨੇ ਸਕੂਲੀ ਕਾਪੀ ਉਤੇ ਹੀ ਇੰਦਰਾਜ ਦਰਜ ਕਰਨੇ ਸ਼ੁਰੂ ਕਰ ਦਿੱਤੇ।



# ਗਾਂ ਦੇ ਨਾਂ 'ਤੇ ਅਲਵਰ ਦੀ ਘਟਨਾ ਕੀ ਆਖ਼ਰੀ ਹੋਵੇਗੀ?

**ਰਵੀਸ਼ ਕੁਮਾਰ**





**ਪਹਿਲੂ ਖਾਨ ਨੂੰ ਜਿਸ ਗੱਡੀ ਵਿਚੋਂ ਲਾਹ ਕੇ ਦੌੜਾਇਆ ਗਿਆ, ਉਸ ਨੂੰ ਅਰਜੁਨ ਨਾਂ ਦਾ ਚਾਲਕ ਚਲਾ ਰਿਹਾ ਸੀ। ਕਿਹਾ ਜਾ ਰਿਹਾ ਹੈ ਕਿ ਭੀੜ ਨੇ ਉਸ ਦਾ ਨਾਂ ਪੁੱਛ ਕੇ ਛੱਡ ਦਿੱਤਾ। ਹੁਣ ਜੇਕਰ ਗਾਂ ਦੀ ਤਸਕਰੀ ਅਪਰਾਧ ਹੈ ਤਾਂ ਕੀ ਅਰਜੁਨ ਲਈ ਨਹੀਂ ਹੈ। ਕੀ ਅਰਜੁਨ ਨੂੰ ਗਾਂ ਦੀ ਤਸਕਰੀ ਦੀ ਛੋਟ ਹੈ?**

6 ਅਗਸਤ 2016 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ, 'ਗਊ ਰੱਖਿਅਕਾਂ ਦੇ ਨਾਂ 'ਤੇ ਕੁਝ ਲੋਕਾਂ ਨੇ ਜੋ ਆਪਣੀਆਂ ਦੁਕਾਨਾਂ ਖੋਲ੍ਹੀਆਂ ਹਨ, ਮੈਨੂੰ ਏਨਾ ਗੁੱਸਾ ਆਉਂਦਾ ਹੈ। ਗਊ ਭਗਤ ਵੱਖਰੇ ਹਨ, ਗਊ ਸੇਵਕ ਵੱਖਰੇ ਹਨ। ਮੈਂ ਦੇਖਿਆ ਹੈ ਕਿ ਕੁਝ ਲੋਕ ਜੋ ਪੂਰੀ ਰਾਤ ਗੈਰਸਮਾਜੀ ਗਤੀਵਿਧੀਆਂ ਕਰਦੇ ਹਨ ਪਰ ਦਿਨ ਵਿਚ ਗਊ ਰੱਖਿਅਕ ਦਾ ਚੋਲਾ ਪਾ ਲੈਂਦੇ ਹਨ। ਮੈਂ ਸੂਬਾਈ ਸਰਕਾਰਾਂ ਨੂੰ ਅਪੀਲ ਕਰਦਾ ਹਾਂ ਕਿ ਅਜਿਹੇ ਜੋ ਗਊ ਰੱਖਿਅਕ ਬਣਦੇ ਹਨ, ਉਨ੍ਹਾਂ ਦਾ ਡੋਜ਼ੀਅਰ ਤਿਆਰ ਕਰੋ, 70-80 ਫੀਸਦੀ ਅਜਿਹੇ ਨਿਕਲਣਗੇ ਜੋ ਅਜਿਹੇ ਗੋਰਖਧੰਦੇ ਕਰਦੇ ਹਨ, ਜੋ ਸਮਾਜ ਸਵੀਕਾਰ ਨਹੀਂ ਕਰਦਾ ਪਰ ਆਪਣੀਆਂ ਉਨ੍ਹਾਂ ਬੁਰਾਈਆਂ ਤੋਂ ਬਚਣ ਲਈ ਗਊ ਰੱਖਿਅਕਾਂ ਦਾ ਚੋਲਾ ਪਾ ਕੇ ਨਿਕਲਦੇ ਹਨ।ਅਤੇ ਜੇਕਰ ਸਚਮੁੱਚ ਉਹ ਗਊ ਸੇਵਕ ਹਨ ਤਾਂ ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਕ ਕੰਮ ਕਰੋ, ਸਭ ਤੋਂ ਜ਼ਿਆਦਾ ਗਾਵਾਂ ਕਤਲ ਕਰਕੇ ਨਹੀਂ, ਸਗੋਂ ਪਲਾਸਟਿਕ ਖਾਣ ਨਾਲ ਮਰਦੀਆਂ ਹਨ, ਤਾਂ ਤੁਸੀਂ ਘੱਟੋ-ਘੱਟ ਗਾਂ ਨੂੰ ਪਲਾਸਟਿਕ ਖਾਣਾ ਬੰਦ ਕਰਵਾ ਦਿਓ, ਲੋਕਾਂ ਨੂੰ ਪਲਾਸਟਿਕ ਸੁੱਟਣਾ ਬੰਦ ਕਰਵਾ ਦਿਓ ਤਾਂ ਇਹ ਵੀ ਬੜੀ ਵੱਡੀ ਗਊ ਸੇਵਾ ਹੋਵੇਗੀ। ਇਸ ਲਈ ਸਵੈਸੇਵੀ ਹੋਰਨਾਂ ਨੂੰ ਦੁੱਖ ਦੇਣ ਲਈ ਨਹੀਂ ਹੁੰਦੇ।'

ਗਊ ਰੱਖਿਆ ਜਾਂ ਗਊ ਹਤਿਆ ਦੇ ਸਬੰਧ ਵਿਚ ਦੋ ਢਾਈ ਸਾਲ ਵਿਚ ਜਿੰਨੀਆਂ ਵੀ ਬਹਿਸਾਂ ਹੋਈਆਂ, ਉਨ੍ਹਾਂ ਵਿਚ ਸਰਕਾਰ ਵਲੋਂ ਸਭ ਤੋਂ ਵੱਡਾ ਅਤੇ ਪ੍ਰਮਾਣਕ ਬਿਆਨ ਇਹੀ ਹੈ ਕਿ 70-80 ਫੀਸਦੀ ਗਊ ਰੱਖਿਅਕ ਫਰਜ਼ੀ ਹੁੰਦੇ ਹਨ। ਉਮੀਦ ਹੈ ਪ੍ਰਧਾਨ ਮੰਤਰੀ ਹੁਣ ਵੀ ਆਪਣੀ ਇਸ ਰਾਏ 'ਤੇ ਕਾਇਮ ਹੋਣਗੇ। ਸਾਨੂੰ ਇਹ ਨਹੀਂ ਪਤਾ ਕਿ ਪ੍ਰਧਾਨ ਮੰਤਰੀ ਦੀ ਇਸ ਅਪੀਲ ਦਾ ਸੂਬਾਈ ਸਰਕਾਰਾਂ 'ਤੇ ਕੀ ਅਸਰ ਪਿਆ। ਘੱਟੋ-ਘੱਟ ਮੌਜੂਦਾ ਵਿਵਾਦ ਦੇ ਸਬੰਧ ਵਿਚ ਰਾਜਸਥਾਨ ਦੇ ਗ੍ਰਹਿ ਮੰਤਰੀ ਹੀ ਦਸ ਸਕਦੇ ਹਨ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਦੀ ਅਪੀਲ 'ਤੇ ਫਰਜ਼ੀ ਗਊ ਰੱਖਿਅਕਾਂ ਜਾਂ ਗਊ ਰੱਖਿਆ ਦੇ ਨਾਂ 'ਤੇ ਦੁਕਾਨਾਂ ਚਲਾਉਣ ਵਾਲਿਆਂ ਦੀ ਕੋਈ ਫਾਈਲ ਬਣਾਈ ਹੈ ਜਾਂ ਨਹੀਂ। ਰਾਜਸਥਾਨ ਦੇ ਗ੍ਰਹਿ ਮੰਤਰੀ ਗੁਲਾਬਚੰਦ ਕਟਾਰੀਆ ਹੀ ਦੱਸ ਸਕਦੇ ਹਨ ਕਿ ਹਿੰਦੂ ਚੌਕੀ ਕੀ ਹੈ। ਇਹ ਕਿਸ ਕਾਨੂੰਨ ਨਾਲ ਬਣੀ ਹੈ। ਹਿੰਦੂ ਚੌਕੀ ਦਾ ਦਰੋਗਾ ਕੌਣ ਹੈ, ਐਸ.ਪੀ. ਕੌਣ ਹੈ, ਐਸ.ਐਸ.ਪੀ. ਕੌਣ ਹੈ ਤੇ ਡੀ.ਜੀ. ਹਿੰਦੂ ਚੌਕੀ ਕੌਣ ਹੈ। ਇਹ ਅਸੀਂ ਨਹੀਂ ਕਹਿ ਰਹੇ, ਸਗੋਂ ਅਲਵਰ ਤੋਂ ਭਾਜਪਾ ਦੇ ਲੋਕਪ੍ਰਿਯ ਵਿਧਾਇਕ ਗਿਆਨਦੇਵ ਆਹੂਜਾ ਨੇ ਕਿਹਾ ਹੈ।

ਹਿੰਦੂ ਚੌਕੀਆਂ ਕਿਸ ਕਾਨੂੰਨ ਨਾਲ ਬਣੀਆਂ ਹਨ ਜਾਂ ਹਿੰਦੂ ਨਾਂ ਰੱਖ ਲੈਣਾ ਹੀ ਕਾਨੂੰਨ ਹੈ। ਜਨਤਾ ਤਾਂ ਭੀੜ ਹੈ ਅਤੇ ਭੀੜ ਤੰਤਰ ਹੈ। ਇਹ ਸੁਣ ਕੇ ਲੱਗੇਗਾ ਕਿ ਆਹੂਜਾ ਜਨਤਾ ਨੂੰ ਭੜਕਾ ਰਹੇ ਹਨ। ਨਹੀਂ, ਅਜਿਹਾ ਨਹੀਂ ਕਰ ਰਹੇ ਹਨ। ਉਨ੍ਹਾਂ ਨੇ ਬੱਸ ਇਹੀ ਕਿਹਾ ਕਿ ਜਨਤਾ ਤਾਂ ਭੀੜ ਹੈ ਤੇ ਭੀੜ ਤੰਤਰ ਹੈ। ਬਲਕਿ ਆਹੂਜਾ ਜੀ ਦੀ ਇਸ ਗੱਲ ਲਈ ਵੀ ਬੜੀ ਪ੍ਰਸੰਸਾ ਕੀਤੀ ਜਾਣੀ ਚਾਹੀਦੀ ਹੈ ਕਿ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਜਨਤਾ ਨੂੰ ਕੁੱਟਣਾ ਚਾਹੀਦਾ ਹੈ। ਅਜਿਹੀ ਗੱਲ ਲਈ ਕਾਨੂੰਨ ਹੈ। ਇਸ 'ਗੌਰਵਮਈ' ਬਿਆਨ ਤੋਂ ਬਾਅਦ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ 'ਸਾਡੇ ਇੱਥੇ ਜੋ ਹਿੰਦੂ ਚੌਕੀਆਂ ਬਣੀਆਂ ਹਨ, ਉਨ੍ਹਾਂ ਸਾਰਿਆਂ ਨੂੰ ਅਸੀਂ ਹਦਾਇਤਾਂ ਦਿੱਤੀਆਂ ਹਨ ਕਿ ਗਊ ਤਸਕਰਾਂ ਨਾਲ ਕਿਸੇ ਤਰ੍ਹਾਂ ਦੀ ਕੁੱਟਮਾਰ ਨਾ ਕੀਤੀ ਜਾਵੇ, ਉਨ੍ਹਾਂ ਨੂੰ ਫੜ ਕੇ ਪੁਲੀਸ ਦੇ ਹਵਾਲੇ ਕਰ ਦਿੱਤਾ ਜਾਵੇ।' ਇਸ ਲਈ ਵੀ ਪ੍ਰਸੰਸਾ ਕੀਤੀ ਜਾਣੀ ਚਾਹੀਦੀ ਹੈ। ਇਹ ਉਨ੍ਹਾਂ ਦੇ ਬਿਆਨ ਦਾ ਸਕਾਰਾਤਮਕ ਪਹਿਲੂ ਹੈ ਪਰ ਹਿੰਦੂ ਚੌਕੀਆਂ ਦੀ ਗੱਲ ਸੁਣ ਕੇ ਮੈਂ ਦੰਗ ਰਹਿ ਗਿਆ। ਕੀ ਅਲਵਰ ਪੁਲੀਸ ਨੂੰ ਹਿੰਦੂ ਚੌਕੀਆਂ ਦੀ ਜਾਣਕਾਰੀ ਹੈ ਕਿ ਪੂਰੇ ਮੇਵਾਤ ਵਿਚ ਅਜਿਹੀਆਂ ਚੌਕੀਆਂ ਬਣੀਆਂ ਹਨ। ਮੇਵਾਤ ਹਰਿਆਣਾ ਵਿਚ ਹੈ। ਅਲਵਰ ਰਾਜਸਥਾਨ ਵਿਚ ਹੈ। ਅਲਵਰ ਦੇ ਵਿਧਾਇਕ ਨੇ ਹਰਿਆਣਾ ਦੇ ਮੇਵਾਤ ਵਿਚ ਹਿੰਦੂ ਚੌਕੀਆਂ ਬਣੀਆਂ ਹਨ। ਕੀ ਹਰਿਆਣਾ ਸਰਕਾਰ ਨੂੰ ਹਿੰਦੂ ਚੌਕੀਆਂ ਦੀ ਜਾਣਕਾਰੀ ਹੈ। ਇਹ ਸਾਰੇ ਸਵਾਲ ਤਾਂ ਬਣਦੇ ਹਨ। ਆਹੂਜਾ ਜੀ ਨੇ ਜੋ ਕਿਹਾ ਹੈ, ਉਸ ਨੂੰ ਘੱਟੋ-ਘੱਟ ਰਾਜਸਥਾਨ ਪੁਲੀਸ ਨੂੰ ਤਾਂ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਨਾ ਵੀ ਲਏ ਤਾਂ ਘੱਟੋ-ਘੱਟ ਆਪਣੀਆਂ ਕਮੀਆਂ ਤਾਂ ਦੂਰ ਕਰਨੀਆਂ ਚਾਹੀਦੀਆਂ ਹਨ। ਜੇਕਰ ਰਾਜਸਥਾਨ ਪੁਲੀਸ ਚੰਗਾ ਕੰਮ ਕਰ ਰਹੀ ਹੁੰਦੀ ਤਾਂ ਹਿੰਦੂ ਚੌਕੀ ਬਣਾਉਣ ਦੀ ਸ਼ਾਇਦ ਨੌਬਤ ਨਾ ਆਉਂਦੀ। ਇਕ ਵਾਰ ਫਿਰ ਦੱਸ ਰਿਹਾ ਹਾਂ ਕਿ ਆਹੂਜਾ ਨੇ ਕਿਹਾ ਹੈ ਕਿ 'ਪੂਰੇ ਮੇਵਾਤ ਵਿਚ ਮੈਂ ਹਿੰਦੂ ਚੌਕੀਆਂ ਅਤੇ ਗਊ ਰੱਖਿਆ ਚੌਕ ਬਣਾਏ ਹਨ। ਪੁਲੀਸ ਚੌਕੀਆਂ ਏਨਾ ਚੰਗਾ ਕੰਮ ਨਹੀਂ ਕਰ ਰਹੀਆਂ।'

ਆਹੂਜਾ ਜੀ ਨੇ ਆਪਣੇ ਇਸ ਬਿਆਨ ਵਿਚ ਕਿਹਾ ਹੈ ਕਿ ਗ੍ਰਹਿ ਮੰਤਰੀ ਨੇ ਛੇ ਪੁਲੀਸ ਚੌਕੀਆਂ ਗਊ ਰੱਖਿਆ ਲਈ ਬਣਾਈਆਂ ਹਨ। ਜੋ ਚੰਗਾ ਕੰਮ ਨਹੀਂ ਕਰ ਰਹੀਆਂ। ਗਊ ਰੱਖਿਆ ਲਈ ਬਣੀਆਂ ਪੁਲੀਸ ਚੌਕੀਆਂ ਦੀ ਸਾਨੂੰ ਕੋਈ ਜਾਣਕਾਰੀ ਨਹੀਂ ਹੈ, ਇਹ ਸਾਡੀ ਕਮੀ ਹੈ। ਘੱਟੋ-ਘੱਟ ਹਿੰਦੂ ਚੌਕੀ ਅਤੇ ਗਊ ਰੱਖਿਆ ਲਈ ਬਣੀਆਂ ਪੁਲੀਸ ਚੌਕੀਆਂ ਵਿਚਾਲੇ ਤੁਲਨਾਤਮਕ ਰਿਪੋਰਟ ਤਾਂ ਹੋਣੀ ਹੀ ਚਾਹੀਦੀ ਸੀ। ਹੁਣ ਇਕ ਸਵਾਲ ਤੁਹਾਨੂੰ ਵੀ ਹੈ ਤੇ ਖ਼ੁਦ ਤੋਂ ਵੀ ਹੈ। ਸਾਡੀ ਸਾਰਿਆਂ ਦੀ ਗਾਂ ਵਿਚ ਆਸਥਾ ਹੈ। ਬੁਹਤਿਆਂ ਦੀ ਗਾਂ ਵਿਚ ਉਵੇਂ ਹੀ ਆਸਥਾ ਨਹੀਂ ਹੈ, ਜਿਵੇਂ ਸਾਡੀ ਹੈ। ਗਾਂ ਵਿਚ ਆਸਥਾ ਹੋਣਾ, ਉਸ ਦੀ ਪੂਜਾ ਕਰਨਾ, ਸ਼ਰਧਾ ਰੱਖਣਾ ਬਿਲਕੁਲ ਠੀਕ ਅਤੇ ਆਮ ਗੱਲ ਹੈ। ਚੰਗੀ ਗੱਲ ਵੀ ਹੈ। ਆਸਥਾ ਤਾਂ ਹੋਰ ਕਈ ਚੀਜ਼ਾਂ ਵਿਚ ਹੈ ਤਾਂ ਕੀ ਉਸ ਲਈ ਅਸੀਂ ਕਿਸੇ ਭੀੜ ਨੂੰ ਆਗਿਆ ਦੇ ਸਕਦੇ ਹਾਂ। ਏਨੀ ਬਹਿਸ ਹੋ ਗਈ, ਸਾਰਿਆਂ ਦੇ ਬਿਆਨ ਆ ਗਏ, ਰੈਲੀਆਂ ਹੋ ਗੀਆਂ, ਇਸ ਤੋਂ ਬਾਅਦ ਵੀ ਭੀੜ ਦਾ ਹੌਸਲਾ ਕਿਉਂ ਨਹੀਂ ਰੁਕ ਰਿਹਾ। ਜੇਕਰ ਤੁਹਾਨੂੰ ਗਊ ਰੱਖਿਅ ਦੇ ਨਾਂ 'ਤੇ ਮਾਰ ਦਿੱਤੇ ਗਏ ਪਹਿਲੂ ਖਾਨ ਦੀ ਮੌਤ ਨਾਲ ਕੋਈ ਹਮਦਰਦੀ ਨਹੀਂ ਹੈ, ਕੋਈ ਦਯਾ ਨਹੀਂ ਹੈ ਤਾਂ ਮੈਨੂੰ ਇਸ ਨਾਲ ਵੀ ਕੋਈ ਪ੍ਰੇਸ਼ਾਨੀ ਨਹੀਂ ਹੈ। ਪਹਿਲੂ ਖਾਨ ਦੇ ਬੱਚਿਆਂ ਪ੍ਰਤੀ ਕੋਈ ਅਫ਼ਸੋਸ ਨਹੀਂ ਹੈ ਤਾਂ ਕੋਈ ਗੱਲ ਨਹੀਂ। ਪਰ ਇਨ੍ਹਾਂ ਲੋਕਾਂ ਪ੍ਰਤੀ ਤਾਂ ਤੁਸੀਂ ਚਿੰਤਤ ਹੋਵੋਗੇ ਹੀ। ਇਹ ਜੋ ਮਾਰ ਰਹੇ ਹਨ। ਗੁੱਸੇ ਵਿਚ ਹੋ ਸਕਦਾ ਹੈ ਇਨ੍ਹਾਂ ਦਾ ਵੀ ਖ਼ੁਦ 'ਤੇ ਵੱਸ ਨਾ ਚਲਿਆ ਹੋਵੇ। ਮਰਨ ਵਾਲਾ ਤਾਂ ਇਕ ਹੀ ਹੈ, ਪਰ ਮਾਰਨ ਵਾਲੇ ਦੋ-ਚਾਰ ਹੋਣ ਤਾਂ ਕੀ ਇਹ ਚਿੰਤਾ ਦੀ ਗੱਲ ਨਹੀਂ ਹੈ। ਭੀੜ ਵਿਚ ਕਿਸੇ ਦੇ ਹੱਥ ਖ਼ੂਨ ਨਾਲ ਰੰਗੇ ਜਾਣ, ਕੋਈ ਹਾਦਸਾ ਹੋ ਜਾਵੇ ਤਾਂ ਕੀ ਤੁਸੀਂ ਇਨ੍ਹਾਂ ਲੋਕਾਂ ਪ੍ਰਤੀ ਵੀ ਚਿੰਤਤ ਨਹੀਂ ਹੋਵੋਗੇ, ਕੀ ਤੁਹਾਡੀ ਹਮਦਰਦੀ ਇਨ੍ਹਾਂ ਗਊ ਰੱਖਿਅਕਾਂ ਨਾਲ ਵੀ ਨਹੀਂ ਹੈ। ਅਸੀਂ ਵੀਡੀਓ ਦੀ ਪੁਸ਼ਟੀ ਨਹੀਂ ਕਰ ਰਹੇ ਹਾਂ। ਪਰ ਇਕ ਸਵਾਲ ਪੁੱਛ ਰਹੇ ਹਾਂ। ਭੀੜ ਵਿਚ ਕੌਣ ਹੈ। ਸਾਡੇ ਹੀ ਲੋਕ ਤਾਂ ਹਨ। ਪਰ ਇਨ੍ਹਾਂ ਦੇ ਸਿਰ 'ਤੇ ਖ਼ੂਨ ਦਾ ਇਲਜ਼ਾਮ ਆਉਂਦਾ ਹੈ ਤਾਂ ਕੀ ਇਹ ਚੰਗੀ ਗੱਲ ਹੈ। ਮੰਨ ਲਓ ਕਿ ਕਿਸੇ ਹੋਰ ਘਟਨਾ ਵਿਚ ਅਜਿਹੀ ਹੀ ਕੋਈ ਭੀੜ ਤੋਂ ਕਤਲ ਹੋ ਜਾਂਦਾ ਹੈ, ਭਾਵੇਂ ਪੁਲੀਸ ਤੇ ਸਿਆਸਤ ਉਨ੍ਹਾਂ ਨੂੰ ਬਚਾ ਲਵੇ ਪਰ ਕੀ ਤੁਸੀਂ ਉਨ੍ਹਾਂ ਨੂੰ ਆਪਣੇ ਦਰਮਿਆਨ ਸਵੀਕਾਰ ਕਰ ਸਕੋਗੇ। ਕੀ ਗਊ ਰੱਖਿਆ ਦੇ ਨਾਂ 'ਤੇ ਬਣ ਰਹੀ ਭੀੜ ਦੇ ਨਾਲ ਖੜ੍ਹੇ ਲੋਕ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਅਜਿਹੀ ਘਟਨਾ ਮਗਰੋਂ ਉਨ੍ਹਾਂ ਦੇ ਭਵਿੱਖ 'ਤੇ ਕੀ ਅਸਰ ਪਏਗਾ। ਇਹ ਸਭ ਨੌਜਵਾਨ ਮੁੰਡੇ ਹਨ। ਮੈਨੂੰ ਪੂਰਾ ਯਕੀਨ ਹੈ ਕਿ ਇਨ੍ਹਾਂ ਨੂੰ ਰਾਤਾਂ ਨੂੰ ਨਹੀਂ ਆਏਗੀ। ਹਤਿਆ ਦਾ ਗੁਨਾਹ ਕਦੇ ਨਾ ਕਦੇ ਜ਼ਿੰਦਗੀ ਵਿਚ ਪਰਤ ਕੇ ਆਉਂਦਾ ਹੈ। ਪ੍ਰੇਸ਼ਾਨ ਕਰਦਾ ਹੈ।

ਇਸ ਲਈ ਸਾਨੂੰ ਹਿੰਸਕ ਭੀੜ ਪ੍ਰਤੀ ਹਮਦਰਦੀ ਤਾਂ ਰੱਖਣੀ ਹੀ ਚਾਹੀਦੀ ਹੈ। ਇਸ ਭੀੜ ਵਿਚ ਸਾਡੇ ਹੀ ਵਿਚੋਂ ਕੋਈ ਹੈ। ਜੋਸ਼ ਤੇ ਜਨੂੰਨ ਵਿਚ ਟੋਕਾ-ਟਾਕੀ, ਬਹਿਸਬਾਜ਼ੀ ਤਕ ਤਾਂ ਠੀਕ ਹੈ, ਪਰ ਉਸ ਤੋਂ ਅੱਗੇ ਜਾ ਕੇ ਕਿਸੇ ਨੂੰ ਲਾਹ ਕੇ ਮਾਰਨਾ, ਕੁੱਟਣਾ ਅਤੇ ਅਜਿਹੀ ਸਥਿਤੀ ਪੈਦਾ ਕਰ ਦੇਣਾ ਕਿ ਮੌਤ ਹੀ ਹੋ ਜਾਵੇ, ਮੇਰੇ ਖ਼ਿਆਲ ਵਿਚ ਤੁਸੀਂ ਮੇਰੀ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਅਜਿਹਾ ਨਹੀਂ ਹੋਣਾ ਚਾਹੀਦਾ। ਸਾਨੂੰ ਸਾਰਿਆਂ ਨੂੰ ਇਸ ਭੀੜ ਦਾ ਇਸ ਲਈ ਵਿਰੋਧ ਕਰਨਾ ਚਾਹੀਦਾ ਹੈ ਕਿਉਂਕਿ ਇਸ ਤਰ੍ਹਾਂ ਕਾਨੂੰਨ ਆਪਣੇ ਹੱਥਾਂ ਵਿਚ ਲੈਣ ਨਾਲਕੋਈ ਹਤਿਆਰਾ ਬਣ ਸਕਦਾ ਹੈ। ਅਜਿਹੇ ਲੋਕਾਂ ਦਾ ਸਿਆਸੀ ਦਲ ਇਸਤੇਮਾਲ ਹੀ ਕਰਦੇ ਹਨ। ਉਨ੍ਹਾਂ ਨੂੰ ਬਹਾਦੁਰ ਕਹਿਣਗੇ, ਜਾਂਬਾਜ਼ ਕਹਿਣਗੇ, ਫਿਰ ਜਦੋਂ ਗਊ ਰੱਖਿਆ ਦਾ ਵਿਸ਼ਾ ਸਿਆਸੀ ਤੌਰ 'ਤੇ ਕਮਜ਼ੋਰ ਪਏਗਾ ਤਾਂ ਉਨ੍ਹਾਂ ਨੂੰ ਛੱਡ ਦੇਣਗੇ। ਇਨ੍ਹਾਂ ਨੌਜਵਾਨਾਂ ਦਾ ਜੀਵਨ ਬਰਬਾਦ ਹੋ ਜਾਵੇਗਾ। ਹਾਂ ਜੇਕਰ ਇਨ੍ਹਾਂ ਨੇ ਗਾਂ ਦੀ ਸੇਵਾ ਕਰਨੀ ਹੈ ਤਾਂ ਬਿਲਕੁਲ ਇਨ੍ਹਾਂ ਨੌਜਵਾਨਾਂ ਦਾ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਦਾ ਹੌਸਲਾ ਵਧਾਉਣਾ ਚਾਹੀਦਾ ਹੈ। ਉਹ ਸੇਵਾ ਜੋ ਪ੍ਰਧਾਨ ਮੰਤਰੀ ਨੇ ਇਨ੍ਹਾਂ ਲਈ ਕਹੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਸੀ, 'ਮੈਂ ਉਨ੍ਹਾਂ ਨੂੰ ਅਪੀਲ ਕਰਦਾ ਹਾਂ ਕਿ ਇਕ ਕੰਮ ਕਰੋ, ਸਭ ਤੋਂ ਜ਼ਿਆਦਾ ਗਾਂ ਕਤਲ ਕਾਰਨ ਨਹੀਂ ਮਰ ਰਹੀ, ਪਲਾਸਟਿਕ ਖਾਣ ਨਾਲ ਮਰਦੀ ਹੈ। ਹੁਣ ਇਹ ਜੋ ਸਮਾਜ ਸੇਵਾ ਕਰਨਾ ਚਾਹੁੰਦੇ ਹਨ, ਘੱਟੋ-ਘੱਟ ਗਾਂ ਨੂੰ ਪਲਾਸਟਿਕ ਖਾਣਾ ਬੰਦ ਕਰਵਾ ਦੇਣ ਤੇ ਪਲਾਸਟਿਕ ਲੋਕਾਂ ਦਾ ਸੁੱਟਣਾ ਬੰਦ ਕਰਵਾ ਦੇਣ ਤਾਂ ਵੀ ਬਹੁਤ ਵੱਡੀ ਗਊ ਸੇਵਾ ਹੋਵੇਗੀ।' ਕੁਝ ਮਹੀਨੇ ਪੁਰਾਣੀ ਇਸ ਗੱਲ ਦੇ ਸਬੰਧ ਵਿਚ ਹੀ ਮੈਂ ਆਪਣੀ ਗੱਲ ਕਹੀ ਹੈ। ਹੁਣ ਤੈਅ ਤੁਸੀਂ ਕਰਨਾ ਹੈ, ਤੁਹਾਡੇ ਪ੍ਰਿਯ ਪ੍ਰਧਾਨ ਮੰਤਰੀ ਦੀ ਗੱਲ ਸਹੀ ਹੈ, ਮੇਰੀ ਗੱਲ ਸਹੀ ਹੈ ਜਾਂ ਉਸ ਭੀੜ ਦੀ ਗੱਲ ਸਹੀ ਹੈ। ਇਕ ਵਾਰ ਤੁਸੀਂ ਇਹ ਤੈਅ ਕਰ ਲਓਗੇ ਤਾਂ ਮੈਨੂੰ ਪੂਰਾ ਯਕੀਨ ਹੈ ਕਿ ਤੁਸੀਂ ਪਹਿਲੂ ਖਾਨ ਦੀ ਮੌਤ 'ਤੇ ਸ਼ਰਮਿੰਦਾ ਹੋਵੋਗੇ। ਜੋ ਵੀ ਨਿੰਦਾ ਕਰਨ ਆਏਗਾ, ਉਹ ਕਿੰਤੂ-ਪਰੰਤੂ ਦਾ ਸਹਾਰਾ ਲੈ ਕੇ ਇਸ ਭੀੜ ਨਾਲ ਖੜ੍ਹਾ ਨਹੀਂ ਹੋ ਸਕੇਗਾ। ਅਲਵਰ ਦੇ ਐਸ.ਪੀ. ਰਾਹੁਲ ਪ੍ਰਕਾਸ਼ ਨੇ ਕਿਹਾ ਹੈ ਕਿ ਗਊ ਤਸਕਰ ਸਨ ਜਾਂ ਨਹੀਂ, ਇਸ ਨਾਲ ਕੁੱਟਮਾਰ ਕਰਨ ਵਾਲਿਆਂ ਦਾ ਦੋਸ਼ ਘੱਟ ਨਹੀਂ ਹੋ ਜਾਂਦਾ। ਜਿਨ੍ਹਾਂ ਲੋਕਾਂ ਨੇ ਕੁੱਟਮਾਰ ਕੀਤੀ ਹੈ, ਉਹ 302 ਤਹਿਤ ਸਾਡੇ ਲਈ ਮੁਲਜ਼ਮ ਹਨ। ਇਹ ਐਸ.ਪੀ. ਦਾ ਬਿਆਨ ਹੈ। ਕੀ ਤੁਸੀਂ ਗਊ ਰੱਖਿਆ ਦੇ ਨਾਂ 'ਤੇ ਨੌਜਵਾਨਾਂ ਦੀ ਟੋਲੀ ਨੂੰ 302 ਭਾਵ ਹੱਤਿਆ ਦਾ ਮੁਲਜ਼ਮ ਬਣਨ ਦਾ ਸਮਰਥਨ ਕਰ ਸਕਦੇ ਹੋ। ਕੀ ਤੁਹਾਨੂੰ ਨਹੀਂ ਲਗਦਾ ਹੈ ਕਿ ਕੋਈ ਇਨ੍ਹਾਂ ਦੇ ਜੀਵਨ ਨਾਲ ਖੇਡ ਰਿਹਾ ਹੈ।

ਪਹਿਲੂ ਖਾਨ ਨੂੰ ਜਿਸ ਗੱਡੀ ਵਿਚੋਂ ਲਾਹ ਕੇ ਦੌੜਾਇਆ ਗਿਆ, ਉਸ ਨੂੰ ਅਰਜੁਨ ਨਾਂ ਦਾ ਚਾਲਕ ਚਲਾ ਰਿਹਾ ਸੀ। ਕਿਹਾ ਜਾ ਰਿਹਾ ਹੈ ਕਿ ਭੀੜ ਨੇ ਉਸ ਦਾ ਨਾਂ ਪੁੱਛ ਕੇ ਛੱਡ ਦਿੱਤਾ। ਹੁਣ ਜੇਕਰ ਗਾਂ ਦੀ ਤਸਕਰੀ ਅਪਰਾਧ ਹੈ ਤਾਂ ਕੀ ਅਰਜੁਨ ਲਈ ਨਹੀਂ ਹੈ। ਕੀ ਅਰਜੁਨ ਨੂੰ ਗਾਂ ਦੀ ਤਸਕਰੀ ਦੀ ਛੋਟ ਹੈ? ਘੱਟੋ-ਘੱਟ ਅਰਜੁਨ ਤੋਂ ਪੁਛਗਿਛ ਤਾਂ ਹੋਣੀ ਹੀ ਚਾਹੀਦੀ ਹੈ। ਠੀਕ ਹੈ ਕਿ ਪਹਿਲੂ ਖਾਨ ਨੇ ਕਿਰਾਏ 'ਤੇ ਗੱਡੀ ਲਈ ਸੀ ਪਰ ਜੈਪੁਰ ਤੋਂ ਜਦੋਂ ਉਹ ਛੋਟਾ ਟਰੱਕ ਲੈ ਕੇ ਚੱਲਿਆ ਸੀ, ਉਦੋਂ ਤਾਂ ਗਾਂ ਦਿਖਾਈ ਦਿੱਤੀ ਹੀ ਹੋਵੇਗੀ। ਪਹੂਲ ਖਾਨ ਨਾਲ ਉਸ ਦੇ ਦੋ ਪੁੱਤਰ ਇਰਸ਼ਾਦ ਤੇ ਆਰਿਫ਼ ਵੀ ਗਏ ਸਨ। ਟੀ.ਵੀ. 'ਤੇ ਕਿਵੇਂ ਕਿਹਾ ਜਾਵੇ ਕਿ ਗਾਂ ਮੁਸਲਮਾਨ ਵੀ ਪਾਲਦੇ ਹਨ। ਮੁਸਲਮਾਨ ਵੀ ਗਾਂ ਦਾ ਦੁੱਧ ਵੇਚ ਕੇ ਗੁਜ਼ਾਰਾ ਕਰਦੇ ਹਨ। ਇਸ ਤਰ੍ਹਾਂ ਨਾਲਸ਼ੱਕ ਦੇ ਆਧਾਰ 'ਤੇ ਕਿਸੇ ਨੂੰ ਦੌੜਾ ਕੇ ਮਾਰ ਦਿੱਤਾ ਜਾਵੇ ਤਾਂ ਕੀ ਪਤਾ ਕਿਸੇ ਦਿਨ ਤੁਸੀਂ ਕਿਸੇ ਗਾਂ ਦੇ ਨਾਲ ਚੱਲ ਰਹੇ ਹੋਵੋ, ਕੁਝ ਖਵਾ ਰਹੇ ਹੋਵ ਤੇ ਭੀੜ ਆਕੇ ਮਾਰ ਦੇਵੇ, ਕੁਝ ਵੀ ਕਹਿ ਦੇਵੇ, ਕਹਿ ਦਏਗੀ ਕਿ ਗਾਂ ਨੂੰ ਕਿਤੇ ਹੋਰ ਲਿਜਾ ਰਹੇ ਸਨ, ਕੁਝ ਸ਼ੱਕੀ ਖਵਾ ਰਹੇ ਸਨ।

ਜਿਨ੍ਹਾਂ 'ਤੇ ਕੁੱਟਮਾਰ ਦੇ ਇਲਜ਼ਾਮ ਹਨ, ਉਨ੍ਹਾਂ ਨੂੰ ਫੜਨ ਲਈ ਪੁਲੀਸ ਨੇ ਤਿੰਨ ਵਿਸ਼ੇਸ਼ ਟੀਮਾਂ ਬਣਾਈਆਂ ਹਨ। ਮੁਲਜ਼ਮਾਂ ਨੂੰ ਫੜਨ ਲਈ 5-5 ਹਜ਼ਾਰ ਦਾ ਇਨਾਮ ਰੱਖਿਆ ਗਿਆ ਹੈ। ਵੀਡੀਓ ਤੇ ਤਸਵੀਰਾਂ ਦੇ ਆਧਾਰ 'ਤੇ ਪੁਲੀਸ ਨੇ 3 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪਰ ਐਸ.ਪੀ. ਰਾਹੁਲ ਪ੍ਰਕਾਸ਼ ਨੇ ਜੋ ਗੱਲ ਕਹੀ ਕਿ ਸੂਬੇ ਤੋਂ ਬਾਹਰ ਲਿਜਾਣ ਲਈ ਕਲੈਕਟਰ ਤੋਂ ਪਰਮਿਟ ਲੈਣਾ ਹੁੰਦਾ ਹੈ, ਇਹ ਮਹੱਤਵਪੂਰਨ ਹੈ। ਹੋ ਸਕਦਾ ਹੈ, ਉਨ੍ਹਾਂ ਨੂੰ ਇਸ ਦੀ ਜਾਣਕਾਰੀ ਨਾ ਹੋਵੇ। ਸਿਰਫ਼ ਇਸ ਪਰਮਿਟ ਦੇ ਨਾਹੋਣ ਨਾਲ ਕੀ ਕਿਸੇ ਨੂੰ ਗਊ ਤਸਕਰ ਐਲਾਨਿਆ ਜਾ ਸਕਦਾ ਹੈ ਜਦਕਿ ਖ਼ਰੀਦਦਾਰ ਨਗਰ ਨਿਗਮ ਦੇ ਮੇਲੇ 'ਚੋਂ ਖ਼ਰੀਦ ਰਿਹਾ ਹੈ, ਉਸ ਦੀ ਪਰਚੀ ਲੈ ਕੇ ਆ ਰਿਹਾ ਹੈ। ਐਨ.ਡੀ.ਟੀ.ਵੀ ਦੀ ਰਿਪੋਰਟਰ ਹਰਸ਼ਾ ਕੁਮਾਰੀ ਸਿੰਘ ਨੇ ਇਸ ਲਈ ਕਈ ਅਧਿਕਾਰੀਆਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਕੋਈ ਕੈਮਰੇ 'ਤੇ ਨਹੀਂ ਆਇਆ ਤੇ ਨਾ ਹੀ ਦੱਸ ਸਕਿਆ ਕਿ ਕਿੰਨੇ ਲੋਕਾਂ ਨੂੰ ਟਰਾਂਜ਼ਿਟ ਪਰਮਿਟ ਦਿੱਤਾ ਗਿਆ, ਜੇਕਰ ਅਜਿਹਾ ਕਾਨੂੰਨ ਹੈ ਜਿਵੇਂ ਕੇ ਐਸ.ਪੀ. ਸਾਹਿਬ ਕਹਿ ਰਹੇ ਹਨ ਤਾਂ ਉਸ ਲਈ ਮੇਲੇ ਵਿਚ ਕੀ ਵਿਵਸਥਾ ਕੀਤੀ ਗਈ। ਹਰ ਥਾਂ ਆਫ਼ ਦੀ ਰਿਕਾਰਡ ਜਵਾਬ ਹੀ ਮਿਲਿਆ। ਪਰ ਜੈਪੁਰ ਦੇ ਮੇਅਰ ਅਸ਼ੋਕ ਲਾਹੋਟੀ ਨੇ ਕੈਮਰੇ 'ਤੇ ਜਵਾਬ ਦਿੱਤਾ। ਇਹ ਸਭ ਜਾਂਚ ਦਾ ਵਿਸ਼ਾ ਹੈ। ਐਸ.ਪੀ. ਨੇ ਕਿਹਾ ਕਿ ਇਸ ਨਾਲ ਕਿਸੇ ਦਾ ਅਪਰਾਧ ਘੱਟ ਨਹੀਂ ਹੋ ਜਾਂਦਾ ਕਿ ਕੋਈ ਗਊ ਤਸਕਰ ਸੀ ਜਾਂ ਨਹੀਂ। ਵੈਸੇ ਵੀ ਪਹਿਲੂ ਖਾਨ ਦੇ ਮਾਰੇ ਜਾਣ ਤੋਂ ਪਹਿਲਾਂ 11 ਲੋਕਾਂ ਨੂੰ ਤਸਕਰੀ ਦੇ ਦੋਸ਼ਾਂ ਵਿਚ ਫੜਿਆ ਗਿਆ ਹੈ।

***ਆਹੂਜਾ ਜੀ ਨੇ ਆਪਣੇ ਇਸ ਬਿਆਨ ਵਿਚ ਕਿਹਾ ਹੈ ਕਿ ਗ੍ਰਹਿ ਮੰਤਰੀ ਨੇ ਛੇ ਪੁਲੀਸ ਚੌਕੀਆਂ ਗਊ ਰੱਖਿਆ ਲਈ ਬਣਾਈਆਂ ਹਨ। ਜੋ ਚੰਗਾ ਕੰਮ ਨਹੀਂ ਕਰ ਰਹੀਆਂ। ਗਊ ਰੱਖਿਆ ਲਈ ਬਣੀਆਂ ਪੁਲੀਸ ਚੌਕੀਆਂ ਦੀ ਸਾਨੂੰ ਕੋਈ ਜਾਣਕਾਰੀ ਨਹੀਂ ਹੈ, ਇਹ ਸਾਡੀ ਕਮੀ ਹੈ। ਘੱਟੋ-ਘੱਟ ਹਿੰਦੂ ਚੌਕੀ ਅਤੇ ਗਊ ਰੱਖਿਆ ਲਈ ਬਣੀਆਂ ਪੁਲੀਸ ਚੌਕੀਆਂ ਵਿਚਾਲੇ ਤੁਲਨਾਤਮਕ ਰਿਪੋਰਟ ਤਾਂ ਹੋਣੀ ਹੀ ਚਾਹੀਦੀ ਸੀ। ਹੁਣ ਇਕ ਸਵਾਲ ਤੁਹਾਨੂੰ ਵੀ ਹੈ ਤੇ ਖ਼ੁਦ ਤੋਂ ਵੀ ਹੈ। ਸਾਡੀ ਸਾਰਿਆਂ ਦੀ ਗਾਂ ਵਿਚ ਆਸਥਾ ਹੈ। ਬੁਹਤਿਆਂ ਦੀ ਗਾਂ ਵਿਚ ਉਵੇਂ ਹੀ ਆਸਥਾ ਨਹੀਂ ਹੈ, ਜਿਵੇਂ ਸਾਡੀ ਹੈ। ਗਾਂ ਵਿਚ ਆਸਥਾ ਹੋਣਾ, ਉਸ ਦੀ ਪੂਜਾ ਕਰਨਾ, ਸ਼ਰਧਾ ਰੱਖਣਾ ਬਿਲਕੁਲ ਠੀਕ ਅਤੇ ਆਮ ਗੱਲ ਹੈ। ਚੰਗੀ ਗੱਲ ਵੀ ਹੈ। ਆਸਥਾ ਤਾਂ ਹੋਰ ਕਈ ਚੀਜ਼ਾਂ ਵਿਚ ਹੈ ਤਾਂ ਕੀ ਉਸ ਲਈ ਅਸੀਂ ਕਿਸੇ ਭੀੜ ਨੂੰ ਆਗਿਆ ਦੇ ਸਕਦੇ ਹਾਂ।***

# ਕਾਲੇ ਪਾਣੀਆਂ ਦੀ ਗਾਥਾ ’ਚੋਂ ਪੰਜਾਬੀਆਂ ਦੀ ਭੂਮਿਕਾ ਗਾਇਬ

**ਇਤਿਹਾਸਕ ਤੱਥਾਂ ਦੇ ਬਾਵਜੂਦ ਅੰਡੇਮਾਨ ਤੇ ਇੱਥੋਂ ਦੀ ਸੈਲੂਲਰ ਜੇਲ੍ਹ ਦੇ ਅਜਾਇਬ ਘਰ ਵਿੱਚ ਸਾਰਾ ਜ਼ੋਰ ਵੀ.ਡੀ. ਸਾਵਰਕਰ ਨੂੰ ਕੌਮੀ ਨਾਇਕ ਵਜੋਂ ਉਭਾਰਨ ਉੱਤੇ ਹੀ ਦਿੱਤਾ ਗਿਆ ਹੈ। ਸਾਵਰਕਰ ਇਸ ਸਮੇਂ ਮੁਲਕ ਵਿੱਚ ਵਧ-ਫੁੱਲ ਰਹੀ ਹਿੰਦੂਤਵੀ ਵਿਚਾਰਧਾਰਾ ਦਾ ਅਸਲ ਜਨਮ ਦਾਤਾ ਸੀ। ਪ੍ਰਾਪਤ ਰਿਕਾਰਡ ਅਨੁਸਾਰ ਉਸ ਨੇ ਅੰਗਰੇਜ਼ ਸਰਕਾਰ ਨੂੰ ਪਹਿਲੀ ਚਿੱਠੀ 30 ਅਗਸਤ 1911 ਨੂੰ ਲਿਖੀ ਜਿਹੜੀ ਅੰਗਰੇਜ਼ ਸਰਕਾਰ ਨੇ 3 ਸਤੰਬਰ 1911 ਨੂੰ ਰੱਦ ਕਰ ਦਿੱਤੀ।**

**ਜਗਤਾਰ ਸਿੰਘ**
(ਮੋਬਾਈਲ : 97797-11201)

ਪੰਜਾਬੀਆਂ ਖ਼ਾਸਕਰ ਸਿੱਖਾਂ ਕੋਲ ਅਮੀਰ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਪ੍ਰੰਪਰਾਵਾਂ ਅਤੇ ਇਤਿਹਾਸ ਦਾ ਅਮੀਰ ਵਿਰਸਾ ਹੈ, ਪਰ ਇਹ ਆਪਣੀ ਇਸ ਸ਼ਾਨਦਾਰ ਵਿਰਾਸਤ ਸੰਭਾਲਣ ਵਿੱਚ ਬਹੁਤ ਹੀ ਅਵੇਸਲੇ ਰਹੇ ਹਨ। ਸ਼ਾਇਦ ਇਹੀ ਕਾਰਨ ਹੈ ਕਿ ਪੰਜਾਬੀਆਂ ਦੇ ਮਨਾਂ ਵਿੱਚ ਕਾਲੇ ਪਾਣੀ ਦੇ ਨਾਂ ਨਾਲ ਵਸੀ ਹੋਈ ਅੰਡੇਮਾਨ ਦੀ ਬਦਨਾਮ ਸੈਲੂਲਰ ਜੇਲ੍ਹ ਦੇ ਇਤਿਹਾਸ ਵਿੱਚੋਂ ਪੰਜਾਬੀਆਂ ਦੇ ਆਜ਼ਾਦੀ ਸੰਗਰਾਮ ਵਿੱਚ ਨਿਭਾਏ ਗਏ ਰੋਲ ਨੂੰ ਤਕਰੀਬਨ ਮਨਫ਼ੀ ਹੀ ਕਰ ਦਿੱਤਾ ਗਿਆ ਹੈ। ਇਸ ਕੌਮੀ ਵਿਰਾਸਤੀ ਜੇਲ੍ਹ ਨੂੰ ਹੁਣ ਅਜਾਇਬ ਘਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

ਇਸ ਜੇਲ੍ਹ ਦੀ ਬਣਤਰ ਅਤੇ ਆਲਾ-ਦੁਆਲਾ ਇਹੋ ਜਿਹਾ ਸੀ ਕਿ ਇੱਥੋਂ ਭੱਜ ਸਕਣਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਸੀ ਹੋ ਸਕਦਾ। ਆਜ਼ਾਦੀ ਸੰਗਰਾਮ ਦੌਰਾਨ ਇੱਥੇ ਭੇਜੇ ਜਾਂਦੇ ਕੈਦੀਆਂ ਨੂੰ ਅਥਾਹ ਤਸੀਹੇ ਅਤੇ ਬੇਇਜ਼ੱਤੀ ਸਹਿਣੀ ਪੈਂਦੀ ਸੀ। ਜੇ ਗਿਣਤੀ ਮੁਤਾਬਕ ਵੇਖਣਾ ਹੋਵੇ ਤਾਂ ਬੰਗਾਲੀਆਂ ਤੋਂ ਬਾਅਦ ਇੱਥੇ ਕੈਦ ਕੀਤੇ ਆਜ਼ਾਦੀ ਸੰਗਰਾਮੀਆਂ ਵਿੱਚ ਸਭ ਤੋਂ ਵੱਧ ਗਿਣਤੀ ਪੰਜਾਬੀਆਂ ਦੀ ਹੀ ਸੀ। ਪਰ ਇਸ ਇਤਿਹਾਸਕ ਤੱਥ ਨੂੰ ਅੱਖੋਂ-ਪਰੋਖੇ ਕਰ ਕੇ ਇੱਥੇ ਬਣਾਏ ਅਜਾਇਬ ਘਰ ਅਤੇ ਹਰ ਰੋਜ਼ ਵਿਖਾਏ ਜਾਂਦੇ ਰੌਸ਼ਨੀ ਤੇ ਆਵਾਜ਼ ਪ੍ਰੋਗਰਾਮ ਵਿੱਚ ਸਿਰਫ਼ ਵੀ.ਡੀ. ਸਾਵਰਕਰ ਨੂੰ ਹੀ ਕੌਮੀ ਨਾਇਕ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਜਦੋਂਕਿ ਇਸ ਵਿਅਕਤੀ ਬਾਰੇ ਇਹ ਵਿਵਾਦ ਹੈ ਕਿ ਇਸ ਨੇ ਜੇਲ੍ਹ ਵਿੱਚੋਂ ਅੰਗਰੇਜ਼ ਹਾਕਮਾਂ ਨੂੰ ਘੱਟੋ-ਘੱਟ ਚਾਰ ਚਿੱਠੀਆਂ ਰਾਹੀਂ ਮੁਆਫ਼ ਕਰ ਦੇਣ ਦੀ ਗੁਹਾਰ ਲਾਈ ਸੀ। ਸ਼ਾਇਦ ਹੀ ਪੰਜਾਬ ਦੀ ਕਿਸੇ ਸਰਕਾਰ ਨੇ ਕਾਲੇ ਪਾਣੀਆਂ ਨਾਲ ਜੁੜੀ ਪੰਜਾਬੀਆਂ ਦੀ ਇਤਿਹਾਸਕ ਵਿਰਾਸਤ ਨੂੰ ਸੰਭਾਲਣ ਦਾ ਕੋਈ ਉਪਰਾਲਾ ਕੀਤਾ ਹੋਵੇ। ਗ਼ਦਰ ਪਾਰਟੀ ਬਣਾ ਕੇ ਅਮਰੀਕਾ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਆਏ 57 ਯੋਧਿਆਂ ਨੂੰ ਇਸ ਜੇਲ੍ਹ ਵਿੱਚ ਕੈਦ ਕੀਤਾ ਗਿਆ ਸੀ।



ਇਨ੍ਹਾਂ ਨੂੰ 1915 ਦੇ ਲਾਹੌਰ ਸਾਜਿਸ਼ ਕੇਸ ਅਤੇ 23 ਦੇ ਘੋੜ ਸਵਾਰ ਫ਼ੌਜ ਕੋਰਟ ਮਾਰਸ਼ਲ ਕੇਸ ਵਿੱਚ ਕੈਦ ਹੋਈ ਸੀ। ਇੱਥੇ ਕੈਦ ਕੀਤੇ ਗਏ ਹੋਰਨਾਂ ਪੰਜਾਬੀਆਂ ਦੀ ਸੂਚੀ ਵੀ ਬਹੁਤ ਲੰਬੀ ਹੈ ਜਿਸ ਵਿੱਚ ਚਾਰ ਵਿਅਕਤੀ ਤਾਂ ਬਿਸ਼ਨ ਸਿੰਘ ਨਾਂ ਦੇ ਹੀ ਸਨ। ਬਾਕੀਆਂ ਵਿੱਚ ਅਮਰ ਸਿੰਘ, ਭਾਨ ਸਿੰਘ, ਗੁਰਦਿੱਤ ਸਿੰਘ, ਗੁਰਮੁਖ ਸਿੰਘ, ਹਰਦਿੱਤ ਸਿੰਘ ਅਤੇ ਹਰਨਾਮ ਸਿੰਘ ਸਮੇਤ ਹੋਰ ਵੀ ਬਹੁਤ ਸਾਰੇ ਸਨ। ਇੱਥੇ ਜੇਲ੍ਹ ਅਧਿਕਾਰੀਆਂ ਦੇ ਤਸੀਹਿਆਂ ਕਾਰਨ ਤਿੰਨ ਪੰਜਾਬੀ ਸ਼ਹੀਦ ਵੀ ਹੋ ਗਏ ਸਨ।

13 ਅਪ੍ਰੈਲ 1919 ਨੂੰ ਵਾਪਰੇ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਤੋਂ ਬਾਅਦ ਹੋਏ ਰੋਸ ਪ੍ਰਦਰਸ਼ਨ ਦੌਰਾਨ ਭੜਕੀ ਹਿੰਸਾ ਦਾ ਬਹਾਨਾ ਬਣਾ ਕੇ ਮਾਰਸ਼ਲ ਲਾਅ ਤਹਿਤ ਗ੍ਰਿਫ਼ਤਾਰ ਕੀਤੇ ਗਏ 25 ਪੰਜਾਬੀਆਂ ਨੂੰ ਇਸ ਜੇਲ੍ਹ ਵਿੱਚ ਡੱਕਿਆ ਗਿਆ ਸੀ। ਇਨ੍ਹਾਂ ਵਿੱਚ ਅਕਾਲੀ ਆਗੂ ਕਰਤਾਰ ਸਿੰਘ ਝੱਬਰ ਅਤੇ ਤੇਜਾ ਸਿੰਘ ਚੂਹੜਕਾਣਾ ਸ਼ਾਮਲ ਸਨ। ਉਂਜ, ਕਰਤਾਰ ਸਿੰਘ ਝੱਬਰ ਲਈ ਇਹ ਜੇਲ੍ਹ ਇੱਕ ਪੱਖ ਤੋਂ ਫ਼ਾਇਦੇਮੰਦ ਵੀ ਰਹੀ। ਕੌਮਾਗਾਟਾ ਮਾਰੂ ਸਾਕੇ ਨਾਲ ਜੁੜੇ ਸੰਗਰਾਮੀਆਂ ਅਤੇ ਗ਼ਦਰੀਆਂ ਨੂੰ ਵੀ ਇਸੇ ਜੇਲ੍ਹ ਵਿੱਚ ਡੱਕਿਆ ਗਿਆ ਸੀ। ਇਹ ਕੈਦੀ ਸਵੇਰੇ ਅੰਮ੍ਰਿਤ ਵੇਲੇ ਗੁਰਬਾਣੀ ਦਾ ਪਾਠ ਕਰਦੇ ਸਨ। ਇਸ ਜੇਲ੍ਹ ਵਿੱਚ ਹੀ ਕਰਤਾਰ ਸਿੰਘ ਝੱਬਰ ਦੇ ਹੱਥ ਲਾਲਾ ਹਰਦਿਆਲ ਦਾ ਉਹ ਪਰਚਾ ਲੱਗਿਆ ਸੀ ਜਿਸ ਵਿੱਚ ਉਸ ਨੇ ਹਿੰਦੀ ਨੂੰ ਪੂਰੇ ਭਾਰਤ ਦੀ ਭਾਸ਼ਾ ਦੱਸਦਿਆਂ ਕਿਹਾ ਸੀ ਕਿ ਪੰਜਾਬੀ ਸੰਪੂਰਨ ਭਾਸ਼ਾ ਨਹੀਂ ਹੈ। ਇਸੇ ਪਰਚੇ ਵਿੱਚ ਹੀ ਗੁਰੂ ਤੇਗ ਬਹਾਦਰ ਜੀ ਬਾਰੇ ਕਈ ਵਿਵਾਦਤ ਟਿੱਪਣੀਆਂ ਸਨ।

ਪੰਜਾਬ ਵਿੱਚ ਕੋਈ ਅਜਿਹਾ ਖੋਜ ਕਾਰਜ ਸਾਹਮਣੇ ਨਹੀਂ ਆਇਆ ਜਿਸ ਤੋਂ ਇੱਥੇ ਕੈਦ ਕੀਤੇ ਗਏ ਪੰਜਾਬੀ ਯੋਧਿਆਂ ਦੀ ਮੁਕੰਮਲ ਸੂਚੀ ਮਿਲ ਸਕੇ। ਕਰਤਾਰਪੁਰ ਵਿਖੇ ਜੰਗ-ਏ-ਆਜ਼ਾਦੀ ਯਾਦਗਾਰ ਦੇ ਉਦਘਾਟਨ ਸਮੇਂ ਇਸ ਦਿਸ਼ਾ ਵਿੱਚ ਭਰਵਾਂ ਕੰਮ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਉਸ ਦਾ ਅਸਰ ਅਜੇ ਸਾਹਮਣੇ ਆਉਣਾ ਬਾਕੀ ਹੈ। ਜਿੰਨੀਆਂ ਵੀ ਸੂਚੀਆਂ ਮਿਲਦੀਆਂ ਹਨ, ਉਹ ਸਾਰੀਆਂ ਹੀ ਅਧੂਰੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਬੱਬਰ ਅਕਾਲੀ ਲਹਿਰ ਦੇ ਕਾਰਕੁਨਾਂ ਨੂੰ ਵੀ ਉਮਰ ਕੈਦ ਦੀ ਸਜ਼ਾ ਦੇ ਕੇ ਇਸ ਜੇਲ੍ਹ ਵਿੱਚ ਬੰਦ ਕੀਤਾ ਗਿਆ ਸੀ, ਪਰ ਇਸ ਸਬੰਧ ਵਿੱਚ ਬਹੁਤਾ ਕੁਝ ਨਹੀਂ ਮਿਲਦਾ। ਇਹ ਖਾੜਕੂ ਜਥੇਬੰਦੀ 1921 ਵਿੱਚ ਆਜ਼ਾਦੀ ਲਈ ਹਥਿਆਰਬੰਦ ਘੋਲ ਲੜਨ ਦੇ ਮਕਸਦ ਨਾਲ ਬਣਾਈ ਗਈ ਸੀ।

1982 ਵਿੱਚ ਧਰਮਯੁੱਧ ਮੋਰਚਾ ਵਿੱਢਣ ਤੋਂ ਬਾਅਦ ਸਾਰੇ ਪਾਰਲੀਮੈਂਟ ਮੈਂਬਰਾਂ ਨੂੰ ਲਿਖੀ ਗਈ ਆਪਣੀ ਇੱਕ ਚਿੱਠੀ ਵਿੱਚ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਲਿਖਿਆ ਸੀ, “ਅਜਿਹੀਆਂ ਘੱਟ ਗਿਣਤੀਆਂ ਵਿੱਚ ਸਿੱਖ ਪ੍ਰਮੁੱਖ ਹਨ। ਆਪਣੀ ਨਿਗੂਣੀ ਗਿਣਤੀ ਦੇ ਬਾਵਜੂਦ ਇਨ੍ਹਾਂ ਨੇ ਮੁਲਕ ਦੇ ਸਮਾਜੀ-ਰੂਹਾਨੀਅਤ ਖੇਤਰ ਅਤੇ ਰਾਜਸੀ ਪੁਨਰ ਨਿਰਮਾਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ। ਅੰਗਰੇਜ਼ਾਂ ਵਿਰੁੱਧ ਲੜੀ ਗਈ ਆਜ਼ਾਦੀ ਦੀ ਜੰਗ ਵਿੱਚ ਸਿੱਖਾਂ ਦਾ ਸਭ ਤੋਂ ਵੱਧ ਯੋਗਦਾਨ ਹੈ। ਇਸ ਸੰਗਰਾਮ ਵਿੱਚ ਫਾਂਸੀ ਲਾਏ ਗਏ 121 ਭਾਰਤੀਆਂ ਵਿੱਚੋਂ 93 ਸਿੱਖ ਸਨ। ਇਸੇ ਤਰ੍ਹਾਂ ਹੀ ਉਮਰ ਕੈਦ ਭੁਗਤ ਰਹੇ 2,646 ਵਿਅਕਤੀਆਂ ਵਿੱਚੋਂ 2,147 ਸਿੱਖ ਸਨ।” ਸ਼੍ਰੋਮਣੀ ਅਕਾਲੀ ਦਲ ਨੇ 1999 ਦੀ ਲੋਕ ਸਭਾ ਚੋਣ ਸਮੇਂ ਜਾਰੀ ਕੀਤੇ ਆਪਣੇ ਮੈਨੀਫੈਸਟੋ ਵਿੱਚ ਕਿਹਾ ਸੀ, “ਅਕਾਲੀ ਦਲ ਦੇ ਬਹਾਦਰ ਯੋਧਿਆਂ ਨੇ ਅੰਦਰੂਨੀ ਤੇ ਬਾਹਰੀ ਹਮਲਿਆਂ ਸਮੇਂ ਮੁਲਕ ਦੀ ਰਾਖੀ ਕਰਦਿਆਂ ਕੁਰਬਾਨੀਆਂ ਦਾ ਸ਼ਾਨਦਾਰ ਇਤਿਹਾਸ ਰਚਿਆ ਹੈ। ਇਨ੍ਹਾਂ ਨੇ ਹੱਸ ਹੱਸ ਕੇ ਕਾਲੇ ਪਾਣੀਆਂ ਦੀ ਸਜ਼ਾ ਭੁਗਤੀ ਅਤੇ ਫਾਂਸੀਆਂ ਦੇ ਰੱਸੇ ਵੀ ਚੁੰਮੇ।”

ਇਨ੍ਹਾਂ ਇਤਿਹਾਸਕ ਤੱਥਾਂ ਦੇ ਬਾਵਜੂਦ ਅੰਡੇਮਾਨ ਤੇ ਇੱਥੋਂ ਦੀ ਸੈਲੂਲਰ ਜੇਲ੍ਹ ਦੇ ਅਜਾਇਬ ਘਰ ਵਿੱਚ ਸਾਰਾ ਜ਼ੋਰ ਵੀ.ਡੀ. ਸਾਵਰਕਰ ਨੂੰ ਕੌਮੀ ਨਾਇਕ ਵਜੋਂ ਉਭਾਰਨ ਉੱਤੇ ਹੀ ਦਿੱਤਾ ਗਿਆ ਹੈ। ਸਾਵਰਕਰ ਇਸ ਸਮੇਂ ਮੁਲਕ ਵਿੱਚ ਵਧ-ਫੁੱਲ ਰਹੀ ਹਿੰਦੂਤਵੀ ਵਿਚਾਰਧਾਰਾ ਦਾ ਅਸਲ ਜਨਮ ਦਾਤਾ ਸੀ। ਪ੍ਰਾਪਤ ਰਿਕਾਰਡ ਅਨੁਸਾਰ ਉਸ ਨੇ ਅੰਗਰੇਜ਼ ਸਰਕਾਰ ਨੂੰ ਪਹਿਲੀ ਚਿੱਠੀ 30 ਅਗਸਤ 1911 ਨੂੰ ਲਿਖੀ ਜਿਹੜੀ ਅੰਗਰੇਜ਼ ਸਰਕਾਰ ਨੇ 3 ਸਤੰਬਰ 1911 ਨੂੰ ਰੱਦ ਕਰ ਦਿੱਤੀ। ਰਿਕਾਰਡ ਅਨੁਸਾਰ ਸਾਵਰਕਰ ਵੱਲੋਂ ਮੁਆਫ਼ੀ ਦੀ ਦੂਜੀ ਅਰਜ਼ੀ 14 ਨਵੰਬਰ 1913 ਲਿਖੀ ਗਈ ਸੀ। ਇਸ ਵਿੱਚ ਉਸ ਨੇ ਲਿਖਿਆ ਸੀ, “ਭਾਰਤੀ ਰਾਜਨੀਤੀ ਦੀ ਅਜੋਕੀ ਘਟਨਾ ਅਤੇ ਭਾਰਤ ਸਰਕਾਰ ਦੀ ਸ਼ਾਂਤੀ ਨੀਤੀ ਨੇ ਇੱਕ ਵਾਰੀ ਫਿਰ ਸੰਵਿਧਾਨਕ ਰਾਹ ਖੋਲ੍ਹ ਦਿੱਤੇ ਹਨ। ਆਪਣੇ ਦਿਲੋਂ ਭਾਰਤ ਅਤੇ ਮਾਨਵਤਾ ਦਾ ਭਲਾ ਸੋਚਣ ਵਾਲਾ ਕੋਈ ਵੀ ਵਿਅਕਤੀ ਅੱਖਾਂ ਮੀਚ ਕੇ ਉਨ੍ਹਾਂ ਕੰਡਿਆਲੇ ਰਾਹਾਂ ਉੱਤੇ ਨਹੀਂ ਤੁਰੇਗਾ ਜਿਨ੍ਹਾਂ ਉੱਤੇ ਸ਼ਾਂਤੀ ਅਤੇ ਵਿਕਾਸ ਦਾ ਰਾਹ ਛੱਡ ਕੇ ਤੁਰਨ ਲਈ 1906-07 ਦੇ ਸਮੇਂ ਦੌਰਾਨ ਦੀ ਉਲਾਰ ਅਤੇ ਨਿਰਾਸ਼ਾ ਵਾਲੀ ਸਥਿਤੀ ਨੇ ਸਾਨੂੰ ਭੜਕਾ ਦਿੱਤਾ ਸੀ।” ਸਾਵਰਕਰ ਵੱਲੋਂ ਤਰਸ ਲਈ ਚੌਥੀ ਪਟੀਸ਼ਨ 30 ਮਾਰਚ 1920 ਨੂੰ ਲਿਖੀ ਗਈ। ਇਸ ਵਿੱਚ ਉਸ ਨੇ ਕਿਹਾ, “ਸਾਡੇ ਮੁਲਕ ਲਈ ਇਸ ਵੇਲੇ ਸਭ ਤੋਂ ਵੱਡਾ ਖ਼ਤਰਾ ਉੱਤਰ ਵੱਲੋਂ ਏਸ਼ੀਆ ਦੇ ਅਤਿਵਾਦੀ ਟੋਲਿਆਂ ਤੋਂ ਹੈ ਜਿਹੜੇ ਕਿਸੇ ਵੇਲੇ ਭਾਰਤ ਲਈ ਮੁਸੀਬਤ ਬਣੇ ਰਹੇ ਜਦੋਂ ਉਹ ਦੁਸ਼ਮਣ ਬਣ ਕੇ ਆਉਂਦੇ ਸਨ। ਇਹ ਭਵਿੱਖ ਵਿੱਚ ਵੀ ਸਾਡੇ ਦੁਸ਼ਮਣ ਹੀ ਰਹਿਣਗੇ ਭਾਵੇਂ ਹੁਣ ਉਹ ਮਿੱਤਰ ਬਣ ਕੇ ਆਉਣਾ ਚਾਹੁੰਦੇ ਹਨ। ਅਜਿਹੀ ਸਥਿਤੀ ਵਿੱਚ ਮੈਂ ਧੁਰ ਅੰਦਰੋਂ ਮਹਿਸੂਸ ਕਰਦਾ ਹਾਂ ਕਿ ਭਾਰਤ ਨੂੰ ਪਿਆਰ ਕਰਨ ਵਾਲੇ ਹਰ ਸਿਆਣੇ ਵਿਅਕਤੀ ਨੂੰ ਮੁਲਕ ਦੇ ਹਿੱਤਾਂ ਲਈ ਅੰਗਰੇਜ਼ ਹਕੂਮਤ ਦਾ ਵਫ਼ਾਦਾਰ ਰਹਿਣਾ ਚਾਹੀਦਾ ਹੈ। ਪੰਜਾਬ ਦੀਆਂ ਸਰਕਾਰਾਂ ਨੇ ਪੰਜਾਬੀਆਂ ਦੇ ਅਮੀਰ ਇਤਿਹਾਸਕ ਵਿਰਸੇ ਦੇ ਚਿੰਨ੍ਹ -ਸੈਲੂਲਰ ਜੇਲ੍ਹ ਨੂੰ ਹੁਣ ਤਕ ਪੂਰੀ ਤਰ੍ਹਾਂ ਵਿਸਾਰੀ ਰੱਖਿਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇੱਥੇ ਇਤਿਹਾਸ ਨੂੰ ਇੱਕ ਖ਼ਾਸ ਰੰਗ ਦੀ ਪੁੱਠ ਦੇ ਕੇ ਵਿਖਾਉਣ ਦੇ ਮਾਮਲੇ ਵਿੱਚ ਤੁਰੰਤ ਦਖ਼ਲ ਦੇਵੇ। ਇਸ ਕਾਰਜ ਲਈ ਪੰਜਾਬ ਸਰਕਾਰ, ਮਮਤਾ ਬੈਨਰਜੀ ਦੀ ਬੰਗਾਲ ਸਰਕਾਰ ਦਾ ਸਹਿਯੋਗ ਵੀ ਲੈ ਸਕਦੀ ਹੈ। ਮੇਰਾ ਸੁਝਾਅ ਹੈ ਕਿ ਇਸ ਕੰਮ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜਾਂ ਤਾਂ ਖ਼ੁਦ ਅੰਡੇਮਾਨ ਜਾਣਾ ਚਾਹੀਦਾ ਹੈ ਜਾਂ ਫਿਰ ਇਤਿਹਾਸ ਦੀ ਸੋਝੀ ਰੱਖਣ ਵਾਲੇ ਮਨਪ੍ਰੀਤ ਸਿੰਘ ਬਾਦਲ ਵਰਗੇ ਆਪਣੇ ਕਿਸੇ ਮੰਤਰੀ ਨੂੰ ਭੇਜਣਾ ਚਾਹੀਦਾ ਹੈ।

## ਅੰਡੇਮਾਨ ਦੀ ਸੈਲੂਲਰ ਜੇਲ੍ਹ ’ਚ ਸਿੱਖ ਯੋਧਿਆਂ ਦੀ ਭੂਮਿਕਾ ਨੂੰ ਮਨਫ਼ੀ ਕਰਨ ਦਾ ਮੁੱਦਾ ਲੋਕ ਸਭਾ ’ਚ ਵੀ ਗੂੰਜਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਾਲੇ ਪਾਣੀਆਂ ਵਜੋਂ ਜਾਣੀ ਜਾਂਦੀ ਅੰਡੇਮਾਨ ਦੀ ਸੈਲੂਲਰ ਜੇਲ੍ਹ ਦੀ ਗਾਥਾ ਵਿੱਚੋਂ ਆਜ਼ਾਦੀ ਲਈ ਲੜਨ ਵਾਲੇ ਪੰਜਾਬੀ ਖਾਸ ਕਰ ਕੇ ਸਿੱਖ ਯੋਧਿਆਂ ਦੀ ਭੂਮਿਕਾ ਨੂੰ ਮਨਫ਼ੀ ਕਰਨ ਦਾ ਮੁੱਦਾ ਲੋਕ ਸਭਾ ਵਿੱਚ ਗੂੰਜਿਆ। ਅਕਾਲੀ ਦਲ ਦੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਇਹ ਮੁੱਦਾ ਚੁੱਕਿਆ।

ਉਨ੍ਹਾਂ ਕਿਹਾ ਕਿ ਸੈਲੂਲਰ ਜੇਲ੍ਹ ਵਿੱਚ ਕੈਦ ਰਹੇ ਪੰਜਾਬੀਆਂ ਦੀ ਸੂਚੀ ਕਾਫ਼ੀ ਲੰਮੀ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸੈਲੂਲਰ ਜੇਲ੍ਹ ਦੀ ਥਾਂ ਬਣੇ ਮਿਊਜ਼ੀਅਮ ਅਤੇ ਉਥੇ ਹਰ ਰੋਜ਼ ਵਿਖਾਏ ਜਾਂਦੇ ‘ਰੌਸ਼ਨੀ ਤੇ ਆਵਾਜ਼’ ਪ੍ਰੋਗਰਾਮ ਵਿੱਚ ਪੰਜਾਬੀਆਂ ਨੂੰ ਉਨ੍ਹਾਂ ਦੇ ਯੋਗਦਾਨ ਅਨੁਸਾਰ ਬਣਦੀ ਥਾਂ ਦਿੱਤੀ ਜਾਵੇ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਅਨੰਤ ਕੁਮਾਰ ਨੇ ਸ੍ਰੀ ਚੰਦੂਮਾਜਰਾ ਨੂੰ ਭਰੋਸਾ ਦਿੱਤਾ ਕਿ ਪੰਜਾਬੀਆਂ, ਖਾਸ ਕਰਕੇ ਸਿੱਖਾਂ ਵੱਲੋਂ ਆਜ਼ਾਦੀ ਸੰਗਰਾਮ ਵਿੱਚ ਪਾਏ ਗਏ ਅਹਿਮ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸਰਕਾਰ ਸੈਲੂਲਰ ਜੇਲ੍ਹ ਦੇ ਮਿਊਜ਼ੀਅਮ ਅਤੇ ਉਥੇ ਵਿਖਾਏ ਜਾਂਦੇ ‘ਰੌਸ਼ਨੀ ਤੇ ਆਵਾਜ਼’ ਪ੍ਰੋਗਰਾਮ ਨੂੰ ਮੁੜ ਘੋਖੇਗੀ ਅਤੇ ਲੋੜ ਪੈਣ ’ਤੇ ਇਸ ਨੂੰ ਮੁੜ ਤਿਆਰ ਕਰਵਾਇਆ ਜਾਵੇਗਾ। ਚੰਦੂਮਾਜਰਾ ਨੇ ਕਿਹਾ ਕਿ ਨਾ ਇਥੋਂ ਦੇ ਮਿਊਜ਼ੀਅਮ ਅਤੇ ਨਾ ਹੀ ਹਰ ਰੋਜ਼ ਵਿਖਾਏ ਜਾਂਦੇ ਪ੍ਰੋਗਰਾਮ ਵਿਚ ਪੰਜਾਬੀਆਂ ਦੀ ਭੂਮਿਕਾ ਦਾ ਕੋਈ ਜ਼ਿਕਰ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੀ ਲੜਾਈ ਲੜਨ ਵਾਲੇ ਪੰਜਾਬੀ ਯੋਧਿਆਂ ਨੂੰ ਜੇਲ੍ਹਾਂ ਵਿੱਚ ਬੰਦ ਰੱਖਿਆ ਜਾਂਦਾ ਰਿਹਾ ਅਤੇ ਇਨ੍ਹਾਂ ਵਿੱਚ ਗ਼ਦਰ ਪਾਰਟੀ, ਕਾਮਾਗਾਟਾਮਾਰੂ, ਅਕਾਲੀ ਲਹਿਰ ਅਤੇ ਬੱਬਰ ਅਕਾਲੀ ਪਾਰਟੀਆਂ ਦੇ ਆਗੂ ਸ਼ਾਮਲ ਸਨ। ਇਨ੍ਹਾਂ ਸਾਰੇ ਆਗੂਆਂ ਨੇ ਇਸ ਜੇਲ੍ਹ ਵਿੱਚ ਬੰਦ ਰਹਿ ਕੇ ਅਨੇਕਾਂ ਤਸੀਹੇ ਝੱਲੇ। ਅਕਾਲੀ ਆਗੂ ਨੇ ਕਿਹਾ ਕਿ ਸੈਲਲੂਰ ਜੇਲ੍ਹ ਦੀ ਗਾਥਾ ਵਿੱਚੋਂ ਸਿੱਖਾਂ ਦੀ ਭੂਮਿਕਾ ਨੂੰ ਮਨਫ਼ੀ ਹੀ ਕਰ ਦਿੱਤਾ ਗਿਆ ਹੈ ਜਦੋਂ ਕਿ ਬੰਗਾਲੀਆਂ ਤੋਂ ਬਾਅਦ ਇਸ ਜੇਲ੍ਹ ਵਿੱਚ ਸਭ ਤੋਂ ਵੱਧ ਗਿਣਤੀ ਪੰਜਾਬੀਆਂ, ਖਾਸ ਕਰ ਕੇ ਸਿੱਖਾਂ ਦੀ ਹੀ ਸੀ।

## ਗੁਰਦੁਆਰਾ ਕੰਗਣਘਾਟ ਸਾਹਿਬ ਦਾ ਨੀਂਹ ਪੱਥਰ ਰੱਖਣਗੇ ਨਿਤੀਸ਼ ਕੁਮਾਰ

**ਜਲੰਧਰ/ਬਿਊਰੋ ਨਿਊਜ਼ :** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵਿਸਾਖੀ ਮੌਕੇ ਨਵੇਂ ਉਸਾਰੇ ਜਾਣ ਵਾਲੇ ਗੁਰਦੁਆਰਾ ਕੰਗਣਘਾਟ ਸਾਹਿਬ ਦਾ ਨੀਂਹ ਪੱਥਰ ਰੱਖਣਗੇ। ਇਹ ਗੁਰੂ ਘਰ ਪੁਰਾਣੇ ਗੁਰਦੁਆਰਾ ਕੰਗਣਘਾਟ ਦੇ ਬਿਲਕੁਲ ਨੇੜੇ ਉਸਾਰਿਆ ਜਾ ਰਿਹਾ ਹੈ। ਨਵੇਂ ਉਸਾਰੇ ਜਾਣ ਵਾਲੇ ਇਸ ਗੁਰੂ ਘਰ ਲਈ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਸਰਕਾਰ ਵੱਲੋਂ ਜ਼ਮੀਨ ਦਾਨ ਦਿੱਤੀ ਹੈ। ਇਸ ਦੀ ਸੇਵਾ ਸੰਤ ਬਚਨ ਸਿੰਘ ਅਤੇ ਬਾਬਾ ਮਹਿੰਦਰ ਸਿੰਘ ਕਰਵਾ ਰਹੇ ਹਨ। ਪੁਰਾਣੇ ਕੰਗਣਘਾਟ ਗੁਰਦੁਆਰਾ ਸਾਹਿਬ ਦੀ ਇਮਾਰਤ ਛੋਟੀ ਹੈ। ਗੰਗਾ ਤੱਟ ’ਤੇ ਨਵੇਂ ਬਣਾਏ ਜਾ ਰਹੇ ਗੁਰਦੁਆਰਾ ਕੰਗਣਘਾਟ ਸਾਹਿਬ ਦਾ ਨੀਂਹ ਪੱਥਰ ਰੱਖਣ ਮੌਕੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਸਮੇਤ ਸਿੱਖ ਪੰਥ ਦੀਆਂ ਹੋਰ ਕਈ ਸ਼ਖ਼ਸੀਅਤਾਂ ਹਾਜ਼ਰ ਹੋਣਗੀਆਂ। ਇਸ ਬਾਰੇ ਭਾਈ ਗੁਰਇਕਬਾਲ ਸਿੰਘ ਨੇ ਦੱਸਿਆ ਕਿ ਗੰਗਾ ਦਾ ਵਹਾਅ ਕਾਫ਼ੀ ਪਿੱਛੇ ਹਟ ਗਿਆ ਹੈ ਅਤੇ ਹੁਣ ਉੱਥੇ ਹੀ ਨਵੇਂ ਘਾਟ ਉਸਾਰੇ ਜਾ ਰਹੇ ਹਨ ਜਿੱਥੇ ਗੰਗਾ ਵਗਦੀ ਹੈ।

ਜ਼ਿਕਰਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਸਮੇਂ ਪਟਨਾ ਵਿੱਚ ਕੀਤੇ ਗਏ ਬੇਮਿਸਾਲ ਪ੍ਰਬੰਧਾਂ ਸਦਕਾ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਸਿੱਖ ਜਗਤ ਵਿੱਚ ਬਹੁਤ ਸਤਿਕਾਰ ਮਿਲਿਆ ਹੈ। ਸ਼ਤਾਬਦੀ ਸਮਾਗਮਾਂ ਦੌਰਾਨ ਗੁਰਦੁਆਰਾ ਕੰਗਣਘਾਟ ਸਾਹਿਬ ਦੀ ਪੁਰਾਣੀ ਇਮਾਰਤ ਦੀ ਮੁਰੰਮਤ ਇਸੇ ਕਰਕੇ ਨਹੀਂ ਸੀ ਕਰਵਾਈ ਜਾ ਸਕੀ ਕਿਉਂਕਿ ਇਸ ਸਬੰਧੀ ਵਿਵਾਦ ਚੱਲ ਰਿਹਾ ਸੀ। ਹੁਣ ਪੁਰਾਣੀ ਇਮਾਰਤ ਨੂੰ ਛੇੜੇ ਬਿਨਾਂ ਹੀ ਨਾਲ ਲੱਗਦੀ ਥਾਂ ’ਤੇ ਨਵੀਂ ਬਣਾਈ ਇਮਾਰਤ ਬਣਾਈ ਜਾ ਰਹੀ ਹੈ।

## ਐਸ.ਐਸ.ਪੀ. ਇੰਦਰਬੀਰ ਸਿੰਘ ਤੇ 4 ਹੋਰ ਅਧਿਕਾਰੀਆਂ ਵਿਰੁੱਧ ਜਬਰੀ ਵਸੂਲੀ ਦੇ ਦੋਸ਼ਾਂ ਦੀ ਜਾਂਚ ਵਿਜੀਲੈਂਸ ਹਵਾਲੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਗਰੂਰ ਦੇ ਸਾਬਕਾ ਜ਼ਿਲ੍ਹਾ ਪੁਲੀਸ ਮੁਖੀ ਇੰਦਰਵੀਰ ਸਿੰਘ ਤੇ 4 ਹੋਰ ਅਧਿਕਾਰੀਆਂ ਖ਼ਿਲਾਫ਼ ਰਿਸ਼ਵਤ ਮਾਮਲੇ ਵਿਚ ਫੌਰੀ ਕਾਰਵਾਈ ਕਰਦਿਆਂ ਇਸ ਮਾਮਲੇ ਦੀ ਜਾਂਚ ਦਾ ਕੰਮ ਵਿਜੀਲੈਂਸ ਬਿਊਰੋ ਹਵਾਲੇ ਕਰ ਦਿੱਤਾ ਹੈ। ਇਸ ਸਬੰਧੀ ਮੌਜੂਦਾ ਜ਼ਿਲ੍ਹਾ ਪੁਲੀਸ ਮੁਖੀ ਵੱਲੋਂ ਰਿਪੋਰਟ ਭੇਜੀ ਗਈ ਸੀ, ਜਿਸ ਵਿਚ ਉਨ੍ਹਾਂ ਵੱਲੋਂ 2 ਕਿਸਾਨਾਂ ਤੋਂ ਸਾਢੇ 19 ਲੱਖ ਰੁਪਏ ਝੂਠੇ ਕੇਸ ਵਿਚ ਨਾ ਫਸਾਉਣ ਲਈ ਰਿਸ਼ਵਤ ਵਜੋਂ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਅੰਗਰੇਜ਼ੀ ਦੇ ਇਕ ਅਖ਼ਬਾਰ ਵਿਚ ਛਪੀ ਖ਼ਬਰ ਦਾ ਸਖ਼ਤ ਨੋਟਿਸ ਲੈਂਦਿਆਂ ਮੁੱਖ ਮੰਤਰੀ ਵੱਲੋਂ ਮੁੰਬਈ ਤੋਂ ਇਸ ਸਬੰਧੀ ਆਦੇਸ਼ ਦਿੱਤੇ ਗਏ ਤਾਂ ਜੋ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾ ਸਕੇ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਸੰਗਰੂਰ ਦੇ ਸਾਬਕਾ ਜ਼ਿਲ੍ਹਾ ਪੁਲੀਸ ਮੁਖੀ ਇੰਦਰਵੀਰ ਸਿੰਘ ਜਿਨ੍ਹਾਂ ਦਾ ਨਾਂਅ ਚੰਡੀਗੜ੍ਹ ਕੇਂਦਰੀ ਪ੍ਰਦੇਸ਼ ਦੇ ਜ਼ਿਲ੍ਹਾ ਪੁਲੀਸ ਮੁਖੀ ਲਈ ਪੈਨਲ ਵਿਚ ਭੇਜਿਆ ਗਿਆ ਸੀ, ਨੂੰ ਵੀ ਪੈਨਲ ਵਿਚੋਂ ਵਾਪਸ ਲੈਣ ਦੇ ਆਦੇਸ਼ ਦਿੱਤੇ ਹਨ। ਸੂਚਨਾ ਅਨੁਸਾਰ ਲੌਂਗੋਵਾਲ ਦੇ ਇਕ 25 ਸਾਲਾ ਫਾਈਨਾਂਸਰ ਹਰਦੇਵ ਸਿੰਘ ਨੂੰ ਇਸ ਸਾਲ ਫਰਵਰੀ ਵਿਚ ਦਵਿੰਦਰ ਸਿੰਘ ਉਰਫ਼ ਬੱਬਲੀ ਰੰਧਾਵਾ ਦੀ ਅਗਵਾਈ ਵਿਚਲੇ ਪੰਜ ਮੈਂਬਰੀ ਗੈਂਗ ਵੱਲੋਂ ਕਤਲ ਕੀਤਾ ਗਿਆ ਸੀ ਅਤੇ ਉਸ ਦੇ ਕਤਲ ਦੀ ਮਨਾਈ ਗਈ ਖੁਸ਼ੀ ਸਬੰਧੀ ਬਾਅਦ ਵਿਚ ਇਕ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਪਾਈ ਗਈ ਸੀ। ਸੰਗਰੂਰ ਦੇ ਪਿੰਡ ਕੋਤਰਾ ਅਮਰੂ ਦੇ ਧਨਵੰਤ ਸਿੰਘ ਅਤੇ ਪਿੰਡ ਧੁੱਗਾ ਦੇ ਹਰਜਿੰਦਰ ਸਿੰਘ ਜੋ ਕਿ ਗੈਂਗਸਟਰ ਬਬਲੀ ਰੰਧਾਵਾ ਨੂੰ ਉਸ ਦੇ ਅਪਰਾਧਿਕ ਜਗਤ ਵਿਚ ਸਰਗਰਮ ਹੋਣ ਤੋਂ ਪਹਿਲਾਂ ਜਾਣਦੇ ਸਨ, ਨੂੰ ਪੁਲੀਸ ਵੱਲੋਂ ਹਿਰਾਸਤ ਵਿਚ ਲੈ ਲਿਆ ਗਿਆ ਤੇ ਕਿਹਾ ਗਿਆ ਕਿ ਅਗਰ ਉਹ ਚਾਹੁੰਦੇ ਹਨ ਕਿ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਾ ਹੋਵੇ ਤਾਂ ਉਹ ਸਾਢੇ 19 ਲੱਖ ਰੁਪਇਆ ਆਪਣੀ ਜਾਨ ਬਖ਼ਸ਼ੀ ਲਈ ਦੇਣ। ਰਿਪੋਰਟ ਅਨੁਸਾਰ ਉਕਤ ਕਿਸਾਨਾਂ ਤੋਂ ਪੁਲੀਸ ਅਧਿਕਾਰੀਆਂ ਵੱਲੋਂ ਇਹ ਰਾਸ਼ੀ ਪ੍ਰਾਪਤ ਕੀਤੀ ਗਈ ਅਤੇ ਕਿਸਾਨਾਂ ਨੂੰ ਇਸ ਮੰਤਵ ਲਈ ਕਰਜ਼ਾ ਚੁੱਕਣਾ ਪਿਆ ਅਤੇ ਜ਼ਮੀਨ ਵੀ ਵੇਚਣੀ ਪਈ। ਰਵੀਨ ਠੁਕਰਾਲ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਸਪਸ਼ਟ ਆਦੇਸ਼ ਦਿੱਤੇ ਗਏ ਹਨ ਕਿ ਅਜਿਹੇ ਭ੍ਰਿਸ਼ਟਾਚਾਰ ਨੂੰ ਕਿਸੇ ਕੀਮਤ ’ਤੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸ੍ਰੀ ਠੁਕਰਾਲ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਇਹ ਕਾਰਵਾਈ ਸੰਗਰੂਰ ਦੇ ਮੌਜੂਦਾ ਐਸ.ਐਸ.ਪੀ. ਮਨਦੀਪ ਸਿੰਘ ਸਿੱਧੂ, ਪਟਿਆਲਾ ਜ਼ੋਨ ਦੇ ਆਈ.ਜੀ. ਏ.ਐਸ. ਰਾਏ ਅਤੇ ਡੀ.ਆਈ.ਜੀ. ਸੁਖਚੈਨ ਸਿੰਘ ਗਿੱਲ ਦੀ ਰਿਪੋਰਟ ਦੇ ਆਧਾਰ ’ਤੇ ਕੀਤੀ ਹੈ।

HYDERABAD PAVILION

VEGETABLES
FRESHLY MADE EVERYDAY!

39030 Argonaut Way, Fremont, CA 94538


BHINDI MASALA


PALAK PANEER


PANEER MAKHANI


MALAI KOFTA


DAL MAKHANI


ALOO GOBI

THALI • BIRYANI • TANDOORI

ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜ਼ਾਇਕਾ ਸਿਰਫ਼
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।



ORDER AHEAD & PICKUP, CALL:
510.713.0183


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# ਸੀਰੀਆ ਰਸਾਇਣਕ ਹਮਲਾ : ਜੌੜੇ ਬੱਚਿਆਂ ਦੀਆਂ ਲਾਸ਼ਾਂ ਚੁੱਕੀ ਪਿਤਾ ਦੀ ਤਸਵੀਰ ਨੇ ਦੁਨੀਆ ਨੂੰ ਝੰਜੋੜਿਆ

## ਹਮਲੇ ਵਿਚ ਪਰਿਵਾਰ ਦੇ 22 ਜੀਆਂ ਦੀ ਮੌਤ



**ਬੈਰੂਤ/ਬਿਊਰੋ ਨਿਊਜ਼ :** ਬੱਚਿਆਂ ਨੂੰ ਪਿਆਰ ਨਾਲ ਗੋਦੀ ਚੁੱਕਣਾ ਸਾਰੇ ਮਾਪਿਆਂ ਲਈ ਸਕੂਨ ਵਾਲੀ ਗੱਲ ਹੈ ਪਰ ਆਪਣੇ ਮਰੇ ਹੋਏ ਬੱਚਿਆਂ ਦੇ ਮ੍ਰਿਤਕ ਸਰੀਰਾਂ ਨੂੰ ਚੁੱਕਣਾ ਤੇ ਫਿਰ ਜ਼ਮੀਨ ਵਿਚ ਦਫ਼ਨ ਕਰਨਾ, ਕਿੰਨਾਂ ਮੁਸ਼ਕਲ ਹੈ, ਇਹ ਤਾਂ ਉਹ ਮਾਪੇ ਹੀ ਜਾਣ ਸਕਦੇ ਹਨ ਜਿਨ੍ਹਾਂ 'ਤੇ ਅਜਿਹਾ ਦੁੱਖ ਭਰਿਆ ਭਾਣਾ ਵਾਪਰਦਾ ਹੈ। ਸੱਚ ਹੀ ਕਹਿੰਦੇ ਹਨ ਕਿ ਤਬੂਤ ਜਿੰਨਾ ਛੋਟਾ ਹੋਵੇ, ਉਸ ਦਾ ਦਰਦ ਉਨ੍ਹਾਂ ਹੀ ਜ਼ਿਆਦਾ ਹੁੰਦਾ ਹੈ। ਅਬਦੇਲ ਯੂਸਫ ਨੇ ਜਦੋਂ ਆਪਣੇ 9 ਮਹੀਨੇ ਦੇ ਜੁੜਵਾਂ ਮ੍ਰਿਤਕ ਬੱਚਿਆਂ ਨੂੰ ਦੋਵਾਂ ਬਾਹਾਂ ਵਿਚ ਲੈ ਕੇ ਸੀਨੇ ਨਾਲ ਲਗਾਇਆ ਸੀ, ਉਸ ਸਮੇਂ ਦੁਨੀਆ ਦੀ ਕੋਈ ਵੀ ਤਾਕਤ ਯੂਸਫ਼ ਨੂੰ ਰਾਹਤ ਨਹੀਂ ਦੇ ਸਕਦੀ ਸੀ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਯੂਸਫ ਦੀ ਤਕਲੀਫ਼ ਇੱਥੇ ਹੀ ਖ਼ਤਮ ਨਹੀਂ ਹੋਈ। ਬੀਤੇ ਮੰਗਲਵਾਰ ਸੀਰੀਆ ਦੇ ਇਦਲਿਬ ਸੂਬੇ ਵਿਚ ਹੋਏ ਰਸਾਇਣਕ ਹਮਲੇ ਵਿਚ ਉਸ ਦੇ ਪਰਿਵਾਰ ਦੇ 22 ਮੈਂਬਰ ਮਾਰੇ ਗਏ। ਯੂਸਫ਼ ਨੇ ਉਨ੍ਹਾਂ ਸਾਰਿਆਂ ਨੂੰ ਇਕ ਵੱਡੀ ਕਬਰ ਵਿਚ ਇਕੱਠਿਆਂ ਹੀ ਦਫ਼ਨ ਕਰ ਦਿੱਤਾ। ਸੂਤਰਾਂ ਮੁਤਾਬਕ ਇਸ ਰਸਾਇਣਕ ਹਮਲੇ ਵਿਚ 80 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ ਬੱਚਿਆਂ ਦੀ ਗਿਣਤੀ ਸਭ ਤੋਂ ਵੱਧ ਹੈ। ਅਸਲ ਵਿਚ ਇਹ ਹਮਲਾ ਗ੍ਰਹਿ ਯੁੱਧ ਦੇ ਚੱਲਦਿਆਂ ਰਾਸ਼ਟਰਪਤੀ ਵੱਲੋਂ ਵਿਰੋਧੀ ਧੜੇ ਦੇ ਇਲਾਕੇ ਵਿਚ ਕੀਤਾ ਗਿਆ। ਇਸ ਹਮਲੇ ਵਿਚ ਸਾਰਿਨ ਨਾਮਕ ਰੰਗ-ਰਹਿਤ ਮਾਰੂ ਰਸਾਇਣਕ ਗੈਸ ਦੀ ਵਰਤੋਂ ਕੀਤੀ ਗਈ, ਜੋ ਕਿ ਨਾੜੀ ਤੰਤਰ ਉਪਰ ਅਜਿਹਾ ਹਮਲਾ ਕਰਦੀ ਹੈ ਕਿ ਕੁਝ ਸਮੇਂ ਵਿਚ ਹੀ ਇਨਸਾਨ ਦੀ ਮੌਤ ਹੋ ਜਾਂਦੀ ਹੈ। ਇਸ ਹਮਲੇ ਨੇ ਹਕੂਮਤ ਦੇ ਭੁੱਖਿਆਂ ਵਿਚ ਖ਼ਤਮ ਹੋਈ ਇਨਸਾਨੀਅਤ ਨੂੰ ਦਰਸਾਇਆ ਹੈ। ਜਿਸ ਇਲਾਕੇ ਵਿਚ ਇਹ ਹਮਲਾ ਹੋਇਆ, ਉਹ ਵਿਰੋਧੀ ਗੁੱਟ ਦੇ ਕਬਜ਼ੇ ਵਿਚ ਹੈ। ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅਲ-ਅਸਦ ਦੀ ਸੱਤਾ ਖ਼ਿਲਾਫ 6 ਸਾਲ ਪਹਿਲਾਂ ਇਹ ਗ੍ਰਹਿ ਯੁੱਧ ਸ਼ੁਰੂ ਹੋਇਆ ਸੀ। ਰੂਸ ਵੀ ਇਸ ਗ੍ਰਹਿ ਯੁੱਧ ਵਿਚ ਅਸਦ ਸਰਕਾਰ ਦੇ ਨਾਲ ਹੈ।

### ਨੇਕੀ ਹੇਲੀ ਨੇ ਕਿਹਾ-ਅਮਰੀਕਾ ਨੂੰ ਕਾਰਵਾਈ ਲਈ ਹੋਣਾ ਪਵੇਗਾ ਮਜਬੂਰ

ਇਸ ਹਮਲੇ ਸਬੰਧੀ ਸੰਯੁਕਤ ਰਾਸ਼ਟਰ ਵਿਚ ਹੋਈ ਸੁਰੱਖਿਆ ਪ੍ਰੀਸ਼ਦ ਦੀ ਹੰਗਾਮੀ ਬੈਠਕ ਵਿਚ ਅਮਰੀਕਾ ਦੀ ਰਾਜਦੂਤ ਨਿੱਕੀ ਹੈਲੀ ਨੇ ਕਿਹਾ ਕਿ ਜਿੱਥੇ ਸੰਯੁਕਤ ਰਾਸ਼ਟਰ ਲਗਾਤਾਰ ਆਪਣੀ ਜ਼ਿੰਮੇਵਾਰੀ ਪੂਰੀ ਕਰਨ ਤੋਂ ਨਾਕਾਮ ਹੋ ਜਾਂਦਾ ਹੈ, ਤਾਂ ਕਈ ਮੌਕਿਆਂ 'ਤੇ ਅਮਰੀਕਾ ਨੂੰ ਆਪਣੇ ਪੱਧਰ 'ਤੇ ਕਾਰਵਾਈ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਹੈਲੀ ਨੇ ਕਿਹਾ ਕਿ ਜਦੋਂ ਤੱਕ ਰੂਸ ਸ਼ਹਿ ਦੇਣਾ ਬੰਦ ਨਹੀਂ ਕਰਦਾ, ਅਸਦ ਇਸ ਤਰ੍ਹਾਂ ਦੇ ਹਮਲੇ ਬੰਦ ਨਹੀਂ ਕਰੇਗਾ। ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਿਆਨ ਜਾਰੀ ਕੀਤਾ ਕਿ ਇਹ ਹਮਲਾ ਕਈ ਸੀਮਾਵਾਂ ਲੰਘ ਚੁੱਕਾ ਹੈ।

# ਕਸ਼ਮੀਰੀ ਨੌਜਵਾਨ ਭੁੱਖੇ ਮਰ ਜਾਣਗੇ ਪਰ ਆਜ਼ਾਦੀ ਲਈ ਪਥਰਾਅ ਕਰਨਗੇ : ਫਾਰੂਕ ਅਬਦੁੱਲਾ

**ਸ੍ਰੀਨਗਰ/ਬਿਊਰੋ ਨਿਊਜ਼ :** ਸਾਬਕਾ ਕੇਂਦਰੀ ਮੰਤਰੀ ਤੇ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਡਾ. ਫਾਰੂਕ ਅਬਦੁੱਲਾ ਨੇ ਮੁੜ ਵਿਵਾਦਗ੍ਰਸਤ ਬਿਆਨ ਦਿੰਦਿਆਂ ਕਿਹਾ ਹੈ ਕਿ ਕਸ਼ਮੀਰੀ ਨੌਜਵਾਨ ਕਸ਼ਮੀਰ ਮਸਲੇ ਨੂੰ ਉਜਾਗਰ ਕਰਨ ਲਈ ਸੁਰੱਖਿਆ ਬਲਾਂ 'ਤੇ ਪਥਰਾਅ ਕਰਕੇ ਆਪਣੀਆਂ ਜਾਨਾਂ ਦੇ ਰਹੇ ਹਨ। ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਬਦੁੱਲਾ 2 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚੇਨਾਨੀ-ਨਾਸ਼ਰੀ ਸੁਰੰਗ ਦਾ ਉਦਘਾਟਨ ਕਰਨ ਮੌਕੇ ਦਿੱਤੇ ਬਿਆਨ ਕਿ ਕਸ਼ਮੀਰੀ ਯੁਵਕਾਂ ਨੂੰ ਅੱਤਵਾਦ ਜਾਂ ਸੈਰ-ਸਪਾਟੇ ਵਿਚੋਂ ਇਕ ਦੀ ਚੋਣ ਕਰਨੀ ਹੋਵੇਗੀ 'ਤੇ ਪ੍ਰਤੀਕਿਰਿਆ ਦੇ ਰਹੇ ਸਨ। ਸ੍ਰੀਨਗਰ ਦੇ ਗੁਪਕਾਰ ਵਿਖੇ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਅਬਦੁੱਲਾ ਨੇ ਕਿਹਾ ਕਿ ਬਿਨਾਂ ਸ਼ੱਕ ਸੈਰ-ਸਪਾਟਾ ਸਾਡੀ ਜੀਵਨ-ਰੇਖਾ ਹੈ ਪਰ ਪਥਰਾਅ ਕਰਨ ਵਾਲਿਆਂ ਦਾ ਇਸ ਨਾਲ ਕੋਈ ਸਰੋਕਾਰ ਨਹੀਂ ਤੇ ਉਹ ਸਿਰਫ ਕਸ਼ਮੀਰ ਮਸਲੇ ਨੂੰ ਉਜਾਗਰ ਕਰਨ ਲਈ ਇਹ ਸਭ ਕੁਝ ਕਰ ਰਹੇ ਹਨ। ਫਾਰੂਕ ਨੇ ਕਿਹਾ ਕਿ ਉਹ ਭੁੱਖੇ ਮਰ ਜਾਣਗੇ ਪਰ ਕਸ਼ਮੀਰ ਮਸਲੇ ਦੇ ਹੱਲ ਤਕ ਉਹ ਪਥਰਾਅ ਕਰਦੇ ਰਹਿਣਗੇ। ਉਹ ਕਿਸੇ ਟੂਰਜ਼ਿਮ ਤੇ ਪੈਕੇਜ਼ਾਂ ਲਈ ਨਹੀਂ ਸਗੋਂ ਕਸ਼ਮੀਰ ਦੀ ਆਜ਼ਾਦੀ ਲਈ ਜਾਨਾਂ ਕੁਰਬਾਨ ਕਰ ਰਹੇ ਹਨ ਤੇ ਇਹ ਗੱਲ ਸਮਝਣ ਦੀ ਜ਼ਰੂਰਤ ਹੈ। ਫਾਰੂਕ ਅਬਦੁਲਾ ਨੇ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਰਿਆਸਤ ਦੇ ਵਿਸ਼ੇਸ਼ ਦਰਜੇ ਤੇ ਮੁਸਲਿਮ ਬਹੁਗਿਣਤੀ ਦੇ ਤਨਾਸਬ ਨੂੰ ਘੱਟ ਕਰਨ ਲਈ ਸਾਜ਼ਿਸ਼ਾਂ ਹੋ ਰਹੀਆਂ ਹਨ, ਜਿਸ ਨੂੰ ਰੋਕਣ ਲਈ ਨੈਸ਼ਨਲ ਕਾਨਫਰੰਸ ਦੇ ਉਮੀਦਵਾਰ ਦੀ ਜਿੱਤ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਉਹ ਸ੍ਰੀਨਗਰ ਲੋਕ ਸਭਾ ਹਲਕੇ ਤੋਂ ਕਾਂਗਰਸ ਨਾਲ ਮਿਲ ਕੇ ਚੋਣ ਲੜ ਰਹੇ ਹਨ।



# ਹਿੰਸਾ ਕਾਰਨ ਅਨੰਤਨਾਗ ਜ਼ਿਮਨੀ ਚੋਣ ਮੁਲਤਵੀ

**ਨਵੀਂ ਦਿੱਲੀ/ਸ੍ਰੀਨਗਰ/ਬਿਊਰੋ ਨਿਊਜ਼ :** ਕਸ਼ਮੀਰ ਵਾਦੀ ਵਿੱਚ ਹਿੰਸਾ ਦਾ ਦੌਰ ਜਾਰੀ ਰਹਿਣ ਕਾਰਨ ਚੋਣ ਕਮਿਸ਼ਨ ਨੇ ਅਨੰਤਨਾਗ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਮੁਲਤਵੀ ਕਰ ਦਿੱਤੀ। ਇਹ ਚੋਣ 12 ਅਪ੍ਰੈਲ ਨੂੰ ਹੋਣੀ ਸੀ, ਜੋ ਹੁਣ 25 ਮਈ ਨੂੰ ਕਰਵਾਈ ਜਾਵੇਗੀ। ਇਸੇ ਤਰ੍ਹਾਂ ਸ੍ਰੀਨਗਰ ਹਲਕੇ ਦੀ ਬੀਤੇ ਦਿਨ ਹੋਈ ਜ਼ਿਮਨੀ ਚੋਣ ਵਿੱਚ ਵੀ ਭਾਰੀ ਹਿੰਸਾ ਤੇ ਘੱਟ ਪੋਲਿੰਗ ਕਾਰਨ ਕਮਿਸ਼ਨ ਵੱਲੋਂ ਪ੍ਰਭਾਵਿਤ ਪੋਲਿੰਗ ਸਟੇਸ਼ਨਾਂ ਵਿੱਚ ਮੁੜ ਪੋਲਿੰਗ ਕਰਾਉਣ ਲਈ ਵਿਚਾਰ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਅਜਿਹੇ ਦੋ ਸਰਕਾਰੀ ਸਕੂਲਾਂ ਨੂੰ ਅੱਗ ਲਾ ਦਿੱਤੀ, ਜਿਨ੍ਹਾਂ ਸਕੂਲਾਂ ਵਿੱਚ ਪੋਲਿੰਗ ਸਟੇਸ਼ਨ ਬਣਨੇ ਸਨ। ਹਿੰਸਾ ਦਾ ਦੌਰ ਜਾਰੀ ਰਹਿਣ ਕਾਰਨ ਇਸ ਹਲਕੇ ਤੋਂ ਪੀਡੀਪੀ ਦੇ ਉਮੀਦਵਾਰ ਤਸੱਦੁਕ ਮੁਫ਼ਤੀ ਨੇ ਚੋਣ ਕਮਿਸ਼ਨ ਨੂੰ ਇਹ ਜ਼ਿਮਨੀ ਚੋਣ ਮੁਲਤਵੀ ਕਰਨ ਦੀ ਅਪੀਲ ਕੀਤੀ ਸੀ। ਮੁੱਖ ਮੰਤਰੀ ਦੇ ਗ੍ਰਹਿ 'ਫੇਅਰਵਿਊ' ਵਿੱਚ ਸੱਦੀ ਪ੍ਰੈੱਸ ਕਾਨਫਰੰਸ ਦੌਰਾਨ ਤਸੱਦੁਕ ਮੁਫ਼ਤੀ ਨੇ ਕਿਹਾ ਕਿ ਉਨ੍ਹਾਂ ਦੀ ਚੋਣ ਕਮਿਸ਼ਨ ਨੂੰ ਅਪੀਲ ਹੈ ਕਿ ਜਦੋਂ ਤੱਕ ਹਾਲਾਤ ਸੁਧਰ ਨਹੀਂ ਜਾਂਦੇ, ਉਦੋਂ ਤੱਕ ਚੋਣਾਂ ਮੁਲਤਵੀ ਕੀਤੀਆਂ ਜਾਣ। ਜਦੋਂ ਪੁੱਛਿਆ ਗਿਆ ਕਿ ਕੀ ਜੇ ਚੋਣ ਕਮਿਸ਼ਨ ਨੇ ਚੋਣ ਮੁਲਤਵੀ ਨਾ ਕੀਤੀ ਤਾਂ ਉਹ ਚੋਣ ਲੜਨ ਤੋਂ ਆਪਣਾ ਨਾਂ ਵਾਪਸ ਲੈਣਗੇ ਤਾਂ ਉਨ੍ਹਾਂ ਕਿਹਾ ਕਿ "ਜੇ ਮੇਰੇ ਮੈਦਾਨ ਵਿੱਚੋਂ ਹਟਣ ਨਾਲ ਚੋਣਾਂ ਮੁਲਤਵੀ ਹੋਣ ਵਿੱਚ ਮਦਦ ਮਿਲੇਗੀ ਤਾਂ ਮੈਂ ਨਾਂ ਵਾਪਸ ਲੈ ਕੇ ਖ਼ੁਸ਼ ਹੋਵਾਂਗਾ।" ਸ੍ਰੀਨਗਰ ਸ਼ਹਿਰ, ਜਿੱਥੇ ਸੁਰੱਖਿਆ ਦਸਤਿਆਂ ਦੀ ਗੋਲੀਬਾਰੀ ਵਿੱਚ ਅੱਠ ਜਣੇ ਮਾਰੇ ਗਏ ਸਨ, ਵਿੱਚ ਸੁਰੱਖਿਆ ਲਈ ਹੋਰ ਜਵਾਨ ਤਾਇਨਾਤ ਕਰ ਦਿੱਤੇ ਗਏ। ਇਕ ਪੁਲੀਸ ਅਧਿਕਾਰੀ ਨੇ ਕਿਹਾ ਕਿ ਸ਼ੋਪੀਆਂ ਜ਼ਿਲ੍ਹੇ ਵਿੱਚ ਸ਼ਰਾਰਤੀ ਅਨਸਰਾਂ ਨੇ ਇਕ ਸਰਕਾਰੀ ਸਕੂਲ ਦੀ ਇਮਾਰਤ ਨੂੰ ਅੱਗ ਲਾ ਦਿੱਤੀ। ਇਕ ਹੋਰ ਘਟਨਾ ਵਿੱਚ ਸ਼ਰਾਰਤੀਆਂ ਨੇ ਪੁਲਵਾਮਾ ਜ਼ਿਲ੍ਹੇ ਦੇ ਅਰੀਹਲ ਇਲਾਕੇ ਵਿੱਚ ਸਕੂਲ ਇਮਾਰਤ ਫੂਕ ਦਿੱਤੀ। ਇਨ੍ਹਾਂ ਦੋਵਾਂ ਸਕੂਲਾਂ ਵਿੱਚ ਪੋਲਿੰਗ ਬੂਥ ਬਣਨੇ ਸਨ। ਪੁਲੀਸ ਨੇ ਕਿਹਾ ਕਿ ਅਨੰਤਨਾਗ ਲੋਕ ਸਭਾ ਹਲਕੇ ਵਿੱਚ ਫੌਜਦਾਰੀ ਜ਼ਾਬਤੇ ਦੀ ਧਾਰਾ 144 ਅਧੀਨ ਚਾਰ ਜਾਂ ਵੱਧ ਵਿਅਕਤੀਆਂ ਦੇ ਇਕੱਤਰ ਹੋਣ ਉਤੇ ਪਾਬੰਦੀ ਹੈ। ਵੱਖਵਾਦੀਆਂ ਵੱਲੋਂ ਦਿੱਤੇ ਬੰਦ ਦੇ ਸੱਦੇ ਕਾਰਨ ਵਾਦੀ ਵਿੱਚ ਜਨ ਜੀਵਨ ਪ੍ਰਭਾਵਤ ਹੋਇਆ। ਦੁਕਾਨਾਂ, ਪੈਟਰੋਲ ਪੰਪ ਤੇ ਹੋਰ ਵਪਾਰਕ ਅਦਾਰੇ ਬੰਦ ਰਹੇ, ਜਦੋਂ ਕਿ ਬੈਂਕਾਂ ਤੇ ਸਰਕਾਰੀ ਦਫ਼ਤਰਾਂ ਵਿੱਚ ਹਾਜ਼ਰੀ ਘੱਟ ਰਹੀ।

**ਚੋਣ ਕਮਿਸ਼ਨ ਨੇ ਗ੍ਰਹਿ ਮੰਤਰਾਲੇ ਦੀ ਸਲਾਹ ਕੀਤੀ ਨਜ਼ਰਅੰਦਾਜ਼ :**

ਨਵੀਂ ਦਿੱਲੀ : ਚੋਣ ਕਮਿਸ਼ਨ ਨੇ ਗ੍ਰਹਿ ਮੰਤਰਾਲੇ ਦੀ ਸਲਾਹ ਨੂੰ ਨਜ਼ਰਅੰਦਾਜ਼ ਕਰ ਕੇ ਕੱਲ੍ਹ ਸ੍ਰੀਨਗਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਕਰਵਾਈ, ਜਿਸ ਦੌਰਾਨ ਵੱਡੇ ਪੱਧਰ ਉਤੇ ਹਿੰਸਾ ਹੋਈ। ਗ੍ਰਹਿ ਮੰਤਰਾਲੇ ਨੇ ਸਲਾਹ ਦਿੱਤੀ ਸੀ ਕਿ ਚੋਣਾਂ ਲਈ ਵਾਦੀ ਵਿੱਚ ਹਾਲਾਤ ਮੁਆਫ਼ਕ ਨਹੀਂ ਹਨ। 10 ਮਾਰਚ ਨੂੰ ਜ਼ਿਮਨੀ ਚੋਣਾਂ ਦੇ ਐਲਾਨ ਤੋਂ ਫੌਰੀ ਬਾਅਦ ਗ੍ਰਹਿ ਮੰਤਰਾਲੇ ਨੇ ਚੋਣ ਕਮਿਸ਼ਨ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਸ੍ਰੀਨਗਰ ਤੇ ਅਨੰਤਨਾਗ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਸਬੰਧੀ ਅਗਾਊਂ ਸਲਾਹ ਨਹੀਂ ਲਈ ਗਈ।

# ਗਿਰਜਾਘਰਾਂ 'ਤੇ ਧਮਾਕਿਆਂ ਮਗਰੋਂ ਮਿਸਰ 'ਚ ਲੱਗੀ ਤਿੰਨ ਮਹੀਨਿਆਂ ਲਈ ਐਮਰਜੈਂਸੀ

**ਕਾਹਿਰਾ/ਬਿਊਰੋ ਨਿਊਜ਼ :** ਦੋ ਗਿਰਜਾਘਰਾਂ ਵਿੱਚ ਧਮਾਕਿਆਂ ਮਗਰੋਂ ਰਾਸ਼ਟਰਪਤੀ ਅਬਦੁਲ-ਫਤਾਹ ਅਲ-ਸਿਸੀ ਨੇ ਮਿਸਰ ਵਿੱਚ ਤਿੰਨ ਮਹੀਨੇ ਲਈ ਐਮਰਜੈਂਸੀ ਲਾ ਦਿੱਤੀ ਅਤੇ ਫੌਜ ਨੂੰ ਸਾਰੇ ਅਹਿਮ ਟਿਕਾਣਿਆਂ ਦੀ ਸੁਰੱਖਿਆ ਦਾ ਹੁਕਮ ਦਿੱਤਾ ਹੈ। ਰਾਸ਼ਟਰਪਤੀ ਸਿਸੀ ਨੇ ਥੋੜ੍ਹੇ ਸਮੇਂ ਲਈ ਟੈਲੀਵਿਜ਼ਨ ਉਤੇ ਕੀਤੇ ਸੰਬੋਧਨ ਦੌਰਾਨ ਦੇਸ਼ ਭਰ ਵਿੱਚ ਤਿੰਨ ਮਹੀਨੇ ਲਈ ਐਮਰਜੈਂਸੀ ਲਾਉਣ ਦਾ ਐਲਾਨ ਕੀਤਾ। ਇਹ ਐਲਾਨ 'ਪਾਮ ਸੰਡੇ' ਮੌਕੇ ਘੱਟ ਗਿਣਤੀ ਕੌਪਟਿਕ ਈਸਾਈਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਧਮਾਕਿਆਂ ਮਗਰੋਂ ਹੋਇਆ। ਇਨ੍ਹਾਂ ਧਮਾਕਿਆਂ ਵਿੱਚ 45 ਜਣੇ ਮਾਰੇ ਗਏ ਸਨ ਤੇ 100 ਤੋਂ ਵੱਧ ਜ਼ਖ਼ਮੀ ਹੋਏ ਸਨ। ਰਾਸ਼ਟਰਪਤੀ ਨੇ ਕੌਮੀ ਸੁਰੱਖਿਆ ਕੌਂਸਲ ਦੀ ਮੀਟਿੰਗ ਵੀ ਸੱਦੀ ਸੀ। ਪਿਛਲੇ ਮਹੀਨਿਆਂ ਵਿੱਚ ਇਹ ਕੌਂਸਲ ਦੀ ਅਜਿਹੀ ਦੂਜੀ ਮੀਟਿੰਗ ਸੀ।

ਮਿਸਰ ਸਰਕਾਰ ਨੇ ਫੌਜ ਦੇ ਵਿਸ਼ੇਸ਼ ਦਸਤਿਆਂ ਨੂੰ ਦੇਸ਼ ਭਰ ਵਿੱਚ ਅਹਿਮ ਸਰਕਾਰੀ ਟਿਕਾਣਿਆਂ ਦੀ ਸੁਰੱਖਿਆ ਲਈ ਪੁਲੀਸ ਨਾਲ ਸਹਿਯੋਗ ਕਰਨ ਵਾਸਤੇ ਕਿਹਾ। ਹੋਰ ਹਮਲਿਆਂ ਦੇ ਸ਼ੱਕ ਕਾਰਨ ਸੁਰੱਖਿਆ ਦਸਤਿਆਂ ਨੂੰ ਚੌਕਸ ਰੱਖਿਆ ਗਿਆ ਹੈ। ਟੈਂਟਾ ਤੇ ਅਲੈਗਜ਼ੈਂਡਰੀਆ ਸ਼ਹਿਰਾਂ ਵਿੱਚ ਦੋ ਗਿਰਜਾਘਰਾਂ ਉਤੇ ਹਮਲਿਆਂ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਜਥੇਬੰਦੀ ਨੇ ਲਈ ਸੀ। ਨੀਲ ਨਦੀ ਦੇ ਡੈਲਟਾ ਉਤੇ ਵਸੇ ਸ਼ਹਿਰ ਟੈਂਟਾ ਦੇ ਸੇਂਟ ਜਾਰਜ ਵਜੋਂ ਮਸ਼ਹੂਰ ਮਾਰ ਗਿਰਗਿਸ ਗਿਰਜਾਘਰ ਵਿੱਚ ਪਹਿਲੇ ਧਮਾਕੇ ਵਿੱਚ 27 ਜਣੇ ਮਾਰੇ ਗਏ ਅਤੇ 78 ਹੋਰ ਜ਼ਖ਼ਮੀ ਹੋਏ ਸਨ। ਇਸ ਤੋਂ ਕੁੱਝ ਘੰਟੇ ਬਾਅਦ ਅਲੈਗਜ਼ੈਂਡਰੀਆ ਦੇ ਸੇਂਟ ਮਾਰਕਜ਼ ਕੌਪਟਿਕ ਗਿਰਜਾਘਰ ਵਿੱਚ ਧਮਾਕਾ ਹੋਇਆ। ਗ੍ਰਹਿ ਮੰਤਰੀ ਅਹਿਮਦ ਅਮਾਦ ਮੁਤਾਬਕ ਇਸ ਆਤਮਘਾਤੀ ਹਮਲੇ ਵਿੱਚ 18 ਜਣੇ ਮਾਰੇ ਗਏ ਅਤੇ 41 ਹੋਰ ਜ਼ਖ਼ਮੀ ਹੋਏ।

# ਪਾਕਿ 'ਚ ਭਾਰਤੀ ਸਾਬਕਾ ਫ਼ੌਜੀ ਨੂੰ ਸਜ਼ਾ-ਏ-ਮੌਤ

### *ਜਾਸੂਸੀ ਤੇ ਭੰਨ-ਤੋੜ ਦੀਆਂ ਕਾਰਵਾਈਆਂ ਦਾ ਲਾਇਆ ਦੋਸ਼, ਭਾਰਤ ਨੇ ਇਸ ਕਤਲ ਕਰਾਰ ਦਿੱਤਾ*

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਦੀ ਇਕ ਫ਼ੌਜੀ ਅਦਾਲਤ ਨੇ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਨੂੰ ਮੁਲਕ ਵਿੱਚ 'ਜਾਸੂਸੀ ਤੇ ਭੰਨ-ਤੋੜ ਦੀਆਂ ਕਾਰਵਾਈਆਂ' ਦਾ ਦੋਸ਼ੀ ਕਰਾਰ ਦਿੰਦਿਆਂ ਸਜ਼ਾ-ਏ-ਮੌਤ ਸੁਣਾਈ ਹੈ। ਦੂਜੇ ਪਾਸੇ ਭਾਰਤ ਨੇ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ 'ਗਿਣਿਆ-ਮਿਥਿਆ ਕਤਲ' ਕਰਾਰ ਦਿੱਤਾ ਹੈ। ਪਾਕਿਸਤਾਨ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਭਾਰਤ ਨੇ ਮੁਕੱਦਮੇ ਦੀ ਕਾਰਵਾਈ ਨੂੰ ਵੀ 'ਹਾਸੋਹੀਣੀ' ਦੱਸਿਆ ਹੈ। ਭਾਰਤੀ ਸਮੁੰਦਰੀ ਫ਼ੌਜ ਦੇ ਸਾਬਕਾ ਅਧਿਕਾਰੀ ਸ੍ਰੀ ਜਾਧਵ (46) ਨੂੰ ਇਕ ਕੋਰਟ ਮਾਰਸ਼ਲ ਰਾਹੀਂ ਸੁਣਾਈ ਗਈ ਸਜ਼ਾ ਦੀ ਮੁਲਕ ਦੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਪੁਸ਼ਟੀ ਕਰ ਦਿੱਤੀ ਹੈ। ਇਸ ਨਾਲ ਪਹਿਲਾਂ ਹੀ ਨਾਜ਼ੁਕ ਦੌਰ ਵਿੱਚੋਂ ਲੰਘ ਰਹੇ ਭਾਰਤ-ਪਾਕਿ ਰਿਸ਼ਤਿਆਂ ਦੇ ਹੋਰ ਵੀ ਬੁਰੀ ਤਰ੍ਹਾਂ ਵਿਗੜ ਜਾਣ ਦਾ ਖ਼ਦਸ਼ਾ ਹੈ। ਭਾਰਤ ਵਿੱਚ ਬੀਤੇ ਸਾਲ ਪਾਕਿਸਤਾਨ ਆਧਾਰਤ ਦਹਿਸ਼ਤਗਰਦਾਂ ਵੱਲੋਂ ਪਠਾਨਕੋਟ

ਬਾਕੀ ਸਫ਼ਾ 34 'ਤੇ

# ਭਾਰਤ ਸਰਕਾਰ ਦੀ ਅਣਦੇਖੀ ਦੇ ਵਿਰੋਧ 'ਚ ਸਾਬਕਾ ਜਾਸੂਸਾਂ ਵਲੋਂ ਰੋਸ ਮੁਜ਼ਾਹਰਾ

### *ਪਾਕਿ ਜੇਲ੍ਹਾਂ 'ਚ ਮਾਰੇ ਗਏ ਜਾਸੂਸਾਂ ਦੇ ਵਾਰਿਸਾਂ ਨੇ ਸਰਬਜੀਤ ਵਾਂਗ ਢੁਕਵਾਂ ਮੁਆਵਜ਼ਾ ਮੰਗਿਆ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਦੇਸ਼ ਲਈ ਜਾਸੂਸੀ ਕਰਦਿਆਂ ਪਾਕਿਸਤਾਨ ਵਿੱਚ ਗ੍ਰਿਫ਼ਤਾਰ ਕੀਤੇ ਗਏ ਤੇ ਕਈ ਸਾਲ ਜੇਲ੍ਹਾਂ ਕੱਟਣ ਮਗਰੋਂ ਵਤਨ ਪਰਤੇ ਭਾਰਤੀ ਜਾਸੂਸਾਂ ਨੂੰ ਕੇਂਦਰ ਸਰਕਾਰ ਵੱਲੋਂ ਅਣਗੌਲਿਆਂ ਕੀਤੇ ਜਾਣ ਕਾਰਨ ਇਨ੍ਹਾਂ ਦੇ ਪਰਿਵਾਰਾਂ ਨੂੰ ਮਾੜੇ ਹਾਲਾਤਾਂ ਵਿੱਚੋਂ ਲੰਘਣਾ ਪੈ ਰਿਹਾ ਹੈ। ਇਨ੍ਹਾਂ ਸਾਬਕਾ ਜਾਸੂਸਾਂ ਅਤੇ ਇਨ੍ਹਾਂ ਦੇ ਪਰਿਵਾਰਾਂ ਨੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰਾਲੇ ਕੋਲੋਂ ਫੌਜੀਆਂ ਵਾਂਗ ਹੀ ਸਾਰੇ ਸਰਕਾਰੀ ਲਾਭ ਦਿੱਤੇ ਜਾਣ ਦੀ ਮੰਗ ਕੀਤੀ ਹੈ। ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਇਕੱਠੇ ਹੋਏ ਜਾਸੂਸਾਂ ਅਤੇ ਇਨ੍ਹਾਂ ਦੇ ਪਰਿਵਾਰਾਂ ਨੇ ਇਕਸਾਰ ਲਾਭ ਅਤੇ ਮੁੜ ਵਸੇਬੇ ਦੀ ਮੰਗ ਨੂੰ ਲੈ ਕੇ ਇਤਿਹਾਸਕ ਜਲ੍ਹਿਆਂਵਾਲੇ ਬਾਗ ਤੋਂ ਰੋਸ ਮਾਰਚ ਕੀਤਾ। ਪ੍ਰਦਰਸ਼ਨਕਾਰੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਦੇਸ਼ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਗ੍ਰਹਿ ਮੰਤਰਾਲੇ ਨੂੰ ਮੰਗ ਪੱਤਰ ਭੇਜ ਕੇ ਫੌਜੀਆਂ ਵਾਂਗ ਹੀ ਮੁੜ ਵਸੇਬੇ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਸਰਬਜੀਤ ਵਾਂਗ ਹੀ ਢੁੱਕਵਾਂ ਮੁਆਵਜ਼ਾ ਦਿੱਤੇ ਜਾਣ ਦੀ ਮੰਗ ਕੀਤੀ।

ਜ਼ਿਲ੍ਹਾ ਗੁਰਦਾਸਪੁਰ ਦੇ ਧਾਰੀਵਾਲ ਨਾਲ ਸਬੰਧਤ ਸੁਰਿੰਦਰਪਾਲ ਨੇ ਦੱਸਿਆ ਕਿ ਉਸ ਦੇ ਪਿਤਾ ਸਤਪਾਲ ਸਿੰਘ ਨੂੰ ਕਾਰਗਿਲ ਜੰਗ ਵੇਲੇ ਪਾਕਿਸਤਾਨ 'ਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਦੇਸ਼ ਦੀ ਖ਼ੁਫ਼ੀਆ ਏਜੰਸੀ ਵਾਸਤੇ ਕੰਮ ਕਰਦੇ ਸਨ। ਉਸ ਨੇ ਦੱਸਿਆ ਕਿ ਪਾਕਿਸਤਾਨ ਦੀ



ਜੇਲ੍ਹ ਵਿੱਚ ਕੀਤੇ ਗਏ ਅਣਮਨੁੱਖੀ ਤਸ਼ੱਦਦ ਕਾਰਨ ਉਸ ਦੇ ਪਿਤਾ ਦੀ ਮੌਤ ਹੋ ਗਈ। ਸੰਨ 2000 ਵਿੱਚ ਸਤਪਾਲ ਸਿੰਘ ਦੀ ਲਾਸ਼ ਅਟਾਰੀ-ਵਾਹਗਾ ਸਰਹੱਦ ਰਸਤੇ ਵਾਪਸ ਭੇਜੀ ਗਈ ਸੀ। ਉਨ੍ਹਾਂ ਦੱਸਿਆ ਕਿ ਉਸ ਮੌਕੇ ਕਈ ਪ੍ਰਸ਼ਾਸਨਿਕ ਅਧਿਕਾਰੀ ਘਰ ਆਏ ਤੇ ਮਦਦ ਦਾ ਭਰੋਸਾ ਦਿੱਤਾ ਪਰ ਮਗਰੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

ਇਸੇ ਤਰ੍ਹਾਂ 61 ਸਾਲਾ ਜੰਮੂ ਵਾਸੀ ਵਿਨੋਦ ਸਾਹਨੀ ਨੇ ਦੱਸਿਆ ਕਿ ਉਸ ਨੇ ਪਾਕਿਸਤਾਨ ਦੀਆਂ ਜੇਲ੍ਹਾਂ ਵਿੱਚ ਲਗਭਗ 11 ਸਾਲ ਅਣਮਨੁੱਖੀ ਤਸ਼ੱਦਦ ਝੱਲਿਆ ਹੈ। ਉਸ ਨੇ ਕਿਹਾ ਕਿ 1977 ਤੋਂ 1988 ਤੱਕ ਉਹ ਭਾਰਤ ਸਰਕਾਰ ਲਈ ਜਾਸੂਸੀ ਕਰਦਾ ਰਿਹਾ। ਸਾਹਨੀ ਨੇ ਖੁਲਾਸਾ ਕੀਤਾ ਕਿ ਕਈ ਭਾਰਤੀ ਪਾਕਿਸਤਾਨ ਦੀਆਂ ਜੇਲ੍ਹਾਂ ਵਿੱਚ ਹੀ ਮਰ ਗਏ ਹਨ। ਫਿਰੋਜ਼ਪੁਰ ਤੋਂ ਆਏ 71 ਸਾਲਾ ਉਪੇਂਦਰ ਨਾਥ ਸ਼ਰਮਾ ਨੇ ਦੱਸਿਆ ਕਿ ਉਸ ਨੂੰ ਵੀ ਖ਼ੁਫ਼ੀਆ ਏਜੰਸੀ ਵੱਲੋਂ ਜਾਸੂਸ ਵੱਜੋਂ ਸੇਵਾ ਸੌਂਪੀ ਗਈ ਸੀ। ਉਹ 1968 ਵਿੱਚ ਪਾਕਿਸਤਾਨ ਗਿਆ ਪਰ ਸਾਲ ਮਗਰੋਂ ਹੀ ਗ੍ਰਿਫ਼ਤਾਰ ਹੋ ਗਿਆ। ਕਠੂਆ ਤੋਂ ਆਏ ਕਮਲ ਕੁਮਾਰ ਨੇ ਭਾਰਤੀ ਹਾਈ ਕਮਿਸ਼ਨ ਦਾ ਪੱਤਰ ਦਿਖਾਉਂਦਿਆਂ ਦੱਸਿਆ ਕਿ ਉਸ ਦੇ ਪਿਤਾ ਓਮ ਪ੍ਰਕਾਸ਼ ਰਾਵਲਪਿੰਡੀ ਦੀ ਜੇਲ੍ਹ ਵਿੱਚ ਬੰਦ ਹਨ। ਉਨ੍ਹਾਂ ਨੂੰ 1998 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਸਾਰਿਆਂ ਨੇ ਕੇਂਦਰ ਸਰਕਾਰ ਤੋਂ ਢੁੱਕਵਾਂ ਮੁਆਵਜ਼ਾ ਦੇਣ ਅਤੇ ਮੁੜ ਵਸੇਬੇ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ।

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ




## ਹਨੂਮਾਨ ਬਣੋ...ਹਨੂਮਾਨ!!

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਆਪਣੇ 'ਖ਼ਾਸ ਭਗਤਾਂ' ਲਈ 'ਖ਼ਾਸ ਜੁਮਲਾ'। ਤੁਸੀਂ ਵੀ ਗੌਰ ਫਰਮਾਓ..."ਓਏ ਕਿਉਂ ਮੇਰੇ ਮੂੰਹ ਵੱਲ ਦੇਖਦੇ ਰਹਿੰਦੇ...ਆਪ ਵੀ ਕੁਝ ਕਰ ਲਿਆ ਕਰੋ...ਮੋਦੀ ਦੀ ਜੈ-ਜੈਕਾਰ ਹੋਈ ਜਾਂਦੀ ਐ...ਓਏ...ਕਦੇ ਆਪਣੀ ਵੀ ਜੈ-ਜੈਕਾਰ ਕਰਵਾ ਲਓ...ਹਨੂਮਾਨ ਬਣੋ...ਹਨੂਮਾਨ। ਉਹ ਦੇਖ ਲੋ, ਕਿੰਨਾ ਰਾਮ ਭਗਤ ਸੀ। ਹਨੂਮਾਨ ਨੇ ਕਦੇ ਭਗਵਾਨ ਰਾਮ ਤੋਂ ਸਵਾਲ ਨਹੀਂ ਸੀ ਪੁਛਿਆ, ਹਮੇਸ਼ਾ ਉਨਾਂ ਦੇ ਚਰਨਾਂ 'ਚ ਸ਼ੀਸ਼ ਝੁਕਾਈ ਰੱਖਿਆ...ਤੇ ਤੁਸੀਂ? ਹਨੂਮਾਨ ਨੇ ਹਮੇਸ਼ਾ ਸੇਵਾ ਕੀਤੀ, ਬਦਲੇ 'ਚ ਕੁਝ ਨਹੀਂ ਲਿਆ...ਆਪਣੇ ਵੱਲ ਦੇਖੋ! ਕਦੇ ਸੇਵਾ ਕੀਤੀ ਮੇਰੀ...।"

ਮੋਦੀ ਨੂੰ ਆਪਣੇ ਭਗਤਾਂ ਤੋਂ ਲਗਦੈ ਤਸੱਲੀ ਨਹੀਂ ਹੋ ਰਹੀ...ਉਹ ਤਾਂ ਉਹੀ ਬੋਲੀ ਬੋਲ ਰਹੇ ਨੇ ਜੋ 'ਜੈ-ਜੈ ਮੋਦੀ' ਤੋਂ ਬਿਨਾਂ ਉਨਾਂ ਨੂੰ ਹੋਰ ਕੋਈ ਆਉਂਦੀ ਹੀ ਨਹੀਂ। ਉਹ ਤਾਂ ਗਾਂਧੀ ਦੇ ਉਨਾਂ ਬਾਂਦਰਾਂ ਵਾਂਗ ਹਨ ਜਿਨਾਂ ਦੀਆਂ ਮੋਦੀ ਦੇ ਦਰਬਾਰ 'ਚ ਅੱਖਾਂ, ਕੰਨ, ਮੂੰਹ ਬੰਦ ਰਹਿੰਦੇ ਨੇ ਤੇ ਬਾਹਰ ਆਉਂਦਿਆਂ ਹੀ ਟਪੂਸੀਆਂ ਸ਼ੁਰੂ ਹੋ ਜਾਂਦੀਆਂ ਨੇ। ਜੈ-ਜੈ ਹੋ!!!

## ਬਾਪੂ ਘਰ ਖਾਲੀ ਕਰਨ ਨੂੰ ਚਿਤ ਨੀਂ ਮੰਨਦਾ!!

ਸੁਖਬੀਰ ਬਾਦਲ-ਬਾਪੂ, ਆਪਾਂ ਸੱਚੀਂ-ਮੁੱਚੀ ਚੋਣਾਂ ਹਾਰ 'ਗੇ?

ਪ੍ਰਕਾਸ਼ ਸਿੰਘ ਬਾਦਲ-ਨਾ ਹੋਰ ਕੀ...ਏਨਾ ਢੰਡੋਰਾ ਪਿੱਟਿਆ ਗਿਆ...ਕੁਰਸੀ ਖੋਹੀ ਗਈ...ਤੂੰ ਹਾਲੇ ਵੀ ਸੁਪਨਿਆਂ 'ਚ ਤੁਰੀ ਫਿਰਦੈਂ...ਬਥੇਰੀ ਵਾਰ ਕਿਹਾ, 'ਨਾਗਣੀ' ਥੋੜੀ ਘੱਟ ਕਰਦੇ...!!

ਸੁਖਬੀਰ ਬਾਦਲ- ਲੈ ਬਾਪੂ! ਐਦਾਂ ਦੀ ਕੋਈ ਗੱਲ ਨੀਂ...ਉਈਂ ਯਕੀਨ ਜਾ ਕਰਨ ਨੂੰ ਦਿਲ ਨੀਂ ਕਰਦਾ। ਐਂ ਲਗਦੈ ਕੋਈ ਮਾੜਾ ਸੁਪਨਾ ਆ ਰਿਹਾ ਹੋਵੇ!

ਪ੍ਰਕਾਸ਼ ਸਿੰਘ ਬਾਦਲ- ਤੈਨੂੰ ਤਾਂ ਕਾਕਾ ਉਈਂ ਲਗਦੈ ਸਭ ਕੁਝ...ਤੇਰੀ ਲੇਟਲਤੀਫ਼ੀ ਨੇ ਥੋੜੇ ਪੰਗੇ ਪਾਏ ਆ...ਹੁਣ ਵੀ ਨੀਂਦ 'ਚੋਂ ਲੇਟ ਉਠਿਆ ਲਗਦੈਂ?

ਸੁਖਬੀਰ ਬਾਦਲ- ਨਾ...ਨਾ ਐਹੋਜੀ ਕੋਈ ਗੱਲ ਨੀਂ...ਆਹ ਤਾਂ ਚਿਤ ਘਾਉਂ-ਮਾਉਂ ਹੋਈ ਜਾਂਦੈ...ਸਰਕਾਰੀ ਨੋਟਿਸ ਆਇਆ ਘਰ ਖਾਲੀ ਕਰਨ ਦਾ।

ਪ੍ਰਕਾਸ਼ ਸਿੰਘ ਬਾਦਲ- ਓ ਤਾਂ ਕਰਨਾ ਈ ਪਊ ਪੁੱਤ...ਕੈਪਟਨ ਸਾਹਿਬ ਨੇ ਮੇਰੇ ਆਲੀਆਂ ਤਾਂ ਮੌਜਾਂ ਲਾਤੀਆਂ-ਕਹਿੰਦੇ ਬਜ਼ੁਰਗੋ ਰਹੀ ਜਾਓ ਜਿੰਨਾ ਮਰਜ਼ੀ...ਮੈਂ ਤਾਂ ਨੀਂ ਛਡਦਾ...ਪੁੱਤ ਹੁਣ ਹਰ ਕੋਈ ਮੇਰੇ ਨਾਂ ਤਾਂ ਤੈਨੂੰ ਰਿਆਇਤਾਂ ਥੋੜੀ ਦੇਈ ਜਾਊ...।

ਸੁਖਬੀਰ ਬਾਦਲ- ਬਾਪੂ ਜੇ ਤੂੰ ਮੈਨੂੰ ਮੁੱਖ ਮੰਤਰੀ ਦੀ ਕੁਰਸੀ ਦੇ ਜਾਂਦਾ ਤਾਂ ਸ਼ਾਇਦ ਮੈਨੂੰ ਵੀ ਘਰ ਨਾ ਛੱਡਣਾ ਪੈਂਦਾ।

ਪ੍ਰਕਾਸ਼ ਸਿੰਘ ਬਾਦਲ-ਸੁੱਖਿਆ ਐਨਾ ਕਾਹਦਾ ਮੋਹ...ਐਨਾ ਪੈਸਾ ਤੂੰ ਕਮਾਇਆ...ਵੱਡੇ ਵੱਡੇ ਹੋਟਲ ਖੋਲੇ ਆ...ਆਪਣੇ ਲਈ ਚੰਡੀਗੜ 'ਚ ਬਣਾ ਲੈ ਕੋਠੀ...ਸਕਿਊਰਟੀ ਗਾਰਡ ਤਾਂ ਤੇਰੇ ਕੋਲ ਹੈ ਈ...ਸਾਰੀ ਉਮਰ 'ਮੁੱਖ ਮੰਤਰੀਆਂ' ਵਾਲਾ ਰਾਜ ਕਰ। ਮੈਂ ਤਾਂ ਵਸੀਹਤ 'ਚ ਤੇਰੇ ਨਾਂ 'ਕੁਰਸੀ' ਕਰ ਤੀ...ਤੇਰੀ ਘਰਆਲੀ ਨੂੰ ਮੰਤਰੀ ਬਣਾ 'ਤਾ...ਸਾਲਾ ਤੇਰਾ ਪ੍ਰਾਪਰਟੀਆਂ ਬਣਾ ਗਿਆ...ਚੱਲ ਕੋਈ ਨਾ ਸਬਰ ਕਰ ਸਬਰ...ਕਦੇ ਤਾਂ 'ਕੁਰਸੀ' ਬਹਿਣ ਨੂੰ ਮਿਲੂਗੀ ਈ...।




## ਚੱਲ ਬੇਟਾ ਸੈਲਫ਼ੀ ਲੇ ਲੇ ਰੇ...!!

ਆਸਟਰੇਲੀਆ ਦੇ ਪ੍ਰਧਾਨ ਮੰਤਰੀ ਮੈਲਕਮ ਟਰਨਬੁਲ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਾਲ ਨਵੀਂ ਦਿੱਲੀ ਸਥਿਤ ਮੈਟਰੋ 'ਚ ਸਫ਼ਰ ਕੀਤਾ ਤੇ ਦੋਹਾਂ ਨੇ ਖ਼ੂਬ ਸੈਲਫੀਆਂ ਲਈਆਂ। ਦੋਹਾਂ ਨੂੰ ਸੈਲਫੀਆਂ ਲੈਣ ਦਾ ਏਨਾ ਚਾਅ ਐ, ਲਗਦੈ ਜਿਵੇਂ ਦੋ ਵਿਛੜੇ ਸਾਥੀਆਂ ਵਰਿਆਂ ਬਾਅਦ ਮਿਲੇ ਹੋਣ।

ਲਓ...ਉਨਾਂ ਦੀ ਵਾਰਤਾ ਦਾ ਆਨੰਦ ਮਾਣੋ।

ਟਰਨਬੁਲ- ਯਾਰ! ਮੈਂ ਸੁਣਿਐ ਤੈਨੂੰ ਵੀ ਸੈਲਫੀਆਂ ਖਿੱਚਣ ਦਾ ਬੜਾ ਚਾਅ ਐ...ਮੇਰੇ ਸੈਕਟਰੀ ਨੇ ਆਉਣ ਤੋਂ ਪਹਿਲਾਂ ਤੇਰੇ ਬਾਰੇ ਦੱਸਿਆ ਸੀ...ਤੇਰੀਆਂ ਫੋਟੋਆਂ ਵੀ ਦਿਖਾ ਕੇ ਕਹਿੰਦਾ ਸੀ, "ਆਹ ਐ ਜੀ ਭਾਰਤ ਦਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ...ਸਰ ਜੀ ਇਹ ਤਾਂ ਜਵੀਂ ਥੋਡੇ ਵਾਂਗ ਸੈਲਫੀਆਂ ਲੈਂਦੇ ਨੇ...ਦੇਖੇਓ ਜਦੋਂ ਤੁਸੀਂ ਉਥੇ ਜਾਉਂਗੇ...ਉਨਾਂ ਦਾ ਚਾਅ ਕਿੰਨਾ ਕੁੱਦ ਕੁੱਦ ਪਊਗਾ।'

ਮੋਦੀ- ਬੱਸ ਕੀ ਦੱਸਾਂ ਯਾਰ! ਆ ਜਦੋਂ ਦੇ ਮਹਿੰਗੇ ਮਹਿੰਗੇ ਕੱਪੜੇ ਪਾਉਣ ਨੂੰ ਮਿਲਣ ਲੱਗੇ ਨੇ ਤੇ ਆਹ ਮਹਿੰਗਾ ਜਿਹਾ ਫੋਨ ਹੱਥ 'ਚ ਆਇਆ ਤਾਂ ਸੈਲਫੀਆਂ ਲੈਣ ਦਾ ਸਵਾਦ ਈ ਆ ਜਾਂਦੈ...। ਉਂ ਤਾਂ ਘਰ 'ਚ ਸ਼ੀਸ਼ੇ ਵਾਹਵਾ ਲੱਗੇ ਨੇ ਪਰ ਸੈਲਫ਼ੀ ਖਿੱਚ ਕੇ ਆਪਦੇ ਬਾਰੇ ਪਤਾ ਲਗ ਜਾਂਦੈ ਕਿ ਮੈਂ ਕਿੰਨਾ ਸੋਹਣਾ ਲੱਗ ਰਿਹਾਂ।

ਟਰਨਬੁਲ- ਚੱਲ ਫੇਰ ਹੋ ਜਾਏ ਇਕ ਸੈਲਫ਼ੀ। ਆਹ ਠੀਕ ਨੀਂ ਆਈ ਚੱਲ, ਦੋ-ਚਾਰ ਹੋਰ ਟਰਾਈਆਂ ਮਾਰਦੇ ਆਂ...ਓਏ ਕੈਮਰੇ ਵਾਲੇ ਭਾਈ ਜ਼ਰਾ ਸਾਡੀ ਸੈਲਫ਼ੀ ਲੈਂਦਿਆਂ ਦੀ ਫੋਟੋ ਖਿੱਚ...ਪੂਰੀ ਦੁਨੀਆ ਦੇਖੇ।

ਮੋਦੀ- ਆਹੋ ਜੀ! ਨਾਲੇ ਲੋਕਾਂ ਨੂੰ ਲੱਗੂ ਦੇਖਿਆ ਕਿੰਨੇ ਸਾਧਾਰਨ ਬੰਦੇ ਆ...ਆਮ ਈ ਰੇਲ ਗੱਡੀਆਂ ਵਿਚ ਤੁਰੇ-ਫਿਰਦੇ ਆ।

ਟਰਨਬੁਲ- ਪਰ ਦੇਖੇਓ ਜਨਾਬ! ਥੋਡੇ ਲਈ ਪੰਗਾ ਨਾ ਖੜਾ ਹੋ ਜਾਏ...?

ਮੋਦੀ- ਭਲਾ ਓ ਕਿਵੇਂ?

ਟਰਨਬੁਲ- ਮੈਂ ਸਟੇਸ਼ਨ 'ਤੇ ਆਉਂਦੇ ਆਉਂਦੇ ਨੇ ਪੜਿਆ ਸੀ ਕਿ ਇੱਥੇ ਅੰਦਰ ਕੈਮਰੇ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਇਹਦੇ ਲਈ 500 ਰੁਪਏ ਜੁਰਮਾਨਾ ਲੱਗ ਜੂ।

ਮੋਦੀ-ਓ ਛੱਡੋ ਜਨਾਬ! ਤੁਸੀਂ ਮੋਦੀ ਦੇ ਆੜੀ ਓ...ਮੇਰੇ ਭਗਤ ਈ ਏਨੇ ਨੇ, ਕੋਈ ਚੂੰ ਨਹੀਂ ਕਰਦਾ। ਨਾਲੇ 500 ਆਲੀ ਕਿਹੜੀ ਗੱਲ ਐ...ਇਹ ਕਿਹੜਾ ਮੈਥੋਂ ਕਿਸੇ ਨੇ ਮੰਗਣੇ ਆ...। ਤੁਸੀਂ ਬੱਸ ਸੈਲਫੀਆਂ ਲਓ...ਜਿਹੜੇ ਬਾਹਲੀ ਸੋਹਣੀ ਆਵੇ, ਮੈਨੂੰ ਵੀ ਸੈਂਡ ਕਰ ਦੇਣਾ।

*ਸਫ਼ਾ ਇਕ ਦੀ ਬਾਕੀ*

## ਚੁਰਾਸੀ ਦੀ ਪੀੜ : ਨਿਆਂ ਤਾਂ ਦੂਰ ਭਾਰਤੀ ਹਕੂਮਤ 'ਸਿੱਖ ਕਤਲੇਆਮ' ਮੰਨਣ ਤੋਂ ਵੀ ਭੱਜੀ

ਨੇ ਪੁਲੀਸਤੰਤਰ ਤੇ ਸਰਕਾਰੀ ਸ਼ਹਿ ਉਪਰ ਹੋਏ ਇਸ ਕਤਲੇਆਮ ਲਈ ਨਿਆਂ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਨਿਰਦੋਸ਼ ਸਿੱਖਾਂ ਦਾ ਤਿੰਨ ਦਿਨ ਤਕ ਕਤਲੇਆਮ ਹੁੰਦਾ ਰਿਹਾ ਤੇ ਸਰਕਾਰ ਤੇ ਪੁਲੀਸ ਨੇ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ। ਪੱਗਾਂ-ਦਾੜ੍ਹੀਆਂ ਅਤੇ ਨਾਵਾਂ ਕਰਕੇ ਉਸ ਕੌਮ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਨੇ ਦੇਸ਼ ਲਈ ਅਥਾਹ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਮੰਗ ਕੀਤੀ ਹੈ ਕਿ ਵਿਦੇਸ਼ ਮੰਤਰਾਲਾ ਓਂਟਾਰੀਓ ਮਤੇ ਬਾਰੇ ਦਿੱਤੇ ਆਪਣੇ ਬਿਆਨ ਵਾਪਸ ਲਵੇ ਤੇ ਸਦਨ ਅੰਦਰ ਵਿਦੇਸ਼ ਮੰਤਰੀ ਬਿਆਨ ਦੇਵੇ। ਜਦੋਂ ਓਂਟਾਰੀਓ ਅਸੈਂਬਲੀ ਨੇ ਇਹ ਮਤਾ ਪਾਸ ਕੀਤਾ ਤਾਂ ਭਾਰਤ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੋਪਾਲ ਬਾਗਲੇ ਦਾ ਬਿਆਨ ਆਇਆ ਕਿ ਭਾਰਤ ਦੇ ਪੱਖ ਤੋਂ ਕੈਨੇਡਾ ਦੀ ਸਰਕਾਰ ਤੇ ਰਾਜਸੀ ਆਗੂਆਂ ਨੂੰ ਜਾਣੂ ਕਰਵਾ ਦਿੱਤਾ ਹੈ। ਭਾਰਤ ਇਸ ਮਤੇ ਨੂੰ ਰੱਦ ਕਰਦਾ ਹੈ। ਪ੍ਰੋ. ਚੰਦੂਮਾਜਰਾ ਨੇ ਲੋਕ ਸਭਾ ਵਿਚ ਕਿਹਾ ਕਿ ਇਸ ਮਤੇ ਨੂੰ 'ਗੁੰਮਰਾਹਕੁਨ' ਗਰਦਾਨ ਕੇ ਵਾਪਸ ਲੈਣ ਦੀਆਂ ਬੇਤੁਕੀਆਂ ਗੱਲਾਂ ਕਰਨ ਦੀ ਥਾਂ ਸਰਕਾਰ ਨੂੰ ਖ਼ੁਦ ਸੰਸਦ ਵਿਚ ਇਸ ਨਸਲਕੁਸ਼ੀ ਦਾ ਨਿੰਦਾ ਮਤਾ ਪਾਸ ਕਰਕੇ ਸਿੱਖ ਭਾਈਚਾਰੇ ਦੀਆਂ ਵਲੂੰਧਰੀਆਂ ਭਾਵਨਾਵਾਂ ਨੂੰ ਸ਼ਾਂਤ ਕਰਨਾ ਚਾਹੀਦਾ ਹੈ। ਬਜ਼ੁਰਗਾਂ, ਔਰਤਾਂ, ਬੱਚਿਆਂ ਸਮੇਤ 3000 ਬੇਕਸੂਰ ਸਿੱਖਾਂ ਨੂੰ ਤਸੀਹੇ ਦੇ ਕੇ ਕਤਲ ਕਰਨਾ ਨਸਲਕੁਸ਼ੀ ਨਹੀਂ ਤਾਂ ਹੋਰ ਕੀ ਹੈ?

ਭਾਰਤੀ ਵਿਦੇਸ਼ ਮੰਤਰਾਲੇ ਵਲੋਂ ਓਂਟਾਰੀਓ ਦਾ ਮਤਾ ਰੱਦ ਕਰਨਾ ਮੋਦੀ ਸਰਕਾਰ ਦੇ ਚਿਹਰੇ 'ਤੇ ਲੱਗੇ ਨਕਾਬ ਨੂੰ ਵੀ ਲਾਹ ਰਿਹਾ ਹੈ। ਜੇਕਰ ਅੱਜ ਮੋਦੀ ਸਰਕਾਰ ਇਸ ਮਤੇ ਨੂੰ ਸਵੀਕਾਰ ਕਰਦੀ ਹੈ ਤੇ ਇਥੇ ਵੀ ਉਸ ਨੂੰ 'ਸਿੱਖਾਂ ਦੀ ਨਸਲਕੁਸ਼ੀ ਹੋਈ' ਐਲਾਨਣੀ ਪਏਗੀ। ਪਰ ਉਹ ਅਜਿਹਾ ਨਹੀਂ ਕਰੇਗੀ ਕਿਉਂਕਿ ਉਸ ਨੂੰ ਆਪਣਾ ਹੀ ਪਾਲ਼ਾ ਖਾ ਰਿਹਾ ਪ੍ਰਤੀਤ ਹੁੰਦਾ ਹੈ। ਨਰਿੰਦਰ ਮੋਦੀ ਦੇ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ 2002 ਦੇ ਦੰਗਿਆਂ ਦੇ ਦਾਗ਼ ਵੀ ਉਨ੍ਹਾਂ ਦੇ ਦਾਮਨ 'ਤੇ ਹਨ। ਉਦੋਂ ਮੁਸਲਮਾਨਾਂ ਨੂੰ ਜਿਵੇਂ ਕੋਹ-ਟੋਹ ਕੇ ਮਾਰਿਆ ਗਿਆ, ਉਸ ਦਾ ਲੇਖਾ-ਜੋਖਾ ਵੀ ਮੋਦੀ ਸਰਕਾਰ ਨੂੰ ਦੇਣਾ ਪਏਗਾ। ਹੁਣ ਤਕ ਕਾਂਗਰਸ ਨੂੰ ਭੰਡਦੀ ਆ ਰਹੀ ਭਾਜਪਾ ਦਾ ਕਿਰਦਾਰ ਅੱਜ ਉਸ ਤੋਂ ਵੀ ਕਿਤੇ ਭਿਆਨਕ ਰੂਪ ਵਿਚ ਸਾਹਮਣੇ ਆ ਰਿਹਾ ਹੈ। ਉਦੋਂ ਭਾਜਪਾ ਸਮੇਤ ਮੁਲਕ ਦੀਆਂ ਸਾਰੀਆਂ ਪ੍ਰਮੁੱਖ ਕਾਂਗਰਸ ਵਿਰੋਧੀ ਪਾਰਟੀਆਂ ਦੇ ਨਾਲ ਨਾਲ ਅਟਲ ਬਿਹਾਰੀ ਵਾਜਪਾਈ, ਚੰਦਰ ਸ਼ੇਖਰ ਵਰਗੇ ਸਾਬਕਾ ਪ੍ਰਧਾਨ ਮੰਤਰੀ ਨੇ ਵੀ ਇਸ ਨੂੰ ਨਸਲਕੁਸ਼ੀ ਹੀ ਕਿਹਾ ਸੀ।

ਦੁਨੀਆ ਭਰ ਵਿਚ ਵੱਸਦੇ ਸਿੱਖਾਂ ਵਲੋਂ ਭਾਰਤ ਸਰਕਾਰ ਦੇ ਮਤਾ ਰੱਦ ਕਰਨ ਦੇ ਫ਼ੈਸਲਾ ਦਾ ਵਿਰੋਧ ਹੋ ਰਿਹਾ ਹੈ। ਆਉਂਦੇ ਦਿਨਾਂ ਵਿਚ ਨਿਆਂ ਦੀ ਇਹ ਲੜਾਈ ਹੋਰ ਤਿੱਖੇ ਰੂਪ ਵਿਚ ਸਾਹਮਣੇ ਆਵੇਗੀ।

## ਅਮਰੀਕੀ ਕਾਂਗਰਸ ਵੱਲੋਂ ਵਿਸਾਖੀ ਨੂੰ ਸਿੱਖਾਂ ਦੇ ਧਾਰਮਿਕ ਤਿਉਹਾਰ ਵਜੋਂ ਮਾਨਤਾ ਦਾ ਮਤਾ ਪਾਸ

ਵਿਚ ਵਿਸਾਖੀ ਨੂੰ ਸਿੱਖਾਂ ਦੇ ਤਿਉਹਾਰ ਵਜੋਂ ਮਾਨਤਾ ਦੇਣ ਲਈ ਮਤਾ ਨੰਬਰ 189 ਕਾਂਗਰਸ ਮੈਨ ਪੈਟਰਿਕ ਰੋਮੀ ਨੇ ਪੜ੍ਹਿਆ। ਇਸ ਮਤੇ ਵਿਚ ਵਿਸ਼ੇਸ਼ ਕਰਕੇ 100 ਤੋਂ ਵੱਧ ਗੁਰਦੁਆਰਾ ਸਾਹਿਬ ਅਤੇ ਸਿੱਖ ਜਥੇਬੰਦੀਆਂ ਵੱਲੋਂ ਬਣਾਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਤੇ ਕਾਂਗਰਸ ਮੈਨਾਂ ਵੱਲੋਂ ਬਣਾਈ 'ਸਿੱਖ ਕਾਕਸ' ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ। ਇਨ੍ਹਾਂ ਸੰਸਥਾਵਾਂ ਨੇ ਵਿਸਾਖੀ ਦੀ ਧਾਰਮਿਕ, ਸਭਿਆਚਾਰਕ ਤੇ ਇਤਿਹਾਸਕ ਮਹੱਤਤਾ ਬਾਰੇ ਅਮਰੀਕਾ ਦੀ ਕਾਂਗਰਸ ਨੂੰ ਸਬੂਤਾਂ ਸਮੇਤ ਦੱਸਿਆ, ਜਿਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜਿਆ ਸੀ। ਇਸ ਮਤੇ ਵਿਚ ਸਭ ਨੂੰ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਕਿਹਾ ਗਿਆ। ਇਸ ਦੀ ਖ਼ੁਸ਼ੀ ਸਾਂਝੀ ਕਰਦਿਆਂ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਕਿਹਾ ਕਿ ਸਾਰੀ ਸਿੱਖ ਕੌਮ ਲਈ ਅੱਜ ਦਾ ਦਿਹਾੜਾ ਖ਼ੁਸ਼ੀਆਂ ਭਰਿਆ ਹੈ ਕਿਉਂਕਿ ਅਮਰੀਕਾ ਦੀ ਕਾਂਗਰਸ ਦੇ ਇਜਲਾਸ ਵਿਚ ਮਤਾ ਪੈਣ ਨਾਲ ਇਹ ਹੁਣ ਅਮਰੀਕਾ ਵਿਚ ਵਿਸਾਖੀ ਨੂੰ ਸਿੱਖਾਂ ਦੇ ਤਿਉਹਾਰ ਵਜੋਂ ਮਾਨਤਾ ਮਿਲ ਗਈ ਹੈ। ਉਨ੍ਹਾਂ ਕਿਹਾ ਕਿ ਸਾਡੀ ਮਦਦ ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ, ਸਿੱਖ ਜਥੇਬੰਦੀਆਂ ਨੇ ਕੀਤੀ ਹੈ, ਸਾਰੇ ਹੀ ਇਸ ਖ਼ੁਸ਼ੀ ਦੇ ਸਾਂਝੀਦਾਰ ਹਨ।

## ਖਾਲਸਾ ਸਾਜਣਾ ਦਿਵਸ ਨੂੰ ਸਮਰਪਿਤ ਕੱਢੀ ਗਈ 'ਨੈਸ਼ਨਲ ਸਿੱਖ ਡੇ ਪਰੇਡ' ਰਹੀ ਖਿੱਚ ਦਾ ਕੇਂਦਰ

ਪਹੁੰਚੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਕੌਂਸਟੀਚਿਊਸ਼ਨ ਐਵਿਨਿਉ ਅਤੇ 20 ਸਟਰੀਟ ਤੋਂ ਸ਼ੁਰੂ ਹੋਈ ਪਰੇਡ ਵਿੱਚ ਸਿੱਖ ਕੌਮ ਦੀ ਆਜ਼ਦੀ ਦੀ ਗੱਲ ਭਾਰੂ ਰਹੀ, ਜਿੱਥੇ ਗੁਰੂ ਸਾਹਿਬ ਦੀ ਪਾਲਕੀ ਤੋਂ ਬਾਅਦ ਸਾਕਾ ਨੀਲਾ ਤਾਰਾ ਦੌਰਾਨ ਭਾਰਤੀ ਹਕੂਮਤ ਵਲੋਂ ਤਹਿਸ-ਨਹਿਸ ਕੀਤੇ ਅਕਾਲ ਤਖਤ ਨੂੰ ਦਰਸਾਉਂਦਾ ਫਲੋਟ ਅਤੇ ਮੌਜੂਦਾ ਸਿੱਖ ਸੰਘਰਸ਼ ਦੇ ਸ਼ਹੀਦਾਂ ਦੀਆਂ ਫੋਟੋਆਂ ਵਾਲਾ ਫਲੋਟ ਵੀ ਸ਼ਾਮਲ ਸੀ। ਕੈਪੀਟਲ ਦੇ ਮੂਹਰਿਓਂ ਹੁੰਦੀ ਹੋਈ ਪਰੇਡ ਕੌਂਸਟੀਚਿਊਸ਼ਨ ਐਵਿਨਿਉ ਅਤੇ 3 ਸਟਰੀਟ 'ਤੇ ਆ ਕੇ ਸਮਾਪਤ ਹੋਈ ਜਿੱਥੇ ਪ੍ਰਬੰਧਕਾਂ ਵੱਲੋਂ ਸਟੇਜ ਸਜਾਈ ਗਈ ਸੀ। ਇਸ ਪਰੇਡ ਵਿੱਚ ਕੈਨੇਡਾ ਦੇ ਸਰ੍ਹੀ ਸੈਂਟਰ ਤੋਂ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਆਤ ਕੀਤੀ।

ਸਟੇਜ 'ਤੇ ਪਹਿਲੇ ਦੌਰ ਦੀਆਂ ਤਕਰੀਰਾਂ ਅੰਗਰੇਜ਼ੀ ਵਿੱਚ ਹੋਈਆਂ ਜਿਸ ਦਾ ਸੰਚਾਲਨ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਬੁਲਾਰੇ ਸ. ਹਰਜਿੰਦਰ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਕਾਂਗਰਸਮੈਨ ਪੈਟਰਿਕ ਮੀਹਾਨ ਦੇ ਨੁਮਾਇੰਦੇ, ਸਟੇਟ ਸੈਨੇਟਰ ਰੀਵਜ਼ ਦੇ ਨੁਮਾਇੰਦੇ ਅਤੇ ਮੈਟਰੋਪਾਲਿਟਨ ਪੁਲੀਸ ਡਿਪਾਰਟਮੈਂਟ ਤੋਂ ਅਧਿਕਾਰੀ ਡੈਵਲੀਸ਼ਆਰ ਨੇ ਸੰਗਤ ਨੂੰ ਸੰਬੋਧਨ ਕੀਤਾ। ਪੰਜਾਬੀ ਵਿੱਚ ਸਟੇਜ ਦਾ ਸੰਚਾਲਨ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਵੱਲੋਂ ਕੀਤਾ ਗਿਆ। ਬੁਲਾਰਿਆਂ ਨੇ ਜਿੱਥੇ ਅਮਰੀਕੀ ਕਾਂਗਰਸ ਵੱਲੋਂ ਵਿਸਾਖੀ ਨੂੰ ਖਾਲਸਾ ਸਾਜਣਾ ਦਿਵਸ ਵਜੋਂ ਮਾਨਤਾ ਦੇਣ ਦੇ ਫੈਸਲੇ ਦਾ ਸੁਆਗਤ ਕੀਤਾ, ਉੱਥੇ ਓਂਟਾਰੀਓ (ਕੈਨੇਡਾ) ਵਿਧਾਨ ਸਭਾ ਵੱਲੋਂ 1984 ਦੇ ਸਿੱਖ ਕਤਲੇਆਮ ਨੂੰ 'ਨਸਲਕੁਸ਼ੀ' ਵਜੋਂ ਐਲਾਨਣ ਦੇ ਫੈਸਲੇ ਦਾ ਧੰਨਵਾਦ ਕੀਤਾ। ਨਿਊਯਾਰਕ ਤੋਂ ਡਾ. ਰਣਜੀਤ ਸਿੰਘ ਨੇ ਮਤਾ ਪੜ੍ਹਿਆ ਜਿਸ ਵਿੱਚ ਇਹ ਐਲਾਨ ਕੀਤਾ ਗਿਆ ਕਿ ਅਗਲੇ ਸਾਲ ਤੋਂ ਇਸ ਪਰੇਡ ਨੂੰ 'ਵਰਲਡ ਸਿੱਖ ਡੇ ਪਰੇਡ' ਵਜੋਂ ਸਥਾਪਤ ਕੀਤਾ ਜਾਵੇਗਾ ਅਤੇ ਇਸ ਲਈ ਹਰ ਉਦਮ ਕਰਨ ਦਾ ਪ੍ਰਬੰਧਕਾਂ ਨੇ ਅਹਿਦ ਲਿਆ। ਸੰਗਤ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਬਖਸ਼ੀਸ਼ ਸਿੰਘ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਇੰਗਲੈਂਡ ਤੋਂ ਮਨਪ੍ਰੀਤ ਸਿੰਘ, ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ, ਸਿੱਖਸ ਫਾਰ ਜਸਟਿਸ ਤੋਂ ਡਾ. ਬਖਸ਼ੀਸ਼ ਸਿੰਘ ਅਤੇ ਅਵਤਾਰ ਸਿੰਘ ਪਨੂੰ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਰ ਕੁਲਦੀਪ ਸਿੰਘ ਢਿੱਲੋਂ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਨਵੀਨਰ ਬੂਟਾ ਸਿੰਘ ਖੜੌਦ, ਮੈਰੀਲੈਂਡ ਤੋਂ ਭਾਈ ਸਵਿੰਦਰ ਸਿੰਘ, ਫਰੈਂਡਸ ਆਫ ਅਮੈਰਿਕਨ ਸਿੱਖ ਕਾਕਸ ਤੋਂ ਹਰਪ੍ਰੀਤ ਸਿੰਘ ਸੰਧੂ, ਭਾਈ ਗੁਰਦੇਵ ਸਿੰਘ ਕੰਗ, ਵਰਜੀਨੀਆ ਤੋਂ ਡੈਮੋਕਰੇਟਿਕ ਪਾਰਟੀ ਦੇ ਡੈਲੀਗੇਟ ਲਈ ਉਮੀਦਵਾਰ ਮਨਸਿਮਰਨ ਸਿੰਘ ਕਾਹਲੋਂ, ਕਨੈਕਟੀਕਟ ਤੋਂ ਸਵਰਨਜੀਤ ਸਿੰਘ ਖਾਲਸਾ, ਦੋਆਬਾ ਸਿੱਖ ਐਸੋਸੀਏਸ਼ਨ ਤੋਂ ਬਲਜਿੰਦਰ ਸਿੰਘ, ਅਕਾਲ ਚੈਨਲ ਤੋਂ ਭਾਈ ਅਮਰਜੀਤ ਸਿੰਘ, ਫਿਲਾਡਲਫੀਆ ਤੋਂ ਕੇਵਲ ਸਿੰਘ, ਬਖਸ਼ੀਸ਼ ਸੈਣੀ, ਵਰਜੀਨੀਆ ਤੋਂ ਮਹਿਤਾਬ ਸਿੰਘ, ਦਵਿੰਦਰ ਬਦੇਸ਼ਾ, ਦਵਿੰਦਰ ਦਿਓ, ਪੈਨਸਲਵੇਨੀਆ ਤੋਂ ਹਰਚਰਨ ਸਿੰਘ, ਗੁਰਰਾਜ ਸਿੰਘ, ਫਿਲਾਡਲਫੀਆ ਤੋਂ ਨਰਿੰਦਰ ਸਿੰਘ, ਸ਼ਿਕਾਗੋ ਤੋਂ ਕੁਲਵਿੰਦਰ ਸਿੰਘ ਤੇਜੀ ਦੇ ਨਾਮ ਸ਼ਾਮਲ ਹਨ। ਅੰਤ ਨੂੰ ਸ. ਹਿੰਮਤ ਸਿੰਘ ਨੇ ਸਮੂਹ ਸੰਗਤ ਅਤੇ ਪ੍ਰਬੰਧਾਂ ਵਿੱਚ ਸ਼ਾਮਲ ਆਗੂਆਂ ਅਤੇ ਗੁਰੂਘਰ ਕਮੇਟੀਆਂ ਦਾ ਧੰਨਵਾਦ ਕੀਤਾ। ਟੀ.ਵੀ. 84 ਵੱਲੋਂ ਇਸ ਪਰੇਡ ਦਾ ਲਾਈਵ ਪ੍ਰਸਾਰਣ ਕੀਤਾ ਗਿਆ।

For Classified Contact
510.240.5949

# Sir Speedy Tustin
Printers to the Community




**Outdoor 3'x11' Promo Flag**
**Only $29/-**
Pole & Spike $55/-




**Outdoor 3'x6' Durable Banner**
All weather, durable to sunlight, rain and wear & tear. Text only.
**Only $69/-**




**Receipt Books**
Customized with your information and design. 2 part carbonless with numbering and perforation.
**Call for Price**




**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**




**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**




**11" Printed Balloons**
Printed with your logo and info. One color, one location. Min. qty 1000
**19¢ each**




White T-Shirts, 1 color screen printing in 1 position. Min Qty. 100
**Your Printed T-Shirts**
**Only $4.99**




1 color in 1 position. Min Qty. 100
**Your Printed Caps**
**Only $4.99**




**Trip Envelopes** Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

# Office for Lease in Union City, CA



## Nice clean office

1200 to 1500 Sq feet in the business area of Union City.
Best for Trucking company if extra warehouse needed.

Call at:

**510-875-3279**


# Classified

## ਲੜਕੀ ਦੀ ਲੋੜ

ਸਹਾਰਨਪੁਰ ਦੇ ਚੰਗੇ ਸਰਦੇ ਪੁੱਜਦੇ ਭੁੱਲਰ ਪਰਿਵਾਰ ਦੇ ਐਲ. ਐਲ. ਬੀ., ਐਲ. ਐਮ. ਐਲ., ਬੀ.ਏ. ਪਾਸ ਜੱਟ ਸਿੱਖ ਲੜਕੇ 28 ਸਾਲ 5'10" ਲਈ ਪੜ੍ਹੀ ਲਿਖੀ ਤੇ ਚੰਗੇ ਪਰਿਵਾਰ ਨਾਲ ਸਬੰਧ ਰਖਦੀ ਲੜਕੀ ਦੀ ਲੋੜ ਹੈ। ਲੜਕਾ ਦਿੱਲੀ ਦੀਆਂ ਜਿਲ੍ਹਾ ਕਚਹਿਰੀਆਂ ਤੇ ਹਾਈਕੋਰਟ 'ਚ ਵਕਾਲਤ ਕਰਦਾ ਹੈ। ਸ਼ਰਾਬ ਜਾਂ ਕਿਸੇ ਨਸ਼ੇ ਨੂੰ ਮੂੰਹ ਨਹੀਂ ਲਾਉਂਦਾ। ਖ਼ਾਨਦਾਨੀ ਪਿਛੋਕੜ ਵਾਲਾ ਭੁੱਲਰ ਪਰਿਵਾਰ ਬਹੁਤ ਹੀ ਸਤਿਕਾਰਤ ਤੇ ਸਲੀਕੇ ਵਾਲਾ, ਪੜ੍ਹਿਆ ਲਿਖਿਆ, ਇਲਾਕੇ 'ਚ ਸਤਿਕਾਰਤ ਤੇ ਮਾਣ ਇਜ਼ਤ ਵਾਲਾ ਹੈ। ਪਰਿਵਾਰ ਦਾ ਸਹਾਰਨਪੁਰ (ਯੂ.ਪੀ.) ਵਿੱਚ ਚੰਗਾ ਬਿਜਨਸ, ਜ਼ਮੀਨ ਜਾਇਦਾਦ ਤੋਂ ਇਲਾਵਾ ਪੰਜਾਬ 'ਚ ਮਲੋਟ ਨੇੜ੍ਹੇ ਵੀ ਜ਼ਮੀਨ ਹੈ। ਲੜਕੀ ਚੰਗੇ ਪਰਿਵਾਰ ਦੀ ਪੜ੍ਹੀ ਲਿਖੀ, ਖੁਲ੍ਹਦਿਲੇ ਵਿਚਾਰਾਂ ਵਾਲੀ, ਮਿਲਣਸਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ।

**ਹੋਰ ਜਾਣਕਾਰੀ ਲਈ ਫੋਨ: 09045898878**

**E-mail: navi_singh001@yahoo.com**

## Bride WANTED

Jat Sikh Bhular boy 28 years old Height: 5' 10" Complexion, Non drinker/ Non smoker, Qualifications : L.L.M., L.L.B., B.A., Schooling from YPS (Mohali) and Saharanpur , Practicing as an Advocate at High court & District courts in New Delhi, is looking for a Well Educated Girl from good status family , Should be open minded, moderately traditional and caring. Bhullars are Upper Middle Class, Moderate Nuclear very well behaved, educated, highly respected and very well known family having good business, residential and urban property, agricultural land in Saharanpur (U.P.) and in Punjab near Malout.

**For More information :**

**Call Mobile No. 09045898878**

**E-mail: navi_singh001@yahoo.com**

## ਬਰਤਨ ਮਾਂਜ ਕੇ ਝੀਂਡਾ ਨੇ ਪੂਰੀ ਕੀਤੀ ਤਨਖ਼ਾਹ

ਵਿੱਚ ਪਹਿਲਾਂ ਸੰਗਤਾਂ ਦੇ ਜੂਠੇ ਬਰਤਨਾਂ ਦੀ ਸੇਵਾ ਕਰਦਿਆਂ ਤਨਖ਼ਾਹ ਪੂਰੀ ਕੀਤੀ ਅਤੇ ਮਗਰੋਂ ਅਕਾਲ ਤਖ਼ਤ 'ਤੇ ਕੜਾਹ ਪ੍ਰਸਾਦਿ ਦੀ ਦੇਗ ਭੇਟ ਕਰਦਿਆਂ ਖਿਮਾ ਯਾਚਨਾ ਦੀ ਅਰਦਾਸ ਕਰਵਾਈ। ਇਸ ਮੌਕੇ ਸ੍ਰੀ ਝੀਂਡਾ ਨੇ ਹਰਿਆਣਾ ਵਿੱਚ ਵੱਖਰੀ ਕਮੇਟੀ ਦੀ ਬਣਾਈ ਗਈ ਐਡਹਾਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦੀ ਕਾਰਵਾਈ ਬਾਰੇ ਆਖਿਆ ਕਿ ਦੀਦਾਰ ਸਿੰਘ ਨਲਵੀ ਨੂੰ ਵੀ ਪੰਥ ਵਿੱਚੋਂ ਛੇਕਿਆ ਹੋਇਆ ਹੈ ਤੇ ਛੇਕੇ ਹੋਏ ਵਿਅਕਤੀ ਨੂੰ ਅਜਿਹਾ ਫ਼ੈਸਲਾ ਲੈਣ ਦਾ ਕੋਈ ਹੱਕ ਨਹੀਂ ਹੈ। ਉਹ ਪਹਿਲਾਂ ਖ਼ੁਦ ਪੰਥ ਵਿੱਚ ਵਾਪਸੀ ਕਰਨ। ਮੁਤਵਾਜ਼ੀ ਜਥੇਦਾਰਾਂ ਵਿੱਚ ਸ਼ਾਮਲ ਭਾਈ ਬਲਜੀਤ ਸਿੰਘ ਦਾਦੂਵਾਲ ਵੱਲੋਂ ਦੀਦਾਰ ਸਿੰਘ ਨਲਵੀ ਨੂੰ ਸਿਰੋਪਾਓ ਦਿੱਤੇ ਜਾਣ 'ਤੇ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਸ੍ਰੀ ਝੀਂਡਾ ਨੇ ਆਖਿਆ ਕਿ ਸ੍ਰੀ ਦਾਦੂਵਾਲ ਨੇ ਪੰਥ ਵਿੱਚੋਂ ਛੇਕੇ ਹੋਏ ਵਿਅਕਤੀ ਨੂੰ ਸਿਰੋਪਾਓ ਦੇ ਕੇ ਅਕਾਲ ਤਖ਼ਤ ਦੇ ਆਦੇਸ਼ ਦੀ ਉਲੰਘਣਾ ਕੀਤੀ ਹੈ।

ਸ੍ਰੀ ਝੀਂਡਾ ਨੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਵੀ ਕੀਤੀ। ਇਸ ਮੌਕੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸ੍ਰੀ ਝੀਂਡਾ ਨੇ ਅਕਾਲ ਤਖ਼ਤ ਵੱਲੋਂ ਲਾਈ ਤਨਖ਼ਾਹ ਪੂਰੀ ਕਰ ਲਈ ਹੈ ਅਤੇ ਉਹ ਰਸਮੀ ਤੌਰ 'ਤੇ ਪੰਥ ਵਿੱਚ ਮੁੜ ਸ਼ਾਮਲ ਹੋ ਗਏ ਹਨ।

## ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗੁਰਮੁਖ ਸਿੰਘ ਐਨ ਵਿਸਾਖੀ ਮੌਕੇ 'ਗੈਰਹਾਜ਼ਰ'

'ਤੇ ਸਿਆਸੀ ਕਾਨਫਰੰਸਾਂ, ਲੰਗਰ ਤੇ ਸਮਾਗਮਾਂ ਲਈ ਜਗ੍ਹਾ ਅਲਾਟ ਕਰਨਾ ਸ਼ਾਮਲ ਹੈ। ਮਾਨਸਾ ਜ਼ਿਲ੍ਹੇ ਵਿਚੋਂ ਸ਼੍ਰੋਮਣੀ ਕਮੇਟੀ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨਕੇ ਨੇ ਕਿਹਾ ਕਿ ਜਥੇਦਾਰ ਨੂੰ ਵਿਸਾਖੀ ਮੌਕੇ ਤਖਤ 'ਤੇ ਹਾਜ਼ਰ ਰਹਿਣਾ ਚਾਹੀਦਾ ਸੀ ਕਿਉਂਕਿ ਇਹ ਕੌਮ ਦਾ ਵੱਡਾ ਦਿਹਾੜਾ ਹੈ। ਸ਼੍ਰੋਮਣੀ ਕਮੇਟੀ ਦੀ ਕਾਰਜਕਾਰੀ ਮੈਂਬਰ ਜੋਗਿੰਦਰ ਕੌਰ ਨੇ ਕਿਹਾ ਕਿ ਜਥੇਦਾਰ ਨੂੰ ਵਿਸਾਖੀ ਤੋਂ 20 ਦਿਨ ਪਹਿਲਾਂ ਤਖਤ 'ਤੇ ਹਾਜ਼ਰ ਰਹਿਣਾ ਚਾਹੀਦਾ ਸੀ ਕਿਉਂਕਿ ਧਾਰਮਿਕ ਸਮਾਗਮਾਂ ਲਈ ਉਨ੍ਹਾਂ ਨੇ ਹੀ ਸਾਰੇ ਪ੍ਰਬੰਧ ਉਲੀਕਣੇ ਸਨ।

ਸ਼੍ਰੋਮਣੀ ਕਮੇਟੀ ਮੈਂਬਰ ਅਮਰੀਕ ਸਿੰਘ ਕੋਟਸ਼ਮੀਰ ਨੇ ਕਿਹਾ ਕਿ ਜਥੇਦਾਰ ਗੁਰਮੁਖ ਸਿੰਘ ਦੋਆਬੇ ਵਿੱਚ ਸਮਾਗਮਾਂ ਵਿੱਚ ਗਏ ਹੋਏ ਹਨ ਅਤੇ ਅੱਜ ਸ਼ਾਮ ਤਕ ਉਨ੍ਹਾਂ ਦੇ ਤਖ਼ਤ 'ਤੇ ਆਉਣ ਦੀ ਸੰਭਾਵਨਾ ਹੈ। ਪੱਖ ਜਾਣਨ ਲਈ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਵਾਰ ਵਾਰ ਫੋਨ ਕੀਤੇ ਪਰ ਉਨ੍ਹਾਂ ਫੋਨ ਨਹੀਂ ਚੁੱਕਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਵੀ ਰੁਝੇਵੇਂ ਵਿੱਚ ਹੋਣ ਦੀ ਗੱਲ ਆਖੀ।

## ਪਾਕਿ 'ਚ ਭਾਰਤੀ ਸਾਬਕਾ ਫ਼ੌਜੀ ਨੂੰ ਸਜ਼ਾ-ਏ-ਮੌਤ

ਤੇ ਉੜੀ ਵਿਚ ਕੀਤੇ ਹਮਲਿਆਂ ਨੇ ਦੋਵਾਂ ਮੁਲਕਾਂ ਦੇ ਸਬੰਧਾਂ ਨੂੰ ਭਾਰੀ ਸੱਟ ਮਾਰੀ ਸੀ। ਪਾਕਿਸਤਾਨ ਫ਼ੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈਐਸਪੀਆਰ) ਨੇ ਕਿਹਾ ਹੈ ਕਿ ਫੀਲਡ ਜਨਰਲ ਕੋਰਟ ਮਾਰਸ਼ਲ ਨੇ ਸ੍ਰੀ ਜਾਧਵ ਨੂੰ 'ਲਾਏ ਗਏ ਸਾਰੇ ਦੋਸ਼ਾਂ' ਤਹਿਤ ਦੋਸ਼ੀ ਕਰਾਰ ਦਿੱਤਾ ਹੈ। ਕੋਰਟ ਮਾਰਸ਼ਲ ਦੀ ਇਹ ਕਾਰਵਾਈ ਪੂਰੀ ਤਰ੍ਹਾਂ ਬੰਦ ਕਮਰੇ ਵਿੱਚ ਕੀਤੀ ਗਈ ਤੇ ਸ੍ਰੀ ਜਾਧਵ ਨੂੰ ਵਕੀਲ ਦੀਆਂ ਸੇਵਾਵਾਂ ਮੁਹੱਈਆ ਨਹੀਂ ਕਰਵਾਈਆਂ ਗਈਆਂ। ਆਈਐਸਪੀਆਰ ਨੇ ਆਪਣੇ ਬਿਆਨ ਵਿੱਚ ਕਿਹਾ, "ਜਾਸੂਸ (ਸ੍ਰੀ ਜਾਧਵ) ਖ਼ਿਲਾਫ਼ ਮੁਕੱਦਮਾ ਪਾਕਿਸਤਾਨ ਆਰਮੀ ਐਕਟ ਤਹਿਤ ਫੀਲਡ ਕੋਰਟ ਮਾਰਸ਼ਲ ਵੱਲੋਂ ਚਲਾਇਆ ਗਿਆ ਤੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਅੱਜ ਇਸ ਸਜ਼ਾ ਦੀ ਪੁਸ਼ਟੀ ਕਰ ਦਿੱਤੀ।"

ਇਸ ਉਤੇ ਸਖ਼ਤ ਇਤਰਾਜ਼ ਜ਼ਾਹਰ ਕਰਦਿਆਂ ਨਵੀਂ ਦਿੱਲੀ ਵਿੱਚ ਵਿਦੇਸ਼ ਸਕੱਤਰ ਐਸ. ਜੈਸ਼ੰਕਰ ਨੇ ਪਾਕਿਸਤਾਨ ਦੇ ਹਾਈ ਕਮਿਸ਼ਨਰ ਅਬਦੁਲ ਬਾਸਿਤ ਨੂੰ ਤਲਬ ਕਰ ਸਖ਼ਤ ਚਿਤਾਵਨੀ ਪੱਤਰ ਦਿੱਤਾ। ਇਸ ਵਿੱਚ ਕਿਹਾ ਗਿਆ ਹੈ ਕਿ ਸ੍ਰੀ ਜਾਧਵ ਖ਼ਿਲਾਫ਼ ਮੁਕੱਦਮੇ ਦੀ ਕਾਰਵਾਈ 'ਕਿਸੇ ਭਰੋਸੇਮੰਦ ਸਬੂਤ ਦੀ ਅਣਹੋਂਦ ਵਿੱਚ ਹਾਸੋਹੀਣੀ' ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਸ੍ਰੀ ਜਾਧਵ ਨੂੰ ਬੀਤੇ ਸਾਲ ਇਰਾਨ ਤੋਂ ਅਗਵਾ ਕੀਤਾ ਗਿਆ ਸੀ ਅਤੇ ਉਸ ਦੀ ਪਾਕਿਸਤਾਨ ਵਿੱਚ ਮੌਜੂਦਗੀ ਦਾ ਕਦੇ ਵੀ 'ਭਰੋਸੇਮੰਦ ਢੰਗ ਨਾਲ' ਖ਼ੁਲਾਸਾ ਨਹੀਂ ਕੀਤਾ ਗਿਆ।

ਦੂਜੇ ਪਾਸੇ ਪਾਕਿਸਤਾਨ ਦਾ ਦਾਅਵਾ ਹੈ ਕਿ ਸਲਾਮਤੀ ਦਸਤਿਆਂ ਨੇ ਉਸ ਨੂੰ ਬੀਤੇ ਸਾਲ 3 ਮਾਰਚ ਨੂੰ ਗੜਬੜਜ਼ਦਾ ਸੂਬੇ ਬਲੋਚਿਸਤਾਨ ਵਿੱਚੋਂ ਗ੍ਰਿਫ਼ਤਾਰ ਕੀਤਾ ਸੀ, ਜੋ ਇਰਾਨ ਰਾਹੀਂ ਦਾਖ਼ਲ ਹੋਇਆ ਸੀ। ਪਾਕਿਸਤਾਨ ਦਾ ਇਹ ਵੀ ਦਾਅਵਾ ਹੈ ਕਿ ਉਹ 'ਭਾਰਤੀ ਸਮੁੰਦਰੀ ਫ਼ੌਜ ਦਾ ਮੌਜੂਦਾ ਮੈਂਬਰ' ਹੈ। ਪਾਕਿਸਤਾਨੀ ਫ਼ੌਜ ਨੇ ਉਸ ਦੇ 'ਇਕਬਾਲੀਆ ਜੁਰਮ ਦੀ ਇਕ ਵੀਡੀਓ' ਵੀ ਜਾਰੀ ਕੀਤੀ ਸੀ।

ਭਾਰਤ ਨੇ ਮੰਨਿਆ ਕਿ ਸ੍ਰੀ ਜਾਧਵ ਨੇ ਭਾਰਤੀ ਸਮੁੰਦਰੀ ਫ਼ੌਜ ਵਿੱਚ ਸੇਵਾ ਤਾਂ ਕੀਤੀ ਸੀ ਪਰ ਹੁਣ ਉਸ ਦਾ ਸਰਕਾਰ ਨਾਲ ਕੋਈ ਸਬੰਧ ਨਹੀਂ ਸੀ। ਭਾਰਤ ਵੱਲੋਂ ਇਸਲਾਮਾਬਾਦ ਸਥਿਤ ਆਪਣੇ ਹਾਈ ਕਮਿਸ਼ਨਰ ਰਾਹੀਂ ਲਗਾਤਾਰ ਉਸ ਨੂੰ ਕੌਮਾਂਤਰੀ ਕਾਨੂੰਨਾਂ ਤਹਿਤ ਵਕੀਲ ਦੀਆਂ ਸੇਵਾਵਾਂ ਮੁਹੱਈਆ ਕਰਾਉਣ ਦੀ ਕੋਸ਼ਿਸ਼ ਵੀ ਕੀਤੀ ਗਈ। ਭਾਰਤ ਨੇ ਅਜਿਹੀਆਂ 13 ਲਿਖਤੀ ਬੇਨਤੀਆਂ ਕੀਤੀਆਂ, ਜਿਨ੍ਹਾਂ ਨੂੰ ਪਾਕਿਸਤਾਨ ਨੇ ਨਾਮਨਜ਼ੂਰ ਕਰ ਦਿੱਤਾ।

ਚੰਡੀਗੜ੍ਹ: ਇਸ ਦੌਰਾਨ ਪਾਕਿਸਤਾਨ ਦੀ ਜੇਲ੍ਹ ਵਿੱਚ 2013 ਵਿਚ ਮਾਰੇ ਗਏ ਭਾਰਤੀ ਕੈਦੀ ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਨੇ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਭਾਰਤ ਨੂੰ ਇਸ ਖ਼ਿਲਾਫ਼ ਕੌਮਾਂਤਰੀ ਅਦਾਲਤ ਵਿੱਚ ਅਪੀਲ ਕਰਨੀ ਚਾਹੀਦੀ ਹੈ।

## ਭਾਰਤ ਨੇ ਪਾਕਿਸਤਾਨੀ ਕੈਦੀਆਂ ਦੀ ਰਿਹਾਈ ਰੋਕੀ :

ਨਵੀਂ ਦਿੱਲੀ: ਭਾਰਤ ਨੇ ਪਾਕਿਸਤਾਨ ਦੇ ਉਨ੍ਹਾਂ ਇਕ ਦਰਜਨ ਕੈਦੀਆਂ ਨੂੰ ਰਿਹਾਅ ਨਾ ਕਰਨ ਦਾ ਫ਼ੈਸਲਾ ਕੀਤਾ ਹੈ, ਜਿਨ੍ਹਾਂ ਨੂੰ ਵਤਨ ਭੇਜਿਆ ਜਾਣਾ ਸੀ। ਪਾਕਿਸਤਾਨੀ ਫ਼ੌਜ ਦੇ ਮੁਖੀ ਵੱਲੋਂ ਭਾਰਤੀ ਨਾਗਰਿਕ ਕੁਲਭੂਸ਼ਨ ਜਾਧਵ ਦੀ ਸਜ਼ਾ-ਏ-ਮੌਤ ਦੀ ਪੁਸ਼ਟੀ ਕੀਤੇ ਜਾਣ ਤੋਂ ਬਾਅਦ ਭਾਰਤ ਨੇ ਆਖਿਆ ਕਿ ਹਾਲੇ ਇਨ੍ਹਾਂ ਕੈਦੀਆਂ ਨੂੰ ਰਿਹਾਅ ਕੀਤੇ ਜਾਣ ਦਾ ਸਹੀ ਸਮਾਂ ਨਹੀਂ ਹੈ।

## ਖਾਲਿਸਤਾਨ ਦੀ ਕਰੀਬ ਆ ਰਹੀ ਮੰਜ਼ਿਲ

ਵਲੋਂ ਇਸ ਦਾ ਵਿਰੋਧ ਕੀਤਾ ਗਿਆ ਸੀ। ਇਸ ਨਾਲ ਓਂਟਾਰੀਓ ਦੀਆਂ ਸਿੱਖ ਸੰਗਤਾਂ ਵਿੱਚ ਲਿਬਰਲ ਪਾਰਟੀ ਪ੍ਰਤੀ ਕਾਫੀ ਗੁੱਸਾ ਸੀ। ਇਸ ਵਾਰ ਆਪਣੀ ਪਿਛਲੀ ਗਲਤੀ ਸੁਧਾਰਦਿਆਂ, ਇਹ ਮਤਾ ਲਿਬਰਲ ਪਾਰਟੀ ਵਲੋਂ ਲਿਆਂਦਾ ਗਿਆ, ਜਿਹੜਾ ਕਿ ਸ਼ਲਾਘਾਯੋਗ ਕਦਮ ਹੈ। ਇਸ ਮਤੇ ਵਿੱਚ ਕਿਹਾ ਗਿਆ ਹੈ ਕਿ, "ਲੈਜਿਸਲੇਟਿਵ ਅਸੰਬਲੀ ਓਂਟਾਰੀਓ, ਕੈਨੇਡਾ ਦੀਆਂ ਅਤਿ-ਪਿਆਰੀਆਂ ਇਨਸਾਫ, ਮਨੁੱਖੀ ਹੱਕਾਂ ਅਤੇ ਨਿਆਂ-ਸੰਗਤਤਾ ਦੀਆਂ ਕਦਰਾਂ-ਕੀਮਤਾਂ ਵਿੱਚ ਮੁੜ ਪ੍ਰਤੀਬੱਧਤਾ ਦਾ ਪ੍ਰਗਟਾਵਾ ਕਰਦਿਆਂ ਭਾਰਤ ਵਿੱਚ ਹਰ ਕਿਸਮ ਦੀ ਫਿਰਕੂ ਹਿੰਸਾ, ਨਫਰਤ, ਦੁਸ਼ਮਣੀ, ਵਿਤਕਰਾ, ਨਸਲਵਾਦ ਅਤੇ ਅਸਹਿਣਸ਼ੀਲਤਾ, ਜਿਸ ਵਿੱਚ 1984 ਵਿੱਚ ਭਾਰਤ ਭਰ ਵਿੱਚ ਸਿੱਖਾਂ ਦੇ ਖਿਲਾਫ ਕੀਤੀ ਗਈ ਨਸਲਕੁਸ਼ੀ ਸ਼ਾਮਲ ਹਨ, ਦੀ ਨਿਖੇਧੀ ਕਰਦੇ ਹਾਂ ਅਤੇ ਸਾਰੀਆਂ ਧਿਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਸਚਾਈ ਦੇ ਲੜ ਲੱਗਦਿਆਂ ਇਸ ਦਾ ਹੱਲ ਕਰਨ!"

ਓਂਟਾਰੀਓ ਸਟੇਟ ਪਾਰਲੀਮੈਂਟ ਇਸ ਮਤੇ ਨੂੰ ਪਾਸ ਕਰਨ ਨਾਲ ਦੁਨੀਆਂ ਦੀ ਉਹ ਪਹਿਲੀ ਸਟੇਟ ਬਣ ਗਈ ਹੈ, ਜਿਸ ਨੇ ਬੜੇ ਸਪੱਸ਼ਟ ਸ਼ਬਦਾਂ ਵਿੱਚ 1984 ਨੂੰ (ਜਿਸ ਵਿੱਚ ਜੂਨ-84 ਅਤੇ ਨਵੰਬਰ-84 ਦੋਵੇਂ ਹੀ ਸ਼ਾਮਲ ਹਨ) ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਹੈ। ਭਾਰਤ ਸਰਕਾਰ ਦੇ ਜਮੂਰਿਆਂ ਵਲੋਂ ਇਸ ਮਤੇ ਨੂੰ ਪਾਸ ਹੋਣ ਤੋਂ ਰੋਕਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਗਿਆ ਪਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਅਸੀਂ ਦੁਨੀਆਂ ਭਰ ਵਿੱਚ ਵਸਦੀ 30 ਮਿਲੀਅਨ ਸਿੱਖ ਕੌਮ ਨੂੰ ਇਸ ਵਿਸ਼ੇਸ਼ ਪ੍ਰਾਪਤੀ ਲਈ ਵਧਾਈ ਪੇਸ਼ ਕਰਦੇ ਹਾਂ। ਇਸ ਮਤੇ ਨੂੰ ਪੇਸ਼ ਕਰਦਿਆਂ ਹਰਿੰਦਰ ਕੌਰ ਮੱਲ੍ਹੀ ਵਲੋਂ ਲਗਭਗ 12 ਮਿੰਟ ਦੀ ਬਹੁਤ ਜਾਣਕਾਰੀ ਭਰਪੂਰ ਸਪੀਚ ਦਿੱਤੀ ਗਈ, ਜਿਸ ਵਿੱਚ ਨਵੰਬਰ-84 ਵਿੱਚ ਭਾਰਤ ਸਰਕਾਰ ਦੇ ਜ਼ੁਲਮਾਂ ਅਤੇ ਹੁਣ ਤੱਕ ਇਨਸਾਫ ਨਾ ਮਿਲਣ ਦੇ ਵੇਰਵੇ ਬਿਆਨ ਕੀਤੇ ਗਏ।

ਇਸ ਮਤੇ ਦੇ ਪੇਸ਼ ਹੋਣ ਤੋਂ ਬਾਅਦ, ਦੂਸਰੀਆਂ ਪਾਰਟੀਆਂ ਦੇ ਐਮ.ਪੀ.ਪੀ.'ਜ਼ ਵਲੋਂ ਇਸ ਮਤੇ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਉਨ੍ਹਾਂ ਨੇ ਲਿਬਰਲ ਪਾਰਟੀ ਦੀ ਇਸ ਪੱਖੋਂ ਅਲੋਚਨਾ ਕੀਤੀ ਕਿ ਉਨ੍ਹਾਂ ਨੇ ਪਿਛਲੇ ਸਾਲ ਪੇਸ਼ ਕੀਤੇ ਗਏ ਮਤੇ ਦੀ ਵਿਰੋਧਤਾ ਕੀਤੀ ਸੀ। ਇਸ ਮਤੇ 'ਤੇ ਬਹਿਸ ਦੌਰਾਨ ਦਰਸ਼ਕ-ਗੈਲਰੀ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਨੁਮਾਇੰਦੇ ਮੌਜੂਦ ਸਨ, ਜਿਨ੍ਹਾਂ ਵਿੱਚ ਨਵੰਬਰ-84 ਵਿੱਚ ਸਿੱਖ ਨਸਲਕੁਸ਼ੀ ਦਾ ਸ਼ਿਕਾਰ ਹੋਏ ਪਰਿਵਾਰਾਂ ਦੇ ਮੈਂਬਰ ਵੀ ਸ਼ਾਮਲ ਸਨ। ਸਿੱਖ ਕੌਮ ਲਈ ਇਹ ਇੱਕ ਬਹੁਤ ਵੱਡੀ ਪ੍ਰਾਪਤੀ ਹੈ।

ਓਨਟਾਰੀਓ ਸਟੇਟ ਵਲੋਂ 2013 ਵਿੱਚ, ਅਪ੍ਰੈਲ ਮਹੀਨੇ ਨੂੰ ਸਿੱਖ ਹੈਰੀਟੇਜ ਮਹੀਨੇ', ਵਜੋਂ ਮਾਨਤਾ ਦੇਣ ਨੂੰ ਇੱਕ ਐਕਟ' ਵਜੋਂ ਮਾਨਤਾ ਦੇਣਾ ਇੱਕ ਬਹੁਤ ਵੱਡੀ ਪ੍ਰਾਪਤੀ ਸੀ। ਹੁਣ ਇਸ ਮਹੀਨੇ ਨੂੰ ਓਨਟਾਰੀਓ ਵਿੱਚ ਅੱਡ-ਅੱਡ ਤਰੀਕਿਆਂ ਨਾਲ ਸਿੱਖ ਹੈਰੀਟੇਜ ਮਹੀਨੇ ਵਜੋਂ ਮਨਾਇਆ ਜਾਂਦਾ ਹੈ। ਇਨ੍ਹਾਂ ਸਮਾਗਮਾਂ ਵਿੱਚ ਇਹ ਹੋਰ ਸ਼ਲਾਘਾਯੋਗ ਵਾਧਾ ਹੋਇਆ ਹੈ। ਇਸ ਵਾਰ, ਕੈਨੇਡਾ ਦੀ ਰਾਜਧਾਨੀ ਓਟਵਾ ਵਿਖੇ ਪਾਰਲੀਮੈਂਟ ਦੇ ਬਾਹਰ, 3 ਅਪਰੈਲ ਨੂੰ ਖਾਲਸਾਈ ਝੰਡਾ ਝੁਲਾਇਆ ਗਿਆ। ਸਵੇਰੇ 11:00 ਤੋਂ ਬਾਸਦ ਦੁਪਹਿਰ 1:00 ਵਜੇ ਤੱਕ ਚੱਲੇ ਸਮਾਗਮ ਵਿੱਚ ਰਿਸੈਪਸ਼ਨ ਅਤੇ ਝੰਡਾ ਝੁਲਾਉਣ ਦੀ ਰਸਮ ਸ਼ਾਮਲ ਸਨ। ਕੈਨੇਡਾ ਦੇ 20 ਦੇ ਲਗਭਗ ਐਮ.ਪੀ. ਇਸ ਸਮਾਗਮ ਵਿੱਚ ਸ਼ਾਮਲ ਹੋਏ। ਅਸੀਂ ਇਸ ਵਿਸ਼ੇਸ਼ ਪ੍ਰਾਪਤੀ ਲਈ ਓਨਟਾਰੀਓ ਦੀਆਂ ਸਿੱਖ ਸੰਗਤਾਂ ਅਤੇ ਪ੍ਰਬੰਧਕਾਂ ਨੂੰ ਵਧਾਈ ਪੇਸ਼ ਕਰਦੇ ਹਾਂ।

ਉਪਰੋਕਤ ਪ੍ਰਾਪਤੀਆਂ, 30 ਮਿਲੀਅਨ ਸਿੱਖ ਕੌਮ ਵਲੋਂ, ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ ਵਿੱਢੇ ਸੰਘਰਸ਼ ਵਿੱਚ ਰੌਸ਼ਨ ਮੀਲ ਪੱਥਰ ਹਨ। ਅਸੀਂ ਸਮਝਦੇ ਹਾਂ ਕਿ ਇਸ ਦੇ ਬਾਵਜੂਦ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਭਾਰਤੀ ਹਾਕਮਾਂ ਅਤੇ ਉਨ੍ਹਾਂ ਦੇ ਦੇਸ਼-ਵਿਦੇਸ਼ ਵਿਚਲੇ ਦੁਮਛੱਲਿਆਂ ਵਲੋਂ, ਸਿੱਖ ਸੰਘਰਸ਼ ਨੂੰ 'ਦਹਿਸ਼ਤਗਰਦੀ' ਦੇ ਖਾਤੇ ਵਿੱਚ ਪਾਉਣ ਅਤੇ ਸਿੱਖ ਕੌਮ ਨੂੰ ਅੱਤਵਾਦੀ ਸਾਬਤ ਕਰਨ ਵਿੱਚ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਪ੍ਰਦੇਸੀ ਖਾਲਸਾ ਜੀ ਦੇ ਯਤਨਾਂ ਸਦਕਾ, ਸਿੱਖ ਕੌਮ ਦੁਨੀਆਂ ਭਰ ਵਿੱਚ ਆਪਣੀ ਅੱਡਰੀ ਪਛਾਣ ਦੇ ਸੰਘਰਸ਼ ਵਿੱਚ ਪੁਲਾਂਘਾਂ ਪੁੱਟ ਰਹੀ ਹੈ। ਉਹ ਦਿਨ ਦੂਰ ਨਹੀਂ ਜਦੋਂ ਬਹੁਤ ਜਲਦੀ ਦਰਿਆਏ ਜਮਨਾ ਤੋਂ ਵਾਘਾ ਸਰਹੱਦ ਤੱਕ ਇੱਕ ਅਜ਼ਾਦ ਪ੍ਰਭੂਸੱਤਾ ਸੰਪਨ ਦੇਸ਼ ਖਾਲਿਸਤਾਨ ਹੋਂਦ ਵਿੱਚ ਆਏਗਾ। ਖਾਲਿਸਤਾਨ ਦਾ ਝੰਡਾ, ਹੁਣ ਨੌਜਵਾਨ ਪੀੜ੍ਹੀ ਨੇ ਬੜੀ ਮਜ਼ਬੂਤੀ ਨਾਲ ਸੰਭਾਲ ਲਿਆ ਹੈ। ਬੇਸ਼ੱਕ ਅੱਜ ਸਾਡਾ ਦੁਸ਼ਮਣ ਮੁਗਲਾਂ ਤੋਂ ਜ਼ਿਆਦਾ ਜ਼ਾਲਮ ਅਤੇ ਅੰਗਰੇਜ਼ਾਂ ਤੋਂ ਜ਼ਿਆਦਾ ਚਲਾਕ ਹੈ ਪਰ ਸਿੱਖ ਕੌਮ ਆਪਣੀ ਹੋਣੀ ਘੜਨ ਲਈ ਦ੍ਰਿੜ ਸੰਕਲਪ ਹੈ। ਸੁਗੰਧ-ਸਮੀਰ ਦਾ ਕਥਨ ਹੈ-

ਝਲਕ ਸੁੰਦਰ ਤੋਂ ਰੌਸ਼ਨ ਪੰਧ ਹੋਏ, ਕੀ ਗਮ ਜੇ ਸਿਰ 'ਤੇ ਪੰਡਾਂ ਭਾਰੀਆਂ ਨੇ।'

ਸਤਿਗੁਰੂ ਜੀ ਦੀ ਰਹਿਮਤ ਨਾਲ ਸਿੱਖ ਕੌਮ ਬਹੁਤ ਜਲਦੀ ਆਪਣੀ ਕੌਮੀ ਨਿਸ਼ਾਨੇ ਖਾਲਿਸਤਾਨ ਨੂੰ ਹਾਸਲ ਕਰੇਗੀ। ਹਰ ਸਿਦਕਵਾਨ ਸਿੱਖ ਨੂੰ ਫਿਜ਼ਾ ਵਿੱਚ ਗੂੰਜਦੇ ਇਹ ਸ਼ਬਦ ਸੁਣਾਈ ਦਿੰਦੇ ਹਨ -

ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ,
ਸਾਜਤੇ ਦੀਵਾਨ ਰਹੇਂ ਪੰਥ ਮਹਾਰਾਜ ਕੇ।'


SAVE $2500
ON DIESEL PER TRUCK WITH
ONE CALL!
11¢
DISCOUNT
PER GALLON
TRANS-ALLIANCE
TOGETHER WE SAVE
KHALSA
FUEL CARD
1243 6756 7698 3421
TRANS EXPRESS
✓ No more Pre-Paid Cards
✓ Get Rid of Bank Wires
✓ Low Transaction Fee
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਵੱਲੋਂ ਕੀਤੀ ਗਈ ਕਾਰ ਸੇਵਾ





**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸਥਾਨਕ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਖਾਲਸੇ ਦੇ ਸਾਜਨਾ ਦਿਵਸ ਦੇ ਸਮਾਗਮਾਂ ਨੂੰ ਮੁੱਖ ਰੱਖ ਕੇ ਕਾਰਸੇਵਕ ਜੱਥੇ ਵੱਲੋਂ ਪ੍ਰਬੰਧਕਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਕਾਰਸੇਵਾ ਕੀਤੀ ਗਈ। ਇਸ ਕਾਰ ਸੇਵਾ ਨਾਲ ਗੁਰੂਘਰ ਨੂੰ ਹਜ਼ਾਰਾਂ ਹੀ ਡਾਲਰਾਂ ਦੀ ਬਚਤ ਹੋਈ ਹੈ। ਪੈਲਾਟਾਈਨ ਗੁਰੂਘਰ ਵਿਚ ਕਾਰਸੇਵਾ ਦਾ ਕਾਰਜ ਸੰਗਤਾਂ ਵੱਲੋਂ 2008 ਵਿਚ ਇਕ ਕਮਰੇ ਨੂੰ ਰੰਗ ਰੋਗਨ ਕਰਨ ਤੋਂ ਸ਼ੁਰੂ ਕੀਤਾ ਸੀ ਜੋ ਗੁਰੂ ਦੀ ਅਪਾਰ ਕ੍ਰਿਪਾ ਤੇ ਸੰਗਤਾਂ ਵਿਚ ਜੋਸ਼ ਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਅੱਜ ਤੱਕ ਨਰਿੰਤਰ ਚਲਿਆ ਆ ਰਿਹਾ ਹੈ।

ਪਿਛਲੇ ਦਿਨੀਂ ਸੰਗਤਾਂ ਵੱਲੋਂ ਜਿੱਥੇ ਗੁਰੂਘਰ ਦੇ ਅੰਦਰਲੇ ਹਿੱਸੇ ਜਿਸ ਵਿਚ ਰਸੋਈ ਘਰ, ਪਾਠੀ ਸਿੰਘਾਂ ਦੇ ਕਮਰੇ, ਯਾਤਰੂਆਂ ਦੇ ਕਮਰੇ, ਤਾਕੀਆਂ, ਦਰਵਾਜੇ, ਦੀਵਾਨ ਹਾਲ, ਲੰਗਰ ਹਾਲ ਤੇ ਬਾਥਰੂਮਾਂ ਦੀ ਸਫ਼ਾਈ ਕੀਤੀ। ਉਥੇ ਹੀ ਬਾਹਰਲੇ ਹਿੱਸੇ ਵਿਚ ਵੱਡੇ ਵੱਡੇ ਦਰਖਤਾਂ ਦੀ ਕਟਾਈ ਕੀਤੀ ਗਈ ਜਿਨ੍ਹਾਂ ਵਿਚੋਂ ਕੁਝ ਸੁੱਕ ਚੁੱਕੇ ਹਨ। ਕੁਝ ਕੁ ਗੁਰੂਘਰ ਦੀ ਦਿੱਖ ਵਿਚ ਰੁਕਾਵਟ ਸਨ। ਸਾਰੇ ਦਰਖਤਾਂ ਨੂੰ ਵੱਢ ਕੇ ਲੱਕੜਾਂ ਨੂੰ ਉੱਥੋਂ ਹਟਾਇਆ ਗਿਆ। ਆਉਣ ਵਾਲੇ ਸਮੇਂ ਵਿਚ ਉਸ ਥਾਂ ਨੂੰ ਪੱਧਰਾ ਕਰਕੇ ਕੁਝ ਥਾਵਾਂ ਤੇ ਸਜਾਵਟੀ ਬੂਟੇ ਲਾਏ ਜਾਣਗੇ। ਇਸ ਤੋਂ ਇਲਾਵਾ ਪ੍ਰਬੰਧਕਾਂ ਦੇ ਸਹਿਯੋਗ ਤੇ ਸਹਿਮਤੀ ਨਾਲ ਕਾਰ ਪਾਰਕਿੰਗ ਦਾ ਕਾਰਜ ਸ਼ੁਰੂ ਕੀਤਾ ਜਾਵੇਗਾ। ਇਥੇ ਇਹ ਦਸਣਾ ਜ਼ਰੂਰੀ ਸਮਝਦੇ ਹਾਂ ਕਿ ਜੋ ਇਹ ਦਰਖਤ ਕਟੇ ਗਏ ਹਨ ਜੇ ਇਹੋ ਹੀ ਕੰਮ ਕਿਸੇ ਕੰਪਨੀ ਤੋਂ ਕਰਵਾਇਆ ਜਾਂਦਾ ਤਾਂ ਇਹ 25 ਤੋਂ 30 ਹਜ਼ਾਰ ਡਾਲਰ ਦਾ ਸੀ। ਪਰ ਸੰਗਤਾਂ ਨੇ ਸਾਰੇ ਖਰਚਿਆਂ ਸਮੇਤ 5-6 ਹਜ਼ਾਰ ਡਾਲਰ ਵਿਚ ਕਰ ਦਿੱਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਮਹਾਂਬੀਰ ਸਿੰਘ ਬਰਾੜ ਨੇ ਸੰਗਤਾਂ ਦਾ ਤੇ ਵਿਸ਼ੇਸ਼ ਤੌਰ 'ਤੇ ਕਾਰ ਸੇਵਾ ਵਾਲੇ ਜਥੇ ਦਾ ਧੰਨਵਾਦ ਕੀਤਾ।

ਵਰਨਣਯੋਗ ਹੈ ਕਿ ਜਦੋਂ ਵੀ ਕਾਰ ਸੇਵਕ ਜੱਥੇ ਵੱਲੋਂ ਸੰਗਤਾਂ ਨੂੰ ਗੁਰੂਘਰ ਵਿਚ ਕਾਰਸੇਵਾ ਵਾਸਤੇ ਸੱਦਾ ਦਿੱਤਾ ਜਾਂਦਾ ਹੈ। ਸੰਗਤਾਂ ਵਿਚ ਗੁਰੂਘਰ ਵਿਚ ਸੇਵਾ ਕਰਨ ਵਾਸਤੇ ਬਹੁਤ ਹੀ ਉਤਸ਼ਾਹ ਭਰ ਜਾਂਦਾ ਹੈ। ਸੰਗਤਾਂ ਆਪਣੇ ਰੋਜਾਨਾਂ ਦੇ ਕੰਮਾਂ ਕਾਰਾਂ ਨੂੰ ਛੱਡ ਕੇ ਗੁਰੂ ਘਰ ਵਿਚ ਸੇਵਾ ਕਰਨ ਨੂੰ ਪਹਿਲ ਦਿੰਦੀਆਂ ਹਨ। ਆਪਣੇ ਆਪ ਨੂੰ ਭਾਗਾਂ ਵਾਲੇ ਸਮਝਦੇ ਹਨ। ਕਿ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਪਲ ਗੁਰੂਘਰ ਦੀ ਸੇਵਾ ਵਿਚ ਲੱਗੇ ਹਨ। ਇਸ ਕਾਰਸੇਵਾ ਰਾਹੀਂ ਸਾਲਾਂ ਵਿਚ ਗੁਰੂਘਰ ਦੇ ਬਹੁ ਮੁੱਲੇ ਕਾਰਜ ਸੰਗਤਾਂ ਨੇ ਨੇਪਰੇ ਚਾੜ੍ਹੇ ਹਨ।

ਕਾਰਸੇਵਕਾਂ ਵਿਚ ਮੁੱਖ ਤੌਰ ਤੇ ਸਤਨਾਮ ਸਿੰਘ ਔਲਖ, ਉਕਾਂਰ ਸਿੰਘ ਢਿੱਲੋਂ, ਤਰਲੋਚਨ ਸਿੰਘ ਗਿੱਲ, ਜੈਰਾਮ ਸਿੰਘ ਕਾਹਲੋ, ਤਰਲੋਚਨ ਸਿੰਘ ਢਿੱਲੋਂ, ਗੁਰਮੀਤ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਸੇਖੋਂ, ਉਂਕਾਰ ਸਿੰਘ ਲਾਲ ਤੇ ਸਾਥੀ ਸੇਵਾ ਨਿਬਾਉਂਦੇ ਚਲੇ ਆ ਰਹੇ ਹਨ। ਵਾਹਿਗੁਰੂ ਇਨ੍ਹਾਂ ਸੇਵਾਦਾਰਾਂ ਨੂੰ ਚੜ੍ਹਦੀ ਕਲਾ ਬਖਸ਼ੇ ਤੇ ਇਸੇ ਤਰ੍ਹਾਂ ਸੇਵਾ ਕਰਨ ਦਾ ਬਲ ਬਖਸ਼ੇ। ਇਸ ਤੋਂ ਇਲਾਵਾ ਕਾਰ ਸੇਵਾ ਵਿਚ ਬੱਚੇ ਵੀ ਵੱਧ ਚੜ ਕੇ ਹਿੱਸਾ ਲੈਂਦੇ ਹਨ।

For Classified Contact
510.240.5949




HINDI ELITE PACK $29.99 mo for 24 months
+3 CHANNELS
HINDI MEGA PACK $49.99 mo for 24 months
INCLUDES CHANNELS LISTED ABOVE
EXPERIENCE YOUR CULTURE AT HOME. CALL TODAY!
All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.
SUNWIRELESS
(888) 977-1552
www.sw.getdish.com
ASK ABOUT DISH
FOR YOUR HOME, APARTMENT, OR BUSINESS
dish AUTHORIZED RETAILER
**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. **Offer ends 6/21/17. 2-Year Commitment:** Early termination fee of $20/mo. remaining applies if you cancel earl **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SKYWAY TRAVEL
SERVICE TRUST
DOMESTIC and INTERNATIONAL

Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

ਕਮਜੋਰੀ ਦਾ ਜੜ ਤੋਂ ਖਾਤਮਾਂ



VAID HARSHBIR SINGH

ਕਿਸੇ ਵੀ ਕਾਰਨ ਨਾਲ ਆਈ ਕਮਜੋਰੀ (ਗੁਪਤ ਰੋਗ), ਸ਼ੁਕਰਾਣੂ ਦੀ ਕਮੀ (ਸੰਤਾਨਹੀਨਤਾ), ਵਰਗੇ ਗੁਪਤ ਰੋਗਾਂ ਦਾ ਸ਼ੁੱਧ ਦੇਸੀ ਇਲਾਜ਼ 184 ਕੀਸਮਾਂ ਦੀਆਂ ਕੀਮਤੀ ਜੜੀ ਬੁਟੀਆਂ ਰਾਹੀ ਕੀਤਾ ਜਾਂਦਾ ਹੈ। ਜੋ ਕਿ ਹਰ ਉਮਰ ਵਿੱਚ ਤੁਰੰਤ ਫਾਇਦਾ ਕਰਦੀ ਹੈ। ਤੁਹਾਡੇ ਰੋਗ ਬਾਰੇ ਪੁਛ ਕੇ ਉਸ ਦ ਸਹੀ ਕਾਰਣ ਜਾਣ ਕੇ ਜੜ ਤੋਂ ਹੀ ਉਸ ਦਾ ਇਲਾਜ ਕੀਤਾ ਜਾਂਦਾ ਹੈ ਤਾਂ ਕਿ ਦਵਾਈ ਬਾਰ ਬਾਰ ਨਾ ਖਾਣੀ ਪਵੇ। ਸੋ ਆਪਣੇ ਗੁਪਤ ਰੋਗ ਨੂੰ ਲੁਕਾ ਕੇ ਵਧਾਓ ਨਾ,ਬਲਕੀ ਸਾਨੂੰ ਦਸ ਕੇ ਉਸ ਦਾ ਇਲਾਜ਼ ਕਰਵਾਓ। ਹਰ ਪਾਸੇ ਤੋਂ ਨਿਰਾਸ਼ ਹੋਏ ਰੋਗੀ ਇੱਕ ਕੋਰਸ ਜਰੂਰ ਕਰ ਕੇ ਫਰਕ ਦੇਖਣ। ਬਜੁਰਗਾਂ ਅਤੇ ਨਵੇਂ ਵਿਆਹ ਕਰਵਾਉਣ ਵਾਲੇ ਗਭਰੂਆਂ ਲਈ ਖਾਸ ਸ਼ੈਹਨਸ਼ਾਹੀ ਕੋਰਸ ਤੇ ਤਿਲਾਂ ਤਿਆਰ ਕੀਤਾ ਜਾਂਦਾ ਹੈ, ਜਿਸ ਦਾ ਬਹੁਤ ਜਬਰਦਸਤ ਅਤੇ ਤੁਰੰਤ ਫਾਇਦਾ ਮਿਲਦਾ ਹੈ। ਆਪਣਾ ਰੋਗ ਦਸ ਕੇ ਖਰਚਾ ਪੁਛੋ। ਕਮਜੋਰ ਅਤੇ ਅਣਵਿਕਸਤ ਅੰਗਾਂ ਦੇ ਵਿਕਾਸ ਲੇਪ 100 ਪ੍ਰਤੀਸ਼ਤ ਕਾਮਯਾਬ ਹਨ।

ਵਿਦੇਸ਼ਾਂ ਵਿੱਚ ਦਵਾਈ ਭੇਜਣ ਦਾ ਖਾਸ ਪ੍ਰਬੰਧ ਹੈ।

ਸ਼ਹਿਨਸ਼ਾਹ ਦਵਾਖਾਨਾ (ਰਜਿ)

ਨੇੜੇ ਬੱਸ ਸਟੈਂਡ, ਜੰਲਧਰ, (ਪੰਜਾਬ) INDIA
USA : 786 528 0001 | INDIA : +91-98888 00060
Email us : harshbir.singh1313@gmail.com

FINANCIAL FREEDOM

REDUCE YOUR DEBT BY UP TO 60%

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਘਟਾਓ ਅਤੇ ਜਾਨ ਸੁਖੀ ਕਰੋ

✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ

ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ

WE WORK IN ALL 50 STATES & CANADA

ਅੱਜ ਹੀ ਸਾਨੂੰ ਕਾਲ ਕਰੋ!
1.888.888.9914

ooraa

RADIO GAL PUNJAB DI USA

LISTEN & SUPPORT
ਨਿਰਪੱਖ

ਰੇਡੀਓ ਗੱਲ ਪੰਜਾਬ ਦੀ ਯੂਐਸਏ

ਅਸੀਂ ਧਾਰਮਿਕ, ਰਾਜਨੀਤਿਕ, ਸਮਾਜਿਕ
ਅਤੇ ਸਮਾਜ ਦੇ ਹੋਰ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸਖਸ਼ੀਅਤਾਂ ਨੂੰ ਤੁਹਾਡੇ ਰੂਬਰੂ ਲੈ ਕੇ ਆਵਾਂਗੇ

001-510-541-7344
galpunjabdi1@gmail.com

www.radiogalpunjabdiusa.com

Download App From

STAFF/PARTNERS
NEEDED AROUND THE WORLD
ਕ੍ਰਿਪਾ ਕਰਕੇ ਸਾਡੇ ਨਾਲ ਜੁੜੇ ਰਹੋ, ਅਸੀਂ ਤੁਹਾਡੀ ਸਾਰੀਆਂ ਉਮੀਦਾਂ ਤੇ ਖਰੇ ਉਤਰਾਂਗੇ।

CALL TO LISTEN
USA : +1-563-999-3276
CAN : +1-867-675-1499
UK : +44-0330-606-1304
AUS : +61-028-080-5101

Free announcements for Religious, Political, and Social Events





PANNU'S
LEGAL SERVICES

G.S. Pannu
(Immigration Consultant, EDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu
(Owner)

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd.
FREMONT
CA-94538

3810 Eau Claire Ave, Ceres,
MODESTO/CERES
CA-95307

220 Bush St/Montgomery St, #445
SAN FRANCISCO
(OPPOSITE INDIA VISA CENTER)





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


BIKKAR BADSHAH
THATH ਵੱਖਰੇ
ENTERTAINMENT BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


HAPPY
VAISAKHI
SHER
ATTA
ਵਿਸਾਖੀ ਦੀਆਂ ਲੱਖ - ਲੱਖ ਵਧਾਈਆਂ
VAISAKHI
SALE
Visit your nearest
grocery store today
Limited
Time Offer
SHER
DURUM ATTA
DESI
STYLE
20 lb
9.07 kg
DESI
STYLE
www.sherbrarmills.com
SHER ATTA GHAR LAAO